Punjabi Parwaz

# ਪੰਜਾਬੀ ਪਰਵਾਜ਼

ਅੰਕ 67ਵਾਂ (ਸ਼ਿਕਾਗੋ): 6 ਦਸੰਬਰ ਤੋਂ 19 ਦਸੰਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਕੈਪਟਨ ਅਮਰਿੰਦਰ ਸਿੰਘ ਨੇ ਛੇੜੀ ਨਵੀਂ ਸਿਆਸੀ ਬਹਿਸ

***ਭਾਜਪਾ ਨੂੰ ਅਕਾਲੀ ਦਲ ਨਾਲ ਸਮਝੌਤਾ ਕਰਨ ਦੀ ਸਲਾਹ**



**ਪੰਜਾਬੀ ਪਰਵਾਜ਼ ਬਿਊਰੋ**

2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਈ ਸੀਨੀਅਰ ਲੀਡਰਾਂ ਨੇ ਹਿਲਜੁਲ ਕਰਨੀ ਸ਼ੁਰੂ ਕਰ ਦਿੱਤੀ ਹੈ। ਇਸ ਨੁਕਤੇ ਤੋਂ ਕੈਪਟਨ ਅਮਰਿੰਦਰ ਸਿੰਘ ਪਿਛਲੇ ਕੁਝ ਦਿਨਾਂ ਤੋਂ ਵਿਸ਼ੇਸ਼ ਤੌਰ 'ਤੇ ਸਰਗਰਮ ਵਿਖਾਈ ਦਿੰਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਇੰਡੀਆ ਟੂਡੇ ਚੈਨਲ ਨਾਲ ਹੋਈ ਇੱਕ ਲੰਮੀ ਗੱਲਬਾਤ ਵਿੱਚ ਕਿਹਾ ਕਿ ਭਾਜਪਾ 2027 ਵਿੱਚ ਜੇ ਸੱਤਾ ਵਿੱਚ ਆਉਣਾ ਚਾਹੁੰਦੀ ਹੈ ਤਾਂ ਉਸ ਨੂੰ ਅਕਾਲੀ ਦਲ ਨਾਲ ਸਮਝੌਤਾ ਕਰਨਾ ਹੀ ਪੈਣਾ ਹੈ। ਜੇ ਇਕੱਲਿਆਂ ਚੋਣਾਂ ਲੜਨੀਆਂ ਹਨ ਤਾਂ ਆਪਣੀ ਪਾਰਟੀ ਦਾ ਕਾਡਰ ਤਿਆਰ ਕਰਨਾ ਚਾਹੀਦਾ।

ਉਨ੍ਹਾਂ ਕਿਹਾ ਕਿ ਇਕੱਲਿਆਂ ਚੋਣਾਂ ਲੜ ਕੇ ਭਾਰਤੀ ਜਨਤਾ ਪਾਰਟੀ ਘੱਟੋ ਘੱਟ ਅਗਲੀਆਂ ਤਿੰਨ ਚੋਣਾਂ ਪੰਜਾਬ ਵਿੱਚ ਜਿੱਤ ਨਹੀਂ ਸਕਦੀ। ਆਪਣੀ ਪਾਰਟੀ ਨਾਲ ਮਤਭੇਦਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਮੈਂ ਆਪਣੀ ਪਾਰਟੀ ਪ੍ਰਤੀ ਵਫਦਾਰ ਹਾਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦਾ ਸਮਰਥਕ ਹਾਂ। ਫਿਰ ਵੀ ਉਨ੍ਹਾਂ ਨੇ ਦੱਬੀ ਜ਼ੁਬਾਨ ਵਿੱਚ ਗਿਲਾ ਜ਼ਾਹਰ ਕੀਤਾ ਕਿ ਪੰਜਾਬ ਬਾਰੇ ਕੋਈ ਫੈਸਲਾ ਕਰਨ ਵੇਲੇ ਪਾਰਟੀ ਲੀਡਰਸ਼ਿੱਪ ਨੂੰ ਇੱਥੇ ਵੱਸਦੇ ਲੋਕਾਂ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ; ਪਰ ਨਹੀਂ ਕੀਤਾ ਜਾ ਰਿਹਾ।

ਇੱਥੇ ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਵਿੱਚੋਂ ਭਾਜਪਾ ਵਿੱਚ ਆਏ ਇੱਕ ਹੋਰ ਵੱਡੇ ਲੀਡਰ ਅਤੇ ਹੁਣ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਕਾਫੀ ਸਮੇਂ ਤੋਂ ਇਹ ਕਹਿ ਰਹੇ ਹਨ, 'ਅਕਾਲੀ-ਭਾਜਪਾ ਸਮਝੌਤਾ ਹੋਣਾ ਚਾਹੀਦਾ ਹੈ।' ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਦਾ ਧਿਆਨ ਰੱਖਦਿਆਂ ਭਾਜਪਾ ਨੂੰ ਅਕਾਲੀਆਂ ਨਾਲ ਸਮਝੌਤਾ ਕਰਨਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਇੰਟਰਵਿਊ ਨਸ਼ਰ ਹੋਣ 'ਤੇ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਅਕਾਲੀ ਦਲ (ਬ) ਨਾਲ ਸਮਝੌਤੇ ਦੇ ਮੁੱਦੇ 'ਤੇ ਉਨ੍ਹਾਂ ਦੇ ਕੀ ਵਿਚਾਰ ਹਨ ਤਾਂ ਜਾਖੜ ਨੇ ਜਵਾਬ ਦਿੱਤਾ ਕਿ ਉਹ ਪਹਿਲਾਂ ਹੀ ਇਸ ਬਾਰੇ ਆਪਣੀ ਰਾਏ ਰੱਖ ਚੁੱਕੇ ਹਨ। ਅਕਾਲੀ-ਭਾਜਪਾ ਸਮਝੌਤੇ ਨੂੰ ਲੈ ਕਿ ਕਾਂਗਰਸ ਵਿੱਚੋਂ ਭਾਜਪਾ ਵਿੱਚ ਗਿਆ ਇੱਕ ਹੋਰ ਆਗੂ ਰਵਨੀਤ ਸਿੰਘ ਬਿੱਟੂ ਵਿਰੋਧ ਦਾ ਪੈਂਤੜਾ ਲਈ ਖੜ੍ਹਾ ਹੈ। ਉਨ੍ਹਾਂ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੂੰ ਅਕਾਲੀਆਂ ਵੱਲੋਂ ਬੀਤੇ ਵਿੱਚ ਕੀਤੀਆਂ ਗਈਆਂ ਗਲਤੀਆਂ ਦਾ ਭਾਰ ਨਹੀਂ ਚੁੱਕਣਾ ਚਾਹੀਦਾ। ਉਨ੍ਹਾਂ ਦਾ ਇਹ ਇਸ਼ਾਰਾ ਅਕਾਲੀ ਸਰਕਾਰ ਵੇਲੇ ਫੈਲਾਏ ਨਸ਼ਿਆਂ, ਬੇਅਦਬੀਆਂ ਅਤੇ ਵਿਗੜੀ ਅਮਨ ਕਨੂੰਨ ਦੀ ਸਥਿਤੀ ਬਾਰੇ ਸੀ। ਬਿੱਟੂ ਦੀ ਧਾਰਨਾ ਇਹ ਹੈ ਕਿ ਪਾਰਟੀ ਨੂੰ ਪੰਜਾਬ ਵਿੱਚ ਬਿਨਾ ਕਿਸੇ ਭਾਈਵਾਲ ਦੇ ਇਕੱਲਿਆਂ ਚੱਲਣਾ ਚਾਹੀਦਾ ਹੈ ਅਤੇ ਆਜ਼ਾਦ ਰੂਪ ਵਿੱਚ ਆਪਣਾ ਆਧਾਰ ਖੜ੍ਹਾ ਕਰਨਾ ਚਾਹੀਦਾ ਹੈ। ਭਾਜਪਾ ਦੀ ਸੀਨੀਅਰ ਲੀਡਰਸ਼ਿਪ ਦੀ ਵੀ ਇਸ ਮੁੱਦੇ 'ਤੇ ਸਪਸ਼ਟ ਪੁਜੀਸ਼ਨ ਨਹੀਂ ਹੈ। ਤਰਨਤਾਰਨ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪਾਰਟੀ ਲੀਡਰਸ਼ਿਪ ਦੀ ਦੁਬਿਧਾ ਹੋਰ ਵਧ ਗਈ ਹੈ।

ਇੱਧਰ ਅਕਾਲੀ ਸਫਾਂ ਵਿੱਚ ਵੀ ਏਕਾ ਨਹੀਂ ਹੈ। ਅੱਜ ਪੰਜਾਬ ਦੇ ਸਿੱਖ ਸਿਆਸੀ ਖੇਤਰ ਵਿੱਚ ਛੋਟੇ ਗਰੁੱਪਾਂ ਤੋਂ ਇਲਾਵਾ ਤਿੰਨ ਅਕਾਲੀ ਦਲ ਵਿਚਰ ਰਹੇ ਹਨ। ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਤੋਂ ਇਲਾਵਾ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ (ਪੁਨਰ ਸੁਰਜੀਤ) ਅਤੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ (ਵਾਰਸ ਪੰਜਾਬ ਦੇ)। ਅਕਾਲੀ ਸਫਾਂ ਵਿੱਚ ਪਈ ਇਹ ਫੁੱਟ ਵੀ ਭਾਰਤੀ ਜਨਤਾ ਪਾਰਟੀ ਦੇ ਸਮਝੌਤਾ ਕਰਨ ਦੇ ਰਾਹ ਵਿੱਚ ਅੜਿਕਾ ਬਣ ਰਹੀ ਹੈ। ਲਗਦਾ ਆ ਰਹੀਆਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਦੇ ਨਤੀਜੇ ਇਹ ਸਾਫ ਕਰਨ ਵਿੱਚ ਸਹਾਈ ਹੋਣਗੇ ਕਿ ਕਿਹੜਾ ਅਕਾਲੀ ਦਲ ਸਭ ਤੋਂ ਮਜਬੂਤ ਹੋ ਕੇ ਨਿਕਲਦਾ ਹੈ। ਜੇ ਸਾਧਨਾਂ ਅਤੇ ਕਾਡਰ ਦੇ ਪੱਖੋਂ ਵੇਖਣਾ ਹੋਵੇ ਤਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਹੀ ਭਾਰੂ ਵਿਖਾਈ ਦਿੰਦਾ ਹੈ। ਤਰਨਤਾਰਨ ਜ਼ਿਮਨੀ ਚੋਣ ਨੇ ਇਹ ਸਾਬਤ ਵੀ ਕੀਤਾ ਹੈ। ਫਿਰ ਵੀ ਸਿੱਖ ਭਾਈਚਾਰੇ ਵਿੱਚ ਅਕਾਲੀ ਦਲ ਦੀ ਸੰਪੂਰਨ ਪ੍ਰਵਾਨਗੀ ਦਾ ਮਸਲਾ ਹਾਲੇ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਸੁਖਬੀਰ ਬਾਦਲ ਨੇ 2 ਦਸੰਬਰ ਨੂੰ ਅਕਾਲ ਤਖਤ ਸਾਹਿਬ ਤੋਂ ਲੱਗੀ ਤਨਖਾਹ ਵੀ ਮੁਕੰਮਲ ਤੌਰ 'ਤੇ ਨਹੀਂ ਭੁਗਤੀ ਹੈ। ਇਸ ਕਰਕੇ ਬਹੁਤੇ ਸਿੱਖ ਹਲਕੇ ਹਾਲੇ ਵੀ ਅਕਾਲੀ ਦਲ (ਬਾਦਲ) ਤੋਂ ਦੂਰੀ ਬਣਾ ਕੇ ਰੱਖ ਰਹੇ ਹਨ; ਪਰ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਦੀ ਬੱਝਵੀਂ ਸਰਗਰਮੀ ਅਤੇ ਹੜ੍ਹਾਂ ਵਿੱਚ ਲੋਕਾਂ ਦੀ

⇒ ਬਾਕੀ ਸਫਾ 7 ਉਤੇ ਪੜ੍ਹੋ

## ਕੰਚਨਪ੍ਰੀਤ ਮਾਮਲੇ 'ਚ 'ਆਪ' ਸਰਕਾਰ ਦੀ ਫਜੀਹਤ

***ਸਾਰੇ ਕੇਸਾਂ ਵਿੱਚ ਜ਼ਮਾਨਤ ਮਿਲੀ *ਲੀਡਰ ਬਣ ਕੇ ਉਭਰੀ ਕੰਚਨਪ੍ਰੀਤ ਕੌਰ***

**ਜਸਵੀਰ ਸਿੰਘ ਸ਼ੀਰੀ**



ਕੰਚਨਪ੍ਰੀਤ ਕੌਰ

ਹਾਲ ਹੀ ਵਿੱਚ ਹੋਈ ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਵੱਲੋਂ ਉਮੀਦਵਾਰ ਬਣੀ ਅਤੇ ਦੂਜੇ ਸਥਾਨ 'ਤੇ ਰਹੀ ਬੀਬੀ ਸੁਖਵਿੰਦਰ ਕੌਰ ਦੀ ਬੇਟੀ ਕੰਚਨਪ੍ਰੀਤ ਕੌਰ ਇਨ੍ਹੀਂ ਦਿਨੀਂ ਕਾਫੀ ਚਰਚਾ ਵਿੱਚ ਹੈ। ਇਸ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਨੇ ਜਿਸ ਤਰ੍ਹਾਂ 'ਆਪ' ਉਮੀਦਵਾਰ ਦਾ ਪਿੱਛਾ ਕੀਤਾ ਹੈ, ਉਸ ਨੇ ਆਮ ਆਦਮੀ ਪਾਰਟੀ ਲਈ ਇਹ ਖਦਸ਼ਾ ਖੜ੍ਹਾ ਕਰ ਦਿੱਤਾ ਹੈ ਕਿ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦਾ ਤਿਲਕਵਾਂ ਵੋਟ ਆਧਾਰ ਖੁੱਸ ਵੀ ਸਕਦਾ ਹੈ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਇਸੇ ਕਰਕੇ ਪੰਜਾਬ ਸਰਕਾਰ ਆਪਣੇ ਵੋਟ ਬੇਸ ਬਾਰੇ ਪੰਜਾਬ ਵਿੱਚ ਇੱਕ ਸਰਵੇਖਣ ਕਰਵਾ ਰਹੀ ਹੈ।

ਜਿੱਥੋਂ ਤੱਕ ਕੰਚਨਪ੍ਰੀਤ ਦੇ ਮਸਲੇ ਦਾ ਸੁਆਲ ਹੈ, ਇਸ ਨੇ ਸਰਕਾਰ ਦੀ ਭੁਰਪੁਰੀ (ਫਰੇਜ਼ਾਈਲ) ਹਾਲਤ ਨੂੰ ਨਸ਼ਰ ਕਰ ਦਿੱਤਾ ਹੈ। ਜਦੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਤਰਨਤਾਰਨ ਚੋਣ ਜਿੱਤ ਹੀ ਲਈ ਸੀ ਤਾਂ ਕੰਚਨਪ੍ਰੀਤ ਦੇ ਖਿਲਾਫ ਕੇਸ ਕਰਨ ਦੀ ਕੋਈ ਲੋੜ ਸੀ? ਪਰ ਲਗਦਾ ਹੈ, ਸਥਾਨਕ ਸਿਆਸਤ ਇਸ ਮਾਮਲੇ ਵਿੱਚ ਭਾਰੂ ਹੋ ਗਈ ਅਤੇ ਬਦਲਾਖੋਰੀ ਦੀ ਸਿਆਸਤ ਵਿੱਚ ਉਲਝ ਗਈ ਹੈ। ਤਰਨਤਾਰਨ ਵਿੱਚ ਅਕਾਲੀ ਉਮੀਦਵਾਰ ਬੀਬੀ ਸੁਖਵਿੰਦਰ ਕੌਰ ਦੇ ਬਜ਼ੁਰਗ ਹੋਣ ਕਾਰਨ ਉਨ੍ਹਾਂ ਦੀ ਚੋਣ ਮੁਹਿੰਮ ਦਾ ਸਾਰਾ ਕਾਰਜਭਾਰ ਬੇਟੀ ਕੰਚਨਪ੍ਰੀਤ ਕੌਰ ਨੇ ਹੀ ਸੰਭਾਲਿਆ ਸੀ। 'ਆਪ' ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਅੰਦਰ ਇਹ ਭੈਅ ਕਰ ਗਿਆ ਲਗਦਾ ਹੈ ਕਿ ਜੇ ਇਹ ਕੁੜੀ ਇਸੇ ਤਰ੍ਹਾਂ ਸਿਆਸੀ ਖੇਤਰ ਵਿੱਚ ਵਿਚਰਦੀ ਰਹੀ ਤਾਂ ਉਹਦੇ ਲਈ ਸਮੱਸਿਆ ਬਣ ਸਕਦੀ ਹੈ।

ਯਾਦ ਰਹੇ, ਬੀਬੀ ਸੁਖਵਿੰਦਰ ਕੌਰ ਦੇ ਪਤੀ ਅਤੇ ਕੰਚਨਪ੍ਰੀਤ ਕੌਰ ਦੇ ਪਿਤਾ ਧਰਮੀ ਫੌਜੀਆਂ ਵਿੱਚੋਂ ਸਨ ਅਤੇ ਹੁਣ ਉਹ ਇਸ ਸੰਸਾਰ ਵਿੱਚ ਨਹੀਂ ਹਨ। ਕੰਚਨਪ੍ਰੀਤ

⇒ ਬਾਕੀ ਸਫਾ 2 ਉਤੇ ਪੜ੍ਹੋ






# ਇਮਰਾਨ ਖ਼ਾਨ ਨੂੰ ਮਾਨਸਿਕ ਤਸੀਹੇ!

## ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਹਾਲਤ ਬਾਰੇ ਰਹੱਸ ਬਰਕਰਾਰ

**ਪੰਜਾਬੀ ਪਰਵਾਜ਼ ਬਿਊਰੋ**

ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਮੁਖੀ ਅਤੇ ਸਾਬਕਾ ਕ੍ਰਿਕਟ ਖਿਡਾਰੀ ਇਮਰਾਨ ਖਾਨ ਦੀ ਹਾਲਤ ਬਾਰੇ ਰਹੱਸ ਹਾਲੇ ਵੀ ਬਣਿਆ ਹੋਇਆ ਹੈ। ਭਾਵੇਂ ਕਿ ਖੁਦ ਪੀ.ਟੀ.ਆਈ. ਦੇ ਆਗੂਆਂ ਤੇ ਸਰਕਾਰੀ ਸੂਤਰਾਂ ਦਾ ਆਖਣਾ ਹੈ ਕਿ ਇਮਰਾਨ ਖ਼ਾਨ ਬਿਲਕੁਲ ਤੰਦਰੁਸਤ ਹੈ ਅਤੇ ਜੇਲ੍ਹ ਵਿੱਚ ਉਸ ਦੀ ਸਿਹਤ, ਖੁਰਾਕ ਤੇ ਰਿਹਾਇਸ਼ ਦਾ ਹਰ ਪੱਖੋਂ ਖਿਆਲ ਰੱਖਿਆ ਜਾ ਰਿਹਾ ਹੈ। ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਦੇ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਮਰਾਨ ਖਾਨ ਦੀ ਭੈਣ ਅਲੀਮਾ ਖਾਨਮ ਨੇ ਉਸ ਨਾਲ ਜੇਲ੍ਹ ਵਿੱਚ ਮੁਲਾਕਾਤ ਕੀਤੀ। ਲਗਭਗ 27 ਦਿਨਾਂ ਬਾਅਦ ਇਹ ਮੁਲਾਕਾਤ ਸੰਭਵ ਹੋ ਸਕੀ। ਕੋਈ ਵੀਹ ਮਿੰਟ ਮੁਲਾਕਾਤ ਚੱਲੀ। ਅਲੀਮਾ ਖਾਨਮ ਨੇ ਦੱਸਿਆ ਕਿ ਇਮਰਾਨ ਸਰੀਰਕ ਤੌਰ 'ਤੇ ਤੰਦਰੁਸਤ ਹਨ, ਪਰ ਉਨ੍ਹਾਂ ਨੂੰ ਮਾਨਸਿਕ ਤਸੀਹੇ ਦਿੱਤੇ ਜਾ ਰਹੇ ਹਨ।

ਯਾਦ ਰਹੇ, ਪਿਛਲੇ 2 ਸਾਲ ਤੋਂ ਇਮਰਾਨ ਖਾਨ ਤੇ ਉਸ ਦੀ ਪਤਨੀ ਬੁਸ਼ਰਾ ਬੀਬੀ ਨੂੰ ਪਾਕਿਸਤਾਨੀ ਹਕੂਮਤ ਨੇ ਜੇਲ੍ਹ ਵਿੱਚ ਰੱਖਿਆ ਹੋਇਆ ਹੈ ਅਤੇ ਲੰਘੇ ਕੋਈ ਚਾਰ ਹਫਤਿਆਂ ਤੋਂ ਉਹਦੇ ਵਕੀਲਾਂ ਤੇ ਭੈਣਾਂ ਸਮੇਤ ਕਿਸੇ ਨੂੰ ਵੀ ਮਿਲਣ ਨਹੀਂ ਦਿੱਤਾ ਜਾ ਰਿਹਾ। ਅਦਿਆਲਾ ਜੇਲ੍ਹ ਦੇ ਸਾਹਮਣੇ ਧਰਨਾ ਦੇ ਰਹੀਆਂ ਇਮਰਾਨ ਖਾਨ ਦੀ ਭੈਣਾਂ ਵਿੱਚੋਂ ਅਲੀਮਾ ਖਾਨਮ ਦੀ ਸੁਰੱਖਿਆ ਦਸਤਿਆਂ ਨੇ ਜ਼ਬਰਦਸਤ ਕੁੱਟ ਮਾਰ ਕੀਤੀ ਸੀ। ਅੱਧੀ ਰਾਤ ਵੇਲੇ ਜੇਲ੍ਹਾਂ ਦੀਆਂ ਬਾਹਰਲੀਆਂ ਬੱਤੀਆਂ ਬੁਝਾ ਕੇ ਜੇਲ੍ਹ ਦੇ ਬਾਹਰ ਧਰਨਾ ਦੇ ਰਹੇ ਇਮਾਰਨ ਖਾਨ ਦੇ ਰਿਸ਼ਤੇਦਾਰਾਂ ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਵਰਕਰਾਂ 'ਤੇ ਹਮਲਾ ਕਰ ਦਿੱਤਾ ਗਿਆ ਸੀ।

ਪਾਕਿਸਤਾਨ ਦੀਆਂ 2024 ਵਿੱਚ ਹੋਈਆਂ ਆਮ ਚੋਣਾਂ ਵਿੱਚ ਇਮਰਾਨ ਖਾਨ ਦੀ ਪਾਰਟੀ ਨੇ ਵੱਡੀ ਲੀਡ ਹਾਸਲ ਕੀਤੀ ਸੀ, ਇਸ ਦੇ ਬਾਵਜੂਦ ਮੁਸਲਿਮ ਲੀਗ, ਪਾਕਿਸਤਾਨ ਪੀਪਲ ਪਾਰਟੀ ਅਤੇ ਫੌਜ ਦੀ ਮੱਦਦ ਨਾਲ ਇਮਰਾਨ ਦੀ ਪਾਰਟੀ ਨੂੰ ਸੱਤਾ ਤੋਂ ਮਰਹੂਮ ਰੱਖਿਆ ਗਿਆ। ਮਹੀਨਾ ਕੁ ਪਹਿਲਾਂ ਤੱਕ ਮੰਗਲਵਾਰ ਤੇ ਵੀਰਵਾਰ ਵਾਲੇ ਦਿਨ ਇਮਰਾਨ ਨੂੰ ਉਨ੍ਹਾਂ ਦੇ ਵਕੀਲਾਂ ਅਤੇ ਰਿਸ਼ਤੇਦਾਰਾਂ ਨਾਲ ਮਿਲਣ ਦਿੱਤਾ ਜਾ ਰਿਹਾ ਸੀ, ਪਰ ਪਿਛਲੇ ਚਾਰ ਹਫਤੇ ਤੋਂ ਉਨ੍ਹਾਂ ਨੂੰ ਕਿਸੇ ਨੂੰ ਨਹੀਂ ਮਿਲਣ ਦਿੱਤਾ ਗਿਆ। ਇਸ ਦਰਮਿਆਨ ਅਫਗਾਨਿਸਤਾਨ ਦੇ ਇੱਕ ਅਖ਼ਬਾਰ ਵਿੱਚ ਇਹ ਖ਼ਬਰ ਛਪੀ ਕਿ ਇਮਰਾਨ ਨੂੰ ਜੇਲ੍ਹ ਵਿੱਚ ਤਸ਼ੱਦਦ ਕਰਕੇ ਮਾਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਇਹ ਮਾਮਲਾ ਭਾਰਤੀ ਚੈਨਲਾਂ ਨੇ ਰੱਜ ਕੇ ਉਛਾਲਿਆ। ਪਰ ਨਾ ਤੇ ਅਦਿਆਲਾ ਜੇਲ੍ਹ ਦੇ ਅਧਿਕਾਰੀਆਂ ਨੇ ਇਨ੍ਹਾਂ ਖ਼ਬਰਾਂ ਦੀ ਕੋਈ ਪੁਸ਼ਟੀ ਕੀਤੀ ਅਤੇ ਨਾ ਹੀ ਪਾਕਿਸਤਾਨ ਸਰਕਾਰ ਵੱਲੋਂ ਕੁਝ ਕਿਹਾ ਗਿਆ। ਅਦਿਆਲਾ ਜੇਲ੍ਹ ਦੇ ਅਧਿਕਾਰੀਆਂ ਵੱਲੋਂ ਸਗੋਂ ਇਹ ਕਿਹਾ ਜਾ ਰਿਹਾ ਹੈ ਕਿ ਇਮਰਾਨ ਸਹੀ ਸਲਾਮਤ ਹੈ ਅਤੇ ਉਸ ਨੂੰ ਇੱਕ ਸਾਬਤ ਦੇਸੀ ਮੁਰਗਾ ਹਰ ਰੋਜ਼ ਖਾਣ ਨੂੰ ਦਿੱਤਾ ਜਾ ਰਿਹਾ ਹੈ। ਅਦਿਆਲਾ ਜੇਲ੍ਹ ਦੇ ਦੁਆਲੇ ਇਕੱਠੇ ਹੋਏ ਪਾਰਟੀ ਦੇ ਕਾਰਕੁੰਨਾਂ, ਆਗੂਆਂ ਅਤੇ ਰਿਸ਼ਤੇਦਾਰਾਂ ਵਿੱਚੋਂ ਕਿਸੇ ਨੂੰ ਵੀ ਇਮਰਾਨ ਦੀ ਝਲਕ ਨਹੀਂ ਦਿਖਾਈ ਗਈ। ਪਾਰਟੀ ਆਗੂ ਅਤੇ ਇਮਾਰਨ ਖਾਨ ਦੀਆਂ ਏਥੇ ਬੈਠੀਆਂ ਤਿੰਨ ਭੈਣਾਂ ਮੰਗ ਕਰ ਰਹੀਆਂ ਸਨ ਕਿ ਸਾਨੂੰ ਸਹੀ ਸਲਾਮਤ ਇਮਰਾਨ ਦੀ ਕੋਈ ਵੀਡੀਓ ਵਗੈਰਾ ਹੀ ਵਿਖਾ ਦਿੱਤੀ ਜਾਵੇ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਇਸ ਦੌਰਾਨ ਆਪਣੇ ਨਿੱਜੀ ਦੌਰੇ ਉੱਤੇ ਬਰਤਾਨੀਆਂ ਚਲੇ ਗਏ ਹਨ।

*ਇਮਰਾਨ ਦੀਆਂ ਭੈਣਾਂ ਦੀ ਪੁਲਿਸ ਵੱਲੋਂ ਕੁੱਟਮਾਰ

*ਪਾਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਬਰਤਾਨੀਆ ਵਿੱਚ



■ਇਮਰਾਨ ਖਾਨ ਦਾ ਇੱਕ ਹਮਾਇਤੀ ਉਸ ਦੀ ਤਸਵੀਰ ਨੂੰ ਚੁੰਮਦਾ ਹੋਇਆ

ਯਾਦ ਰਹੇ, ਪਿਛਲੇ ਸਾਲ ਹੋਈਆਂ ਆਮ ਚੋਣਾਂ ਵਿੱਚ ਪਾਕਿਸਤਾਨੀ ਚੋਣ ਪ੍ਰਬੰਧਕਾਂ 'ਤੇ ਵੋਟਾਂ ਦੇ ਮਾਮਲੇ ਵਿੱਚ ਸ਼ਰੇਆਮ ਵੱਡੀ ਘਪਲੇਬਾਜ਼ੀ ਕਰਨ ਦੇ ਦੋਸ਼ ਲੱਗੇ ਸਨ। ਕੁਝ ਸੀਨੀਅਰ ਅਫਸਰਾਂ ਨੇ ਇਸ ਕਾਰਨ ਨੌਕਰੀਆਂ ਵੀ ਛੱਡੀਆਂ ਸਨ। ਸਰਕਾਰੀ ਧੱਕੇ ਦੇ ਬਾਵਜੂਦ ਪੀ.ਟੀ.ਆਈ. ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਸੀ। ਇਮਾਰਨ ਖਾਨ ਦੀ ਪਾਰਟੀ ਵੱਲੋਂ ਇਸ ਘਪਲੇਬਾਜ਼ੀ ਖ਼ਿਲਾਫ ਵੱਡੇ ਪ੍ਰਦਰਸ਼ਨ ਵੀ ਕੀਤੇ ਗਏ ਸਨ। ਪੀ.ਟੀ.ਆਈ. ਵੱਲੋਂ ਫੌਜ ਅਤੇ ਦੂਜੀਆਂ ਦੋ ਪਾਰਟੀਆਂ 'ਤੇ ਚੋਣਾਂ ਹਾਈਜੈਕ ਕਰਨ ਦੇ ਇਲਜ਼ਾਮ ਵੀ ਲਾਏ ਗਏ। ਪਰ ਬਾਅਦ ਵਿੱਚ ਇਮਰਾਨ ਖਾਨ ਦੀ ਪਾਰਟੀ ਅਤੇ ਉਸ ਦੇ ਕਾਰਕੁੰਨਾਂ ਦੀ ਆਵਾਜ਼ ਦਬ ਕੇ ਰਹਿ ਗਈ। ਇਸੇ ਸਾਲ 30 ਸਤੰਬਰ ਨੂੰ ਕਾਮਨਵੈਲਥ ਮੁਲਕਾਂ ਦੇ ਚੋਣ ਅਬਜ਼ਰਵਰਾਂ ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਨੇ ਵੀ ਇਹ ਮੰਨਿਆ ਹੈ ਕਿ ਕੁਝ ਘਟਨਾਵਾਂ ਇਸ ਕਿਸਮ ਦੀਆਂ ਵਾਪਰੀਆਂ ਹਨ, ਜਿਨ੍ਹਾਂ ਕਾਰਨ ਲਗਦਾ ਹੈ ਕਿ ਚੋਣ ਅਮਲ ਪਾਰਦਰਸ਼ੀ ਅਤੇ ਨਿਰਪੱਖ ਨਹੀਂ ਸੀ।

ਕਾਮਨਵੈਲਥ ਅਬਜ਼ਰਵਰ ਗਰੁੱਪ ਨੇ ਆਪਣੇ ਬਿਆਨ ਵਿੱਚ ਕਿਹਾ ਕਿ, "ਹੋਰ ਗੱਲਾਂ ਦੇ ਨਾਲ-ਨਾਲ ਚੋਣ ਅਮਲ ਦੌਰਾਨ ਮਨੁੱਖੀ ਬੁਨਿਆਦੀ ਅਧਿਕਾਰਾਂ ਨੂੰ ਸੀਮਤ ਕਰਨ ਦੀਆਂ ਕੋਸ਼ਿਸ਼ਾਂ ਨੇ ਕਿਸੇ ਪਾਰਟੀ ਵੱਲੋਂ ਨਿਰਪੱਖ ਚੋਣਾਂ ਲੜਨ ਦੀ ਸਮਰੱਥਾ ਨੂੰ ਸੀਮਤ ਕਰ ਦਿੱਤਾ ਸੀ। ਇਸ ਤੋਂ ਇਲਾਵਾ ਇਹ ਵੀ ਸਵਾਲ ਉਠਾਇਆ ਗਿਆ ਕਿ ਚੋਣਾਂ ਵਾਲੀ ਰਾਤ ਨੂੰ ਮੋਬਾਈਲ ਸੇਵਾਵਾਂ ਬੰਦ ਕਿਉਂ ਕਰ ਦਿੱਤੀਆਂ ਗਈਆਂ ਸਨ? ਇਸ ਨਾਲ ਪਾਰਦਰਸ਼ਤਾ ਅਤੇ ਨਤੀਜਿਆਂ 'ਤੇ ਅਸਰ ਪਿਆ।"

ਯਾਦ ਰਹੇ, ਪਾਕਿਸਤਾਨੀ ਚੋਣ ਕਮਿਸ਼ਨ ਵੱਲੋਂ ਚੋਣ ਅਮਲ ਦੀ ਨਿਰਪੱਖਤਾ ਯਕੀਨੀ ਬਣਾਉਣ ਲਈ ਵੋਟ ਅਮਲ ਸਮੇਂ ਨਿਰਪੱਖ ਕਾਮਨਵੈਲਥ ਅਬਜ਼ਰਵਰਾਂ ਨੂੰ ਚੋਣ ਨਿਰੀਖਕ ਵਜੋਂ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ ਗਿਆ ਸੀ। ਇੱਥੇ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਇਮਰਾਨ ਖਾਨ ਸਮੇਂ ਆਪਣੇ ਵਿਕਾਸ ਨੂੰ ਅੱਗੇ ਤੋਰਨ ਲਈ ਪਾਕਿ ਦਾ ਚੀਨ ਵੱਲ ਝੁਕਾਅ ਵਧ ਗਿਆ ਸੀ, ਜਿਸ ਕਾਰਨ ਪੱਛਮੀ ਦੇਸ਼ ਖਾਸ ਕਰਕੇ ਅਮਰੀਕਾ ਅਤੇ ਯੂਰਪ ਵਾਲੇ ਇਮਰਾਨ ਦੇ ਹੱਕ ਵਿੱਚ ਨਹੀਂ ਹਨ; ਜਦਕਿ ਪਾਕਿਸਤਾਨੀ ਫੌਜ ਦੇ ਮੁਖੀ ਅਸੀਮ ਮੁਨੀਰ ਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਖਾਸੀ ਨੇੜਤਾ ਹੈ। ਇੱਕ ਪੱਖ ਇਹ ਵੀ ਹੈ ਕਿ ਇਮਾਰਨ ਨੇ ਆਪਣੇ ਰਾਜਕਾਲ ਵੇਲੇ ਅਸੀਮ ਮੁਨੀਰ ਨੂੰ ਆਈ.ਐਸ.ਆਈ. ਦਾ ਮੁਖੀ ਨਿਯੁਕਤ ਕੀਤਾ ਸੀ, ਪਰ ਆਪਣੀ ਪਤਨੀ ਦੀ ਜਾਸੂਸੀ ਕਰਨ ਬਦਲੇ ਉਸ ਨੂੰ ਅੱਠ ਕੁ ਮਹੀਨੇ ਬਾਅਦ ਇਸ ਅਹੁਦੇ ਤੋਂ ਹਟਾ ਦਿੱਤਾ ਸੀ। ਇਸੇ ਕਾਰਨ ਇੱਕ ਨਿੱਜੀ ਰੰਜਿਸ਼ ਵੀ ਦੋਹਾਂ ਵਿਚਕਾਰ ਚੱਲ ਰਹੀ ਹੈ। ਭਾਰਤੀ ਫੌਜ ਦੇ ਮੁਖੀ ਰਹੇ ਇੱਕ ਪੰਜਾਬੀ ਜਨਰਲ ਨੇ ਕਿਹਾ ਕਿ ਉਂਝ ਤੇ ਪਾਕਿਸਤਾਨ ਵਿੱਚ ਕੁਝ ਵੀ ਹੋ ਸਕਦਾ ਹੈ, ਪਰ ਇਮਾਰਨ ਖ਼ਾਨ ਕਿਉਂਕਿ ਬਹੁਤ ਵੱਡੀ ਸ਼ਖਸੀਅਤ ਹਨ, ਇਸ ਲਈ ਉਨ੍ਹਾਂ ਖ਼ਿਲਾਫ ਕੋਈ ਜਾਨਲੇਵਾ ਕਦਮ ਚੁਕਣਾ ਸੌਖਾ ਨਹੀਂ। "ਇਮਰਾਨ ਕੌਮਾਂਤਰੀ ਪੱਧਰ 'ਤੇ ਵੀ ਅਤੇ ਪਾਕਿਸਤਾਨ ਦੇ ਲੋਕਾਂ ਵਿੱਚ ਵੀ ਮਕਬੂਲ ਹੈ। ਇਸ ਲਈ ਜਾਨੀ ਨੁਕਸਾਨ ਪਹੁੰਚਾ ਸਕਣ ਵਾਲੀ ਹਾਲਤ ਨਹੀਂ ਲਗਦੀ; ਪਰ ਜੇ ਇਮਰਾਨ ਦੀ ਥਾਂ ਕੋਈ ਹੋਰ ਵਿਅਕਤੀ ਇਸ ਸ਼ਿਕੰਜੇ ਵਿੱਚ ਆਇਆ ਹੁੰਦਾ ਤਾਂ ਅਸੀਮ ਮੁਨੀਰ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ।"

ਇਸ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਨੂੰ ਇਮਾਰਨ ਖਾਨ ਨੇ ਖੁਦ ਹੀ ਖੜ੍ਹੀ ਕੀਤਾ ਹੈ। ਪਾਕਿਸਤਾਨ ਵਰਗੇ ਮੁਲਕ ਵਿੱਚ ਨਵੀਂ ਪਾਰਟੀ ਖੜ੍ਹੀ ਕਰਨਾ ਅਤੇ ਫਿਰ ਉਸ ਨੂੰ ਸੱਤਾ ਵਿੱਚ ਲੈ ਆਉਣਾ ਅਸਾਨ ਨਹੀਂ ਹੈ। ਇਹ ਕੰਮ ਇਮਰਾਨ ਖਾਨ ਵਰਗਾ ਮਾਲਦਾਰ ਬੰਦਾ ਹੀ ਕਰ ਸਕਦਾ ਸੀ। ਇਸ ਲਈ ਪਾਕਿਸਤਾਨ ਚੀਫ-ਆਫ-ਆਰਮੀ ਸਟਾਫ ਅਸੀਮ ਮੁਨੀਰ ਦਾ ਪੰਗਾ ਕਸੂਤੇ ਥਾਂ ਪਿਆ ਹੋਇਆ ਹੈ। ਇਹ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲਾ ਹਿਸਾਬ ਹੈ, ਖਾਂਦਾ ਕੋਹੜੀ, ਛੱਡਦਾ ਕਲੰਕੀ। ਇਮਾਰਨ ਖਾਨ ਜੇ ਇਸ ਸੰਕਟ ਵਿੱਚੋਂ ਬਚ ਨਿਕਲਦਾ ਹੈ ਤਾਂ ਪਾਕਿਸਤਾਨ ਵਿੱਚ ਜਮਹੂਰੀ ਅਮਲ ਦੇ ਕੁਝ ਅੱਗੇ ਵਧਣ ਦੀ ਆਸ ਕੀਤੀ ਜਾ ਸਕਦੀ ਹੈ। ਇਹ ਖੁਦ ਪਾਕਿਸਤਾਨ ਦੇ ਆਮ ਅਵਾਮ ਲਈ ਵੀ ਚੰਗਾ ਹੋਵੇਗਾ ਅਤੇ ਹਿੰਦੁਸਤਾਨ ਤੇ ਹੋਰ ਗੁਆਂਢੀ ਮੁਲਕਾਂ ਲਈ ਵੀ। ਪਾਕਿਸਤਾਨ ਦੀ ਫੌਜੀ ਤੇ ਸਿਵਲ ਅਫਸਰਸ਼ਾਹੀ ਅਤੇ ਸਿਆਸੀ ਜਮਾਤ ਹੀ ਦੇਸ਼ ਦੇ ਸਾਰੇ ਸੋਮਿਆਂ 'ਤੇ ਕਬਜ਼ਾ ਕਰੀ ਬੈਠੇ ਹਨ; ਤੇ ਆਮ ਲੋਕਾਂ ਨੂੰ ਧਾਰਮਿਕ ਕੱਟੜਤਾ ਦੇ ਨਸ਼ੇ ਵਿੱਚ ਬੇਸੁਰਤ ਕਰੀ ਰੱਖਦੇ ਹਨ। ਹੁਣ ਤੇ ਅਸੀਮ ਮੁਨੀਰ ਨੇ ਪਾਕਿਸਤਾਨੀ ਸੁਪਰੀਮ ਕੋਰਟ ਦੇ ਸਮਾਨੰਤਰ ਇੱਕ ਫੈਡਰਲ ਸੁਪਰੀਮ ਕੋਰਟ ਬਣਾ ਦਿੱਤੀ ਹੈ। ਇਸ ਤੋਂ ਇਲਾਵਾ ਦੇਸ਼ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਾਲੀ ਜੋ ਨਵੀਂ ਕਮੇਟੀ ਬਣਾਈ ਗਈ ਹੈ, ਉਸ ਦਾ ਮੁਖੀ ਵੀ ਖੁਦ ਆਪ ਹੀ ਬਣ ਗਿਆ ਹੈ।

ਦੂਜੇ ਪਾਸੇ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਇਮਾਰਨ ਦੀਆਂ ਭੈਣਾਂ ਨੂੰ ਆਪਣੇ ਭਰਾ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਇਮਾਰਨ ਦੀ ਤੀਜੀ ਪਤਨੀ ਬੁਸ਼ਰਾ ਬੀਬੀ ਨੂੰ ਵੀ ਪਿਛਲੇ ਤਕਰੀਬਨ ਇੱਕ ਮਹੀਨੇ ਤੋਂ ਕਿਸੇ ਨੂੰ ਮਿਲਣ ਨਹੀਂ ਦਿੱਤਾ ਗਿਆ। ਇਹ ਔਰਤ ਪਾਕਿਸਤਾਨੀ ਪੰਜਾਬ ਦੀ ਰਹਿਣ ਵਾਲੀ ਹੈ, ਜਦਕਿ ਇਮਾਰਨ ਖਾਨ ਖੁਦ ਪਠਾਣ ਪਿਛੋਕੜ ਵਿੱਚੋਂ ਹੈ। ਇਹ ਇੱਕ ਤਰ੍ਹਾਂ ਨਾਲ ਪਠਾਣਾਂ ਅਤੇ ਪੰਜਾਬੀ ਮੁਸਲਮਾਨਾਂ ਵਿਚਕਾਰ ਲੜਾਈ ਵੀ ਹੈ। ਅਫਗਾਨਿਸਤਾਨ ਲਗਦੇ ਸੂਬੇ ਖੈਬਰ ਪਖਤੂਨਵਾ ਵਿੱਚ ਇਮਾਰਨ ਦੀ ਪਾਰਟੀ ਹੀ ਸੱਤਾ ਵਿੱਚ ਹੈ ਅਤੇ ਉਸ ਦੇ ਮੁੱਖ ਮੰਤਰੀ ਨੂੰ ਵੀ ਇਮਰਾਨ ਖਾਨ ਨੂੰ ਮਿਲਣ ਨਹੀਂ ਦਿੱਤਾ ਗਿਆ। ਇਮਾਰਨ ਦੀਆਂ ਤਿੰਨੋ ਭੈਣਾਂ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਦੇ ਬਾਹਰ ਧਰਨਾ ਲਾਈਂ ਬੈਠੀਆਂ ਸਨ। ਉਨ੍ਹਾਂ ਦਾ ਆਖਣਾ ਸੀ ਕਿ ਜੇ ਇਮਰਾਨ ਖਾਨ ਦਾ ਜੇਲ੍ਹ ਵਿੱਚ ਵਾਲ ਵੀ ਵਿੰਗਾ ਹੋਇਆ ਤਾਂ ਪਾਕਿਸਤਾਨ ਵਿੱਚ ਤਰਥੱਲੀ ਮੱਚ ਜਾਵੇਗੀ। ਫਿਰ ਨਾ ਪਾਕਿ ਫੌਜ ਬਚੇਗੀ, ਨਾ ਸਰਕਾਰ; ਕਿਉਂਕਿ ਇਮਰਾਨ ਕੋਲ ਇੱਕ ਵੱਡੀ ਕਾਡਰ ਆਧਾਰਤ ਕੌਮੀ ਪਾਰਟੀ ਹੈ, ਜਿਹੜੀ ਗਲੀਆਂ ਬਾਜ਼ਾਰਾਂ ਅਤੇ ਸੜਕਾਂ 'ਤੇ ਉਤਰਨ ਦੀ ਤਾਕਤ ਰੱਖਦੀ ਹੈ।

ਇਮਾਰਨ ਦੀ ਹਾਲਤ ਕੀ ਹੈ? ਇਸ ਦਾ ਸੱਚ ਬਹੁਤੇ ਦਿਨ ਲਕੋਇਆ ਨਹੀਂ ਜਾ ਸਕਦਾ; ਕਿਉਂਕਿ ਇੱਕ ਕੌਮਾਂਤਰੀ ਦਬਾਅ ਵੀ ਪਾਕਿਸਤਾਨੀ ਹਕੂਮਤ 'ਤੇ ਬਣ ਰਿਹਾ ਹੈ। ਉਹ ਕਿਸੇ ਵੀ ਕਰਵਟ ਬੈਠ ਸਕਦਾ ਹੈ, ਕਿਉਂਕਿ ਪਾਕਿਸਤਾਨ ਵਿੱਚ ਜਰਨੈਲਾਂ ਵੱਲੋਂ ਸਿਆਸਤਦਾਨਾਂ ਨੂੰ ਫਾਹੇ ਲਾਉਣ ਦੀ ਰੀਤ ਮੌਜੂਦ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹੇ ਜ਼ੁਲਫਿਕਾਰ ਅਲੀ ਭੁੱਟੋ ਨੂੰ ਆਪੂੰ ਬਣਾਏ ਫੌਜ ਦੇ ਜਰਨੈਲ ਜ਼ੀਆ-ਉਲ-ਹੱਕ ਨੇ ਫਾਹੇ ਲਗਵਾ ਦਿੱਤਾ ਸੀ ਅਤੇ ਆਪ ਭੇਦ ਭਰੇ ਹਵਾਈ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਆਸਿਫ ਅਲੀ ਜ਼ਰਦਾਰੀ ਵੱਲ ਵੀ ਉਂਗਲ ਉੱਠੀ ਸੀ ਕਿ ਉਹਨੇ ਆਪਣੀ ਪਤਨੀ ਬੇਨਜ਼ੀਰ ਭੁੱਟੋ ਨੂੰ ਖੁਦ ਹੀ ਮਰਵਾ ਦਿੱਤਾ ਸੀ। ਮੁਗਲ ਸਾਮਰਾਜ ਵਾਂਗੂੰ ਪਾਕਿਸਤਾਨ ਦੇ ਹਾਕਮ ਇੱਕ-ਦੂਜੇ ਨੂੰ ਮਾਰ-ਮਰਾ ਕੇ ਹੀ ਅੱਗੇ ਵਧਦੇ ਹਨ।

# ਕੰਚਨਪ੍ਰੀਤ ਮਾਮਲੇ 'ਚ 'ਆਪ' ਸਰਕਾਰ ਦੀ ਫਜੀਹਤ

ਸਫਾ ਇੱਕ ਦੀ ਬਾਕੀ...

ਹੋਰੀਂ ਤਿੰਨ ਭੈਣਾਂ ਹਨ ਅਤੇ ਤਿੰਨੋ ਵਿਆਹੀਆਂ ਹੋਈਆਂ ਹਨ। ਕੰਚਨਪ੍ਰੀਤ 'ਤੇ ਅਸਲ ਵਿੱਚ ਦੋਸ਼ ਇਹ ਲਾਏ ਗਏ ਹਨ ਕਿ ਉਸ ਨੇ ਤਰਨਤਾਰਨ ਦੀ ਜ਼ਿਮਨੀ ਚੋਣ ਵਿੱਚ ਵਿਦੇਸ਼ ਵਿੱਚ ਵੱਸਦੇ ਆਪਣੇ ਪਤੀ ਅੰਮ੍ਰਿਤਪਾਲ ਸਿੰਘ ਬਾਠ (ਮੀਆਂਪੁਰ) ਤੋਂ ਵੋਟਰਾਂ ਨੂੰ ਧਮਕੀਆਂ ਦੁਆਈਆਂ। ਪੁਲਿਸ ਇਹ ਵੀ ਆਖ ਰਹੀ ਹੈ ਕਿ ਕੰਚਨਪ੍ਰੀਤ ਕੌਰ ਆਪਣੇ ਪਤੀ ਵੱਲੋਂ ਚਲਾਏ ਜਾ ਰਹੇ ਗੈਂਗਸਟਰਵਾਦ ਵਿੱਚ ਸਹਿਯੋਗੀ ਹੈ। ਪੁਲਿਸ ਨੇ ਵੱਖ-ਵੱਖ ਥਾਣਿਆਂ ਵਿੱਚ ਪਹਿਲਾਂ ਪਾਏ ਕੇਸਾਂ ਵਿੱਚ ਕੰਚਨਪ੍ਰੀਤ ਕੌਰ ਨੂੰ ਅੰਮ੍ਰਿਤਪਾਲ ਸਿੰਘ ਦੀ ਸਹਾਇਕ, ਐਸੋਸੀਏਟ ਦਰਸਾਇਆ ਹੈ। ਇਨ੍ਹਾਂ ਕੇਸਾਂ ਵਿੱਚ ਕੁਝ ਦਿਨ ਆਸੇ ਪਾਸੇ ਰਹਿਣ ਤੋਂ ਬਾਅਦ ਸਥਾਨਕ ਅਦਾਲਤ ਨੇ ਕੰਚਨਪ੍ਰੀਤ ਨੂੰ ਪੇਸ਼ਗੀ ਜ਼ਮਾਨਤ ਦੇ ਦਿੱਤੀ; ਪਰ ਪੁਲਿਸ ਨੇ ਫਿਰ ਉਸ ਨੂੰ ਪੁੱਛਗਿੱਛ ਲਈ ਮਜੀਠਾ ਥਾਣੇ ਬੁਲਾ ਲਿਆ। ਜਦੋਂ ਉਹ ਆਪਣੇ ਸਾਥੀਆਂ ਸਮੇਤ ਮਜੀਠਾ ਥਾਣੇ ਗਈ ਤਾਂ 6 ਘੰਟੇ ਦੀ ਪੁੱਛਗਿੱਛ ਤੋਂ ਬਾਅਦ ਉਸ ਦੇ ਖਿਲਾਫ ਇੱਕ ਪਹਿਲਾਂ ਦਰਜ ਕੇਸ ਵਿੱਚ ਧਾਰਾ 111 ਜੋੜ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਝਬਾਲ ਥਾਣੇ ਵਿੱਚ ਭੇਜ ਦਿੱਤਾ। ਅਕਾਲੀ ਦਲ ਵੱਲੋਂ ਇਸ ਮਾਮਲੇ ਵਿੱਚ ਤੇਜ਼ੀ ਨਾਲ ਕਦਮ ਉਠਾਉਂਦਿਆਂ ਅਕਾਲੀ ਦਲ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਅਤੇ ਉਸ ਦੇ ਸਾਥੀਆਂ ਨੇ ਹਾਈਕੋਰਟ ਵਿੱਚ ਹੈਬੀਅਸ ਕਾਰਪਸ ਅਧੀਨ ਪਟੀਸ਼ਨ ਦਰਜ ਕਰ ਦਿੱਤੀ। ਇਸ 'ਤੇ ਹਾਈਕੋਰਟ ਨੇ ਸਥਾਨਕ ਅਦਾਲਤ ਨੂੰ ਹੁਕਮ ਦੇ ਦਿੱਤਾ ਕਿ ਕੰਚਨਪ੍ਰੀਤ ਕੌਰ ਨੂੰ ਪਲਿਸ ਹਿਰਾਸਤ ਵਿੱਚੋਂ ਨਿਆਇਕ ਹਿਰਾਸਤ ਵਿੱਚ ਲੈ ਲਿਆ ਜਾਵੇ ਅਤੇ ਮਾਮਲੇ ਦੀ ਤੁਰੰਤ ਸੁਣਵਾਈ ਕੀਤੀ ਜਾਵੇ। 30 ਨਵੰਬਰ ਦੀ ਰਾਤ ਨੂੰ ਇਸ ਕੇਸ ਦੀ ਤਰਨਤਾਰਨ ਵਿੱਚ ਰਾਤ ਦੋ ਵਜੇ ਤੱਕ ਸੁਣਵਾਈ ਚੱਲੀ। ਦੋਹਾਂ ਧਿਰਾਂ ਵੱਲੋਂ ਸੀਨੀਅਰ ਵਕੀਲ ਪੇਸ਼ ਹੋਏ ਅਤੇ ਅੰਤਿ ਸਵੇਰੇ ਚਾਰ ਵਜੇ ਅਦਾਲਤ ਨੇ ਕੰਚਨਪ੍ਰੀਤ ਨੂੰ ਨਵੇਂ ਕੇਸ ਵਿੱਚ ਵੀ ਜ਼ਮਾਨਤ ਦੇ ਦਿੱਤੀ। ਜਿਸ ਤਰ੍ਹਾਂ ਅਤੇ ਜਿਸ ਕਾਹਲੀ ਨਾਲ ਇਹ ਕੇਸ ਦਰਜ ਕੀਤਾ ਗਿਆ ਸੀ, ਉਸ ਤੋਂ ਅਦਾਲਤ ਨੂੰ ਸ਼ੱਕ ਹੋ ਗਿਆ ਕਿ ਇਹ ਮਾਮਲਾ ਨਾਜਾਇਜ਼ ਦਰਜ ਕੀਤਾ ਗਿਆ ਹੈ। ਯਾਦ ਰਹੇ, ਨਵਾਂ ਕੇਸ ਗੁਰਮੀਤ ਕੌਰ ਪਤਨੀ ਨਰਵਿੰਦਰ ਸਿੰਘ ਵਾਸੀ ਪਿੰਡ ਪੱਧਰੀ ਕਲਾਂ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੰਚਨਪ੍ਰੀਤ ਕੌਰ ਅਤੇ ਉਸ ਦੇ ਪਤੀ ਅੰਮ੍ਰਿਤਪਾਲ ਸਿੰਘ ਬਾਠ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਸਨ।

ਤਰਨਤਾਰਨ ਜ਼ਿਮਨੀ ਚੋਣ ਦੇ ਪਿਛੋਕੜ ਵਿੱਚ ਕੰਚਨਪ੍ਰੀਤ ਦੇ ਮਾਮਲੇ ਵਿੱਚ ਕੇਸ ਦਰਜ ਕਰਨੇ, ਉਹਨੂੰ ਥਾਣਿਆਂ ਵਿੱਚ ਖੱਜਲ ਖੁਆਰ ਕਰਨਾ ਅਤੇ ਫਿਰ ਵੀ ਕੰਚਨਪ੍ਰੀਤ ਕੌਰ ਨੂੰ ਹਿਰਾਸਤ ਵਿੱਚ ਨਾ ਰੱਖ ਸਕਣਾ- ਇਹ ਸਭ ਕੁਝ ਆਮ ਆਦਮੀ ਪਾਰਟੀ ਦੇ ਉਲਟ ਭੁਗਤ ਰਿਹਾ ਹੈ। ਇਸ ਸਾਰੇ ਕੁਝ ਨਾਲ ਆਮ ਆਦਮੀ ਪਾਰਟੀ ਦੇ ਹਾਲ ਹੀ ਵਿੱਚ ਹੋਈ ਤਰਨਤਾਰਨ ਜ਼ਿਮਨੀ ਚੋਣ 'ਚ ਸੱਜਰੇ ਸ਼ਰੀਕ ਬਣ ਕੇ ਉਭਰੇ ਅਕਾਲੀ ਦਲ (ਬਾਦਲ) ਨੂੰ ਆਕਸੀਜਨ ਮਿਲਣ ਲੱਗੀ ਹੈ। ਇਸ ਨਾਲ ਅਕਾਲੀ ਲੀਡਰਸ਼ਿਪ ਦੀ ਆਪਣੇ ਵਰਕਰਾਂ ਪ੍ਰਤੀ ਵਫਾਦਾਰ ਰਹਿਣ ਦੀ ਭਰੋਸੇਯੋਗਤਾ ਨੂੰ ਵੀ ਤਾਕਤ ਮਿਲ ਰਹੀ ਹੈ। ਇਸ ਤੋਂ ਉਤਸ਼ਾਹਿਤ ਹੋ ਕੇ ਅਕਾਲੀ ਦਲ (ਬਾਦਲ) ਵੱਖ-ਵੱਖ ਮਸਲਿਆਂ 'ਤੇ ਆਪਣੀ ਪੁਜੀਸ਼ਨਾਂ ਚੱਜ ਨਾਲ ਪੇਸ਼ ਕਰਨ ਲੱਗਾ ਹੈ ਅਤੇ ਆਪਣੀ ਸੰਗਠਨਾਤਮਕਤਾ ਨੂੰ ਪੱਕੇ ਪੈਰੀਂ ਕਰਨ ਲੱਗ ਪਿਆ ਹੈ। ਇਸ ਪੱਖ ਤੋਂ ਆਉਣ ਵਾਲੀਆਂ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਵੀ ਅਕਾਲੀ ਦਲ ਲਈ ਇੱਕ ਵੱਡਾ ਟੈਸਟ ਹੋਣਗੀਆਂ। ਉਂਝ ਜ਼ਿਮਨੀ ਚੋਣਾਂ ਵਾਂਗ ਹੀ ਇਨ੍ਹਾਂ ਚੋਣਾਂ ਵਿੱਚ ਸੱਤਾਧਾਰੀ ਪਾਰਟੀਆਂ ਆਪਣੇ ਵੱਧ ਸੋਮਿਆਂ/ਸਾਧਨਾਂ ਕਾਰਨ ਭਾਰੂ ਰਹਿੰਦੀਆਂ ਹਨ, ਪਰ ਪੰਜਾਬ ਵਿੱਚ ਬਾਕੀ ਪਾਰਟੀਆਂ ਵੱਲੋਂ ਇਨ੍ਹਾਂ ਚੋਣਾਂ ਵਿੱਚ ਕਿਹੋ ਜਿਹਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਉਹ ਇੱਕ ਤਰ੍ਹਾਂ ਨਾਲ ਚੋਣ ਸਰਵੇਖਣ ਹੀ ਹੋਵੇਗਾ। ਦੋਹਾਂ ਅਕਾਲੀ ਦਲਾਂ ਸਮੇਤ ਵਿਰੋਧੀ ਪਾਰਟੀਆਂ ਵਿੱਚੋਂ ਜਿਹੜੀ ਵਧੇਰੇ ਚੰਗਾ ਪ੍ਰਦਰਸ਼ਨ ਕਰੇਗੀ, ਉਹਦੇ ਨਾਲ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਮੁੱਖ ਟੱਕਰ ਹੋਣੀ ਤੈਅ ਹੋਵੇਗੀ।

ਉਪਰ ਇੰਟਰੋ ਵਿੱਚ 'ਆਪ' ਦਾ ਤਿਲਕਵਾਂ ਵੋਟ ਆਧਾਰ ਇਸ ਕਰਕੇ ਕਿਹਾ ਹੈ, ਕਿਉਂਕਿ ਆਮ ਆਦਮੀ ਪਾਰਟੀ ਦਾ ਪੰਜਾਬ ਵਿੱਚ ਕੋਈ ਆਪਣਾ ਪੱਕਾ ਵੋਟ ਬੈਂਕ ਨਹੀਂ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿਹੜੀ ਉਨ੍ਹਾਂ ਨੂੰ ਜਿੱਤ ਮਿਲੀ ਹੈ, ਉਹ ਬਾਕੀ ਸਾਰੀਆਂ ਪਾਰਟੀਆਂ ਦੇ ਵੋਟ ਆਧਾਰ ਦਾ ਪੁਰਾਣਿਆਂ ਤੋਂ ਅੱਕ ਕੇ ਆਮ ਆਦਮੀ ਪਾਰਟੀ ਵੱਲ ਸਵਿੰਗ ਹੋ ਜਾਣਾ ਸੀ। ਕਿਸਾਨ ਸੰਘਰਸ਼ ਦੀ ਹਵਾ ਵੀ ਇਸ ਵਿੱਚ ਇੱਕ ਫੈਕਟਰ ਸੀ। ਆਮ ਆਦਮੀ ਪਾਰਟੀ ਕੋਈ ਜਚਦਾ ਫਬਦਾ ਪ੍ਰਸ਼ਾਸਨ ਦੇਣ ਵਿੱਚ ਤਾਂ ਅਸਫਲ ਰਹੀ ਹੀ, ਸਗੋਂ ਇਸ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਪੂਰੇ ਕਰਨ ਤੋਂ ਵੀ ਕਿਨਾਰਾ ਕਰੀ ਰੱਖਿਆ। ਕੇਂਦਰ ਸਰਕਾਰ ਨਾਲ ਕੋਈ ਯੋਗ ਤਾਲਮੇਲ ਨਾ ਹੋਣ ਕਾਰਨ ਸਰਕਾਰ ਕਰਜ਼ੇ ਚੁੱਕ ਕੇ ਡੰਗ ਟਪਾਉਣ ਲਈ ਮਜਬੂਰ ਹੈ। ਪੇਂਡੂ ਸੜਕਾਂ, ਸਕੂਲਾਂ ਅਤੇ ਸਿਹਤ ਸੰਸਥਾਵਾਂ ਬੁਰੇ ਹਾਲੀਂ ਵਿਖਾਈ ਦੇ ਰਹੀਆਂ ਹਨ। ਇੱਥੋਂ ਤੱਕ ਕਿ ਸ਼ਹਿਰਾਂ ਦੇ ਪੋਸ਼ ਖੇਤਰਾਂ ਵਿੱਚ ਵੀ ਸੜਕਾਂ ਟੁੱਟ ਗਈਆਂ। ਉਧਰ ਕੇਂਦਰ ਸਰਕਾਰ ਪੰਜਾਬ ਦਾ ਪੇਂਡੂ ਵਿਕਾਸ ਅਤੇ ਜੀ.ਐਸ.ਟੀ. ਦੱਬੀਂ ਬੈਠੀ ਹੈ। ਇਸ ਮਸਲੇ ਨੂੰ ਕੇਂਦਰ ਕੋਲ ਚੁਕਣ ਦਾ ਵੀ ਕੋਈ ਖਾਸ ਯਤਨ ਹੋ ਨਹੀਂ ਰਿਹਾ।

## 'ਸ਼ਹਾਦਤ: ਸਬਰ, ਸਿਦਕ ਅਤੇ ਸ਼ਮਸ਼ੀਰ' ਵਿਸ਼ੇ 'ਤੇ ਸੈਮੀਨਾਰ 6 ਦਸੰਬਰ ਨੂੰ

**ਸ਼ਿਕਾਗੋ:** ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ 6 ਦਸੰਬਰ 2025 ਨੂੰ ਦੁਪਹਿਰ 2 ਵਜੇ ਗੁਰਦੁਆਰਾ ਸਾਹਿਬ ਪੈਲਾਟਾਈਨ ਵਿਖੇ 'ਸ਼ਹਾਦਤ: ਸਬਰ, ਸਿਦਕ ਅਤੇ ਸ਼ਮਸ਼ੀਰ' ਵਿਸ਼ੇ 'ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਡਾ. ਸਵਰਨਜੀਤ ਸਿੰਘ, ਡਾ. ਬਲਵਿੰਦਰ ਸਿੰਘ ਸੋਹਲ, ਤਰਲੋਚਨ ਸਿੰਘ ਮੁਲਤਾਨੀ, ਸਤਿੰਦਰ ਸਿੰਘ ਸੁਸਾਣਾ, ਓਂਕਾਰ ਸਿੰਘ, ਸਤਨਾਮ ਸਿੰਘ ਔਲਖ, ਹਰਿੰਦਰਪਾਲ ਸਿੰਘ, ਬੀਬੀ ਨਵਰੂਪ ਕੌਰ ਅਤੇ ਹਰਕੀਰਤ ਸਿੰਘ ਆਪਣੇ ਵਿਚਾਰ ਪੇਸ਼ ਕਰਨਗੇ।

ਪ੍ਰਬੰਧਕਾਂ ਨੇ ਸੰਗਤ ਨੂੰ ਸਮਾਗਮ ਦੇ ਸਫਲ ਬਣਾਉਣ ਲਈ ਇਸ ਵਿੱਚ ਹਿੱਸਾ ਲੈਣ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਸ. ਬਲਬੀਰ ਸਿੰਘ ਫੋਨ: 937-776-3358, ਸ. ਓਂਕਾਰ ਸਿੰਘ ਫੋਨ: 847-917-2747 ਜਾਂ ਡਾ. ਸਵਰਨਜੀਤ ਸਿੰਘ ਨਾਲ ਫੋਨ: 847-910-4576 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸਫਲ ਰਿਹਾ ਪੰਜਾਬ ਯੂਨੀਵਰਸਿਟੀ ਦਾ ਸੈਨੇਟ ਬਹਾਲੀ ਸੰਘਰਸ਼


**ਜਸਵੀਰ ਸਿੰਘ ਮਾਂਗਟ**

## *ਬੌਂਗਾ ਨਹੀਂ ਰਹੇਗਾ ਹੁਣ ਪੰਜਾਬ ਦਾ ਸਿਆਸੀ ਖੇਤਰ
## *ਨਵੇਂ ਮੁੰਡਿਆਂ-ਕੁੜੀਆਂ ਤੋਂ ਉਮੀਦਾਂ ਜਾਗੀਆਂ

ਪੰਜਾਬ ਯੂਨੀਵਰਸਿਟੀ ਦੀ ਸੈਨੇਟ ਨੂੰ ਕਾਇਮ ਰੱਖਣ ਦਾ ਸੰਘਰਸ਼ ਪੰਜਾਬ ਦੇ ਵਿਦਿਆਰਥੀ ਵਰਗ ਨੇ ਜਿੱਤ ਲਿਆ ਹੈ। ਆਖਰ ਕੇਂਦਰ ਸਰਕਾਰ, ਜਿਸ ਨੇ ਇਸ ਯੂਨੀਵਰਸਿਟੀ ਨੂੰ ਕੇਂਦਰ ਦੇ ਅਧੀਨ ਲਿਆਉਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਉਸੇ ਨੇ ਇਸ ਨੂੰ ਵਾਪਸ ਲੈ ਲਿਆ। ਯੂਨੀਵਰਸਿਟੀ ਦੇ ਚਾਂਸਲਰ ਉੱਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਵੱਲੋਂ ਯੂਨੀਵਰਸਿਟੀ ਦੀਆਂ ਨਵੀਂਆਂ ਚੋਣਾਂ ਸੰਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 9 ਨਵੰਬਰ ਨੂੰ ਪੰਜਾਬ ਯੂਨੀਵਰਸਿਟੀ ਦੀ ਉੱਪ ਕੁਲਪਤੀ ਨੇ ਉਪ ਰਾਸ਼ਟਰਪਤੀ ਰਾਧਾਕ੍ਰਿਸ਼ਨਨ ਨੂੰ ਇੱਕ ਨੋਟਿਸ ਭੇਜ ਕੇ ਸੈਨੇਟ ਦੀਆਂ ਚੋਣਾਂ ਦੀਆਂ ਤਰੀਕਾਂ ਐਲਾਨ ਕਰਨ ਲਈ ਇੱਕ ਪੱਤਰ ਭੇਜਿਆ ਸੀ। ਸੀ.ਪੀ. ਰਾਧਾਕ੍ਰਿਸ਼ਨਨ ਵੱਲੋਂ ਇਸ ਦੇ ਜਵਾਬ ਵਿੱਚ ਆਪਣੇ ਨੋਟੀਫਿਕੇਸ਼ਨ ਵਿੱਚ ਸੂਚਨਾ ਦਿੱਤੀ ਗਈ ਕਿ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਹੂ-ਬ-ਹੂ ਬਹਾਲ ਰੱਖੀ ਜਾਵੇਗੀ।

ਇਸ ਦੀਆਂ ਚੋਣਾਂ ਅਗਲੇ ਸਾਲ 9 ਸਤੰਬਰ ਤੋਂ 4 ਅਕਤੂਬਰ ਤੱਕ ਹੋਣਗੀਆਂ। ਸੈਨੇਟ ਦੀਆਂ ਸੰਤਾਲੀ ਸੀਟਾਂ ਲਈ ਚੋਣਾਂ ਹੋਣਗੀਆਂ ਅਤੇ 36 ਸੀਟਾਂ 'ਤੇ ਉੱਪ ਰਾਸ਼ਟਰਪਤੀ ਵੱਲੋਂ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਨਾਮੀ ਹਸਤੀਆਂ ਨੂੰ ਨਾਮਜ਼ਦ ਕੀਤਾ ਜਾਵੇਗਾ। ਪੰਜਾਬ ਯੂਨੀਵਰਸਿਟੀ ਵੱਲੋਂ ਗਰੈਜੂਏਟ ਚੋਣ ਖੇਤਰ ਲਈ ਅਗਲੇ ਸਾਲ 23 ਜਨਵਰੀ ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਇਸ ਕੋਟੇ ਵਿੱਚ ਉਹ ਵਿਅਕਤੀ ਚੁਣੇ ਜਾਂਦੇ ਹਨ, ਜਿਨ੍ਹਾਂ ਨੇ ਇਸ ਯੂਨੀਵਰਸਿਟੀ ਤੋਂ ਸਿੱਖਿਆ ਹਾਸਲ ਕੀਤੀ ਹੋਵੇ। ਇਸਦੀ ਚੋਣ ਲਈ ਨੋਟੀਫਿਕੇਸ਼ਨ 240 ਦਿਨ ਪਹਿਲਾਂ ਜਾਰੀ ਕਰਨਾ ਹੁੰਦਾ ਹੈ। ਗਰੈਜੂਏਟ ਖੇਤਰ ਲਈ 15 ਸੀਟਾਂ ਰੱਖੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 2 ਪੰਜਾਬ ਲਈ, 1 ਸੀਟ ਚੰਡੀਗੜ੍ਹ (ਯੂ.ਟੀ.) ਲਈ ਅਤੇ 12 ਸੀਟਾਂ ਓਪਨ ਹੋਣਗੀਆਂ। ਇਹ ਬਾਰਾਂ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚੋਂ ਹੋ ਸਕਦੇ ਹਨ, ਬੇ-ਸ਼ਰਤੇ ਕਿ ਉਹ ਪੰਜਾਬ ਯੂਨੀਵਰਸਿਟੀ ਤੋਂ ਸਿੱਖਿਅਤ ਹੋਣ।

ਇੱਥੇ ਜ਼ਿਕਰਯੋਗ ਹੈ ਕਿ ਇਸ ਨੋਟੀਫਿਕੇਸ਼ਨ ਦੇ ਆਉਣ ਤੋਂ ਇੱਕ-ਦੋ ਦਿਨ ਪਹਿਲਾਂ ਵਿਦਿਆਰਥੀਆਂ ਨੇ ਚੰਡੀਗੜ੍ਹ ਅਤੇ ਇਸ ਦੇ ਆਸੇ-ਪਾਸੇ ਦੇ ਰਾਜਾਂ ਵਿੱਚ ਭਾਰਤੀ ਜਨਤਾ ਪਾਰਟੀ ਦੇ ਦਫਤਰਾਂ ਦਾ ਘੇਰਾਓ ਕਰਨ ਦਾ ਐਲਾਨ ਕਰ ਦਿੱਤਾ ਸੀ। ਅਗਲੇ ਸਾਲ ਪੰਜਾਬ ਵਿੱਚ ਹੋ ਰਹੀਆਂ ਚੋਣਾਂ ਦੇ ਮੱਦੇਨਜ਼ਰ ਪੰਜਾਬ ਭਾਜਪਾ ਨੂੰ ਯੂਨੀਵਰਸਿਟੀ ਵਾਲਾ ਰੱਟਾ ਮਹਿੰਗਾ ਪੈਂਦਾ ਨਜ਼ਰ ਆਇਆ। ਇਸੇ ਦੌਰਾਨ ਕੇਂਦਰ ਨੇ ਸੰਵਿਧਾਨ ਦੀ ਧਾਰਾ 239 ਵਿੱਚੋਂ ਕੱਢ ਕੇ 240 ਵਿੱਚ ਪਾਉਣ ਅਤੇ ਚੰਡੀਗੜ੍ਹ ਨੂੰ ਪੱਕੀ ਤਰ੍ਹਾਂ ਯੂ.ਟੀ. ਬਣਾਉਣ ਲਈ ਆਉਂਦੇ ਸਰਦ ਰੁੱਤ ਪਾਰਲੀਮਾਨੀ ਸੈਸ਼ਨ ਵਿੱਚ ਬਿਲ ਲਿਆਉਣ ਦੀ ਗੱਲ ਵੀ ਤੋਰ ਦਿੱਤੀ ਸੀ। ਇਸ ਦਾ ਵੱਡਾ ਰਾਜਨੀਤਿਕ ਵਿਰੋਧ ਹੋਇਆ। ਪੰਜਾਬ ਦੀ ਸੱਤਾਧਾਰੀ ਪਾਰਟੀ ਸਮੇਤ ਤਕਰੀਬਨ ਸਾਰੀਆਂ ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ। ਇੱਥੋਂ ਤੱਕ ਕੇ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਵੱਲੋਂ ਵੀ ਇਸ ਦਾ ਵਿਰੋਧ ਕੀਤਾ ਗਿਆ। ਪੰਜਾਬ ਭਾਜਪਾ ਦੇ ਸੁਨੀਲ ਜਾਖੜ ਨੇ ਇਸ ਦਾ ਵਿਰੋਧ ਕੀਤਾ ਅਤੇ ਆਪਣੀ ਹਾਈ ਕਮਾਨ ਨੂੰ ਪੰਜਾਬ ਤੇ ਯੂਨੀਵਰਸਿਟੀ ਦੇ ਮਸਲੇ 'ਤੇ ਸਹੀ ਸਟੈਂਡ ਲੈਣ ਦੀ ਅਪੀਲ ਵੀ ਕੀਤੀ। ਕਾਂਗਰਸ ਵੱਲੋਂ ਸੁਖਪਾਲ ਸਿੰਘ ਖਹਿਰਾ, ਪਰਗਟ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਚੰਡੀਗੜ੍ਹ ਵਿੱਚ



ਵਿਦਿਆਰਥੀਆਂ ਦੇ ਮੋਰਚੇ ਵਿੱਚ ਪੁੱਜ ਕੇ ਸੰਘਰਸ਼ ਦੀ ਹਮਾਇਤ ਕਰਨ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਗਿਆਨੀ ਹਰਪ੍ਰੀਤ ਸਿੰਘ ਨੇ ਯੂਨੀਵਰਸਿਟੀ ਦੇ ਮਸਲੇ 'ਤੇ ਵਿਦਿਆਰਥੀਆਂ ਦੀ ਪੂਰਨ ਹਮਾਇਤ ਕੀਤੀ। ਵੱਖ-ਵੱਖ ਪਾਰਟੀਆਂ ਦੇ ਹੋਰ ਸੀਨੀਅਰ ਲੀਡਰ ਵੀ ਇਸ ਸੰਘਰਸ਼ ਦੀ ਹਮਾਇਤ ਵਿੱਚ ਨਿੱਤਰੇ।

ਯਾਦ ਰਹੇ, ਪੰਜਾਬ ਯੂਨੀਵਰਸਟੀ ਦੇਸ਼ ਦੀ ਇਕਲੌਤੀ ਯੂਨੀਵਰਸਿਟੀ ਹੈ, ਜਿਸ ਦੀ ਸੈਨੇਟ ਦੀ ਬਾਕਾਇਦਾ ਚੋਣ ਹੁੰਦੀ ਹੈ। ਯੂਨੀਵਰਸਿਟੀ ਦਾ 60 ਫੀਸਦੀ ਖਰਚਾ ਕੇਂਦਰ ਸਰਕਾਰ ਚੁੱਕਦੀ ਹੈ, ਜਦਕਿ ਬਾਕੀ 40 ਫੀਸਦੀ ਪੰਜਾਬ ਸਰਕਾਰ ਨੇ ਦੇਣਾ ਹੁੰਦਾ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਯੂਨੀਵਰਸਿਟੀ ਦੀ ਇਹ ਰਕਮ ਪੰਜਾਬ ਸਰਕਾਰ ਵੱਲੋਂ ਦਿੱਤੀ ਨਹੀਂ ਜਾ ਰਹੀ। ਇਸ ਦੇ ਬਹਾਨੇ ਹੀ ਕੇਂਦਰ ਸਰਕਾਰ ਇਸ ਯੂਨੀਵਰਸਿਟੀ ਦਾ ਪੰਜਾਬ ਨਾਲੋਂ ਨਾਤਾ ਤੋੜਨ ਤੇ ਇਸ ਨੂੰ ਆਪਣੇ ਅਧੀਨ ਕਰਨ ਦਾ ਯਤਨ ਕਰ ਰਹੀ ਹੈ। ਦਿਲਚਸਪ ਗੱਲ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਰੌਲਾ ਹਾਲੇ ਚੱਲ ਹੀ ਰਿਹਾ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਨੰਦਪੁਰ ਸਾਹਿਬ ਵਿਖੇ ਇੱਕ ਨਵੀਂ ਕੌਮਾਂਤਰੀ ਪੱਧਰ ਦੀ ਯੂਨੀਵਰਸਿਟੀ ਬਣਾਉਣ ਦਾ ਐਲਾਨ ਕਰ ਦਿੱਤਾ। ਕੋਈ ਪੁੱਛੇ ਕਿ ਪੰਜਾਬ ਵਿੱਚ ਪਹਿਲਾਂ ਬਣੀਆਂ ਯੂਨੀਵਰਸਿਟੀਆਂ ਤਾਂ ਥੁਆਡੇ ਤੋਂ ਸਾਂਭੀਆਂ ਨ੍ਹੀਂ ਜਾਂਦੀਆਂ, ਹੋਰ ਕਾਹਦੇ ਲਈ ਬਣਾਉਣੀਆਂ ਨੇ? ਖਾਹ-ਮਖਾਹ ਕਿਸਾਨਾਂ ਦੀਆਂ ਜ਼ਮੀਨਾਂ ਐਕਵਾਇਰ ਕਰਨ ਲਈ? ਅਖੇ! ਸਾਡੇ ਕੋਲ ਫੰਡ ਹੈ ਨਹੀਂ? ਫੇਰ ਸ਼ਤੀਰਾਂ ਨੂੰ ਜੱਫੇ ਕਾਹਦੇ ਲਈ ਮਾਰਦੇ ਹੋ?

ਪੰਜਾਬ ਯੂਨੀਵਰਸਿਟੀ ਦੀ 91 ਮੈਂਬਰੀ ਸੈਨੇਟ ਨੂੰ ਤੋੜ ਕੇ ਨਾਮਜ਼ਦਗੀਆਂ ਰਾਹੀਂ 31 ਮੈਂਬਰੀ ਸੈਨੇਟ ਗਠਨ ਕਰਨ ਲਈ 28 ਅਕਤੂਬਰ ਨੂੰ ਯੂਨੀਵਰਸਿਟੀ ਦੀ ਉੱਪ ਕੁਲਪਤੀ ਵੱਲੋਂ ਇੱਕ ਨੋਟਿਸ ਜਾਰੀ ਕਰ ਦਿੱਤਾ ਗਿਆ ਸੀ। ਇਹ ਨੋਟੀਫਿਕੇਸ਼ਨ ਇਸੇ ਸਾਲ 3 ਦਸੰਬਰ ਤੋਂ ਲਾਗੂ ਹੋ ਜਾਣਾ ਸੀ। ਪੰਜਾਬ ਯੂਨੀਵਰਸਿਟੀ ਦੀ ਸੈਨਿਟ ਵਿੱਚ ਇਨ੍ਹਾਂ ਤਬਦੀਲੀਆਂ ਦਾ ਨੋਟੀਫਿਕੇਸ਼ਨ ਆਉਣ ਤੋਂ ਬਾਅਦ ਪੰਜਾਬ ਦੇ ਵਿਦਿਆਰਥੀਆਂ ਅਤੇ ਆਮ ਲੋਕਾਂ ਵਿੱਚ ਕਾਫੀ ਵੱਡਾ ਵਿਰੋਧ ਵੇਖਣ ਨੂੰ ਮਿਲਿਆ। ਇਸੇ ਦਾ ਕਾਰਨ ਸੀ ਕਿ ਇਸ ਦੇ ਵਿਰੋਧ ਵਿੱਚ ਵਿਦਿਆਰਥੀਆਂ ਵੱਲੋਂ ਕੀਤੇ ਗਏ ਸੰਘਰਸ਼ ਨੂੰ ਯੂਨੀਵਰਸਿਟੀ ਦੇ ਇਰਦ-ਗਿਰਦ ਵੱਸਦੇ ਪਿੰਡਾਂ ਦੇ ਲੋਕਾਂ ਤੋਂ ਵੱਡੀ ਹਮਾਇਤ ਮਿਲੀ। ਲੋਕਾਂ ਨੇ ਸੰਘਰਸ਼ ਕਰ ਰਹੇ ਵਿਦਿਆਰਥੀਆ ਲਈ ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਸਾਜ਼ੋ ਸਮਾਨ ਦੀ ਕੋਈ ਕਮੀ ਨਹੀਂ ਆਉਣ ਦਿੱਤੀ। ਇਸ ਖਿੱਤੇ ਦੇ ਦੋਧੀਆਂ ਨੇ 26-27 ਦਿਨਾਂ ਦੇ ਸੰਘਰਸ਼ ਵਿੱਚ ਵਿਦਿਆਰਥੀਆਂ ਦੀ ਰੱਜ ਕੇ ਸੇਵਾ ਕੀਤੀ।

ਇਸ ਵਿਦਿਆਰਥੀ ਸੰਘਰਸ਼ ਦਾ ਆਗਾਜ਼ ਕਰਨ ਵਾਲੀ ਜਥੇਬੰਦੀ 'ਸੱਥ' ਨੇ ਸੰਘਰਸ਼ ਦੌਰਾਨ ਕਈ ਵਾਰ ਐਲਾਨ ਕੀਤਾ ਕਿ ਇਕੱਲੀ ਯੂਨੀਵਰਸਿਟੀ ਨਹੀਂ, ਚੰਡੀਗੜ੍ਹ ਵੀ ਹੁਣ ਵਾਪਸ ਲਿਆ ਜਾਵੇਗਾ। ਵਿਦਿਆਰਥੀਆਂ ਦੇ ਇਸ ਸੰਘਰਸ਼ ਦੇ ਨਾਲ ਹੀ ਪੰਜਾਬ ਦੇ ਪਹਿਲਾਂ ਖੜ੍ਹੇ ਮੁੱਦੇ, ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ, ਪੰਜਾਬ ਦੇ ਡੈਮਾਂ 'ਤੇ ਪੰਜਾਬ ਦੇ ਅਧਿਕਾਰ ਤੇ ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਭਾਸ਼ੀ ਇਲਾਕਿਆਂ ਸਮੇਤ ਪੰਜਾਬ ਦੇ ਜ਼ਮੀਨ ਦੋਜ਼ ਪਾਣੀ ਦਾ ਸੰਕਟ ਅਤੇ ਤੇਜ਼ੀ ਨਾਲ ਫੈਲ ਰਿਹਾ ਪ੍ਰਦੂਸ਼ਣ ਆਦਿ ਮਸਲੇ ਮੁੜ ਤੋਂ ਜ਼ਿੰਦਾ ਹੋ ਗਏ ਹਨ। ਇਸ ਨੁਕਤੇ ਤੋਂ ਇਹ ਵਿਦਿਆਰਥੀ ਸੰਘਰਸ਼ ਅਤੇ ਇਸ ਨੂੰ ਮਿਲੀ ਇਹ ਸਫਲਤਾ ਪੰਜਾਬ ਲਈ ਸਿਆਸੀ ਅਤੇ ਸੱਭਿਆਚਾਰਕ ਤੰਦਰੁਸਤੀ ਦਾ ਵੀ ਸੰਕੇਤ ਹੈ। ਇੱਥੇ ਪਹਿਲੀ ਵਾਰ ਪੰਜਾਬ ਸਿਆਸੀ ਦ੍ਰਿਸ਼ 'ਤੇ ਇੱਕ ਨਵੀਂ, ਸੂਝਵਾਨ ਅਤੇ ਦੂਰਦ੍ਰਿਸ਼ਟ ਲੀਡਰਸ਼ਿਪ ਉਭਰਦੀ ਨਜ਼ਰ ਆਈ। ਪਹਿਲਾਂ ਕਿਸਾਨ ਸੰਘਰਸ਼, ਫਿਰ ਲੰਘੇ ਸਾਉਣ ਮਹੀਨੇ ਵਿੱਚ ਪੰਜਾਬ ਦੇ ਜਵਾਨਾਂ ਨੇ ਜਿਵੇਂ ਹੜ੍ਹਾਂ ਨਾਲ ਨਿਪਟਿਆ ਅਤੇ ਹੁਣ ਇਹ ਯੂਨੀਵਰਸਿਟੀ ਦੀ ਸੈਨੇਟ ਬਹਾਲੀ ਲਈ ਸੰਘਰਸ਼ ਨੇ ਪੰਜਾਬ ਵਿੱਚ ਫੈਲੀ ਇੱਕ ਨਾਉਮੀਦੀ ਨੂੰ ਤੋੜਿਆ ਹੈ। ਇਹ ਇਸ ਦੇਸ਼ ਲਈ ਵੀ ਇੱਕ ਉਮੀਦ ਦੀ ਕਿਰਨ ਹੈ।

ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਜਿਸ ਤਰ੍ਹਾਂ ਵੱਖ-ਵੱਖ ਸੰਸਥਾਵਾਂ ਨੂੰ ਆਪਣੇ ਗੁਲਾਮ ਬਣਾ ਕੇ ਜਮਹੂਰੀ ਸਪੇਸ ਨੂੰ ਸੰਕੁਚਿਤ ਕਰ ਰਹੀ ਹੈ, ਇਸ ਦੇ ਉਲਟ ਇਹ ਸੰਘਰਸ਼ ਇਨ੍ਹਾਂ ਸੰਸਥਾਵਾਂ ਅਤੇ ਆਮ ਰੂਪ ਵਿੱਚ ਵੀ ਜਮਹੂਰੀਅਤ ਦੀ ਬਹਾਲੀ ਦਾ ਸੰਕੇਤ ਹੈ। ਉਸ ਸਮੇਂ ਜਦੋਂ ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਸਮੇਤ ਸਾਰੀਆਂ ਖ਼ੁਦਮੁਖਤਾਰ ਸੰਸਥਾਵਾਂ ਕੇਂਦਰ ਸਰਕਾਰ ਅੱਗੇ ਨਤਮਸਤਕ ਹੋ ਚੁੱਕੀਆਂ ਹਨ, ਵਿਦਿਆਰਥੀਆਂ ਦਾ ਇਹ ਸੰਘਰਸ਼ ਨਿਸ਼ਚੇ ਹੀ ਦੂਰ ਤੱਕ ਅਸਰ ਪਾਉਣ ਵਾਲਾ ਘਟਨਾਕ੍ਰਮ ਹੈ। ਫਿਰ ਵੀ ਸਾਡੇ ਨੌਜਵਾਨ ਵਰਗ ਨੂੰ ਇਨ੍ਹਾਂ ਸਫਲਤਾਵਾਂ ਤੋਂ ਸੰਤੁਸ਼ਟ ਹੋ ਕੇ ਬੇਪਰਵਾਹ ਹੋ ਜਾਣ ਦਾ ਸਮਾਂ ਨਹੀਂ ਹੈ। ਕੇਂਦਰ ਸਰਕਾਰ ਨੇ ਕਿਸਾਨ ਸੰਘਰਸ਼ ਤੋਂ ਬਾਅਦ ਵੀ ਪੰਜਾਬ ਦੇ ਕਿਸਾਨਾਂ ਨੂੰ ਜਿਵੇਂ ਜੜ੍ਹਾਂ ਤੋਂ ਪੁੱਟਣ ਦੇ ਯਤਨ ਛੱਡੇ ਨਹੀਂ ਹਨ, ਉਸੇ ਤਰ੍ਹਾਂ ਪੰਜਾਬ ਯੂਨੀਵਰਸਿਟੀ ਦੇ ਗਲ ਵਿੱਚ ਪਟਾ ਪਾਉਣ ਦੀ ਕਹਾਣੀ ਕਿਸੇ ਨਾ ਕਿਸੇ ਤਰ੍ਹਾਂ ਚਲਦੀ ਰਹੇਗੀ। ਹੁਣ ਇਹ ਕਬਜਾ ਸੈਨੇਟ ਦੀ ਚੋਣ ਪ੍ਰਣਾਲੀ ਰਾਹੀਂ ਹੋ ਸਕਦਾ ਹੈ। ਪੰਜਾਬ ਵਿੱਚ ਆਉਂਦੀਆਂ ਜਾਂਦੀਆਂ ਨਾਲਾਇਕ ਸਰਕਾਰਾਂ ਨੂੰ ਇਨ੍ਹਾਂ ਮਸਲਿਆਂ ਨਾਲ ਕੋਈ ਵਾਸਤਾ ਨਹੀਂ ਹੈ, ਇਹ ਜ਼ਿੰਮੇਵਾਰੀ ਹੁਣ ਸਾਡੇ ਨੌਜੁਆਨਾਂ ਨੂੰ ਹੀ ਲੈਣੀ ਪਏਗੀ। ਪੰਜਾਬ ਦਾ ਸਿਆਸੀ ਖੇਤਰ ਤੁਹਾਨੂੰ ਬੇਸਬਰੀ ਨਾਲ ਉਡੀਕ ਰਿਹਾ ਹੈ। ਆਪਣੇ ਲੋਕਾਂ ਦੇ ਹੱਕਾਂ/ਅਧਿਕਾਰਾਂ ਲਈ ਲੰਮੇ, ਅਤਿ ਕਠਿਨ ਸੰਘਰਸ਼ ਕਿਵੇਂ ਲੜੇ ਅਤੇ ਜਿੱਤੇ ਜਾਂਦੇ ਹਨ, ਇਹਦੇ ਲਈ ਪੰਜਾਬ ਦੇ ਸਿਆਸੀ ਤੌਰ 'ਤੇ ਸੁਚੇਤ ਨੌਜੁਆਨ ਨੂੰ ਦੱਖਣੀ ਅਫਰੀਕਾ ਵਿੱਚ ਦੰਦਕਥਾ ਬਣ ਗਏ ਮਹਾਨ ਸਿਆਸੀ ਆਗੂ ਨੈਲਸਨ ਮੰਡੇਲਾ ਦੀ ਜੀਵਨੀ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਹ ਕਿਤਾਬ ਸਾਡੇ ਲਈ ਬੇਹੱਦ ਮੁੱਲਵਾਨ ਹੈ। ਨੈਲਸਨ ਮੰਡੇਲਾ ਨੇ ਅਫਰੀਕੀ ਨੈਸ਼ਨਲ ਕਾਂਗਰਸ ਨੂੰ ਇੱਕ ਤਰ੍ਹਾਂ ਨਾਲ ਮੁੜ ਤੋਂ ਖੜ੍ਹਾ ਕੀਤਾ ਅਤੇ ਸੰਘਰਸ਼ ਨੂੰ ਨਤੀਜੇ ਤੱਕ ਪਹੁੰਚਾਇਆ। ਆਪਣੀ ਰੋਜ਼ੀ ਰੋਟੀ ਲਈ ਉਸ ਨੇ ਵਕਾਲਤ ਕੀਤੀ ਅਤੇ ਪਾਰਟੀ ਲਈ ਵੀ ਪੂਰਾ ਸਮਾਂ ਦਿੱਤਾ। ਆਪਣੇ ਅਧਿਕਾਰਾਂ ਦੀ ਬਹਾਲੀ ਲਈ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਇਹ ਕਿਤਾਬ ਸਦੀਆਂ ਤੱਕ ਸੇਧ ਦਿੰਦੀ ਰਹੇਗੀ।

# ਪੰਜਾਬ ਦੀ ਅਸਲ ਰੂਹ ਦੀ ਪ੍ਰਤੀਕ ਹੈ ਪੰਜਾਬ ਯੂਨੀਵਰਸਿਟੀ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਸਿਰਫ਼ ਇੱਕ ਸਿੱਖਿਆ ਸੰਸਥਾ ਨਹੀਂ, ਸਗੋਂ ਪੰਜਾਬ ਦੀ ਅਸਲ ਰੂਹ ਦੀ ਪ੍ਰਤੀਕ ਹੈ। ਇਹ ਯੂਨੀਵਰਸਿਟੀ ਆਪਣੇ ਇਤਿਹਾਸ, ਸੱਭਿਆਚਾਰ ਤੇ ਵਿਦਿਆ ਦੇ ਉੱਚ ਮਾਪਦੰਡਾਂ ਕਰਕੇ ਸਾਰੇ ਦੇਸ਼ ਵਿੱਚ ਵੱਖਰਾ ਮੁਕਾਮ ਰੱਖਦੀ ਹੈ। ਪੰਜਾਬ ਯੂਨੀਵਰਸਿਟੀ ਦੀਆਂ ਜੜ੍ਹਾਂ ਲਾਹੌਰ ਤੱਕ ਜਾਂਦੀਆਂ ਹਨ, ਜਿੱਥੇ 1882 ਵਿੱਚ ਇਸ ਦੀ ਸਥਾਪਨਾ ਹੋਈ ਸੀ। ਵੰਡ ਤੋਂ ਬਾਅਦ ਇਸ ਯੂਨੀਵਰਸਿਟੀ ਨੂੰ ਚੰਡੀਗੜ੍ਹ ਵਿੱਚ ਨਵੇਂ ਰੂਪ ਵਿੱਚ ਦੁਬਾਰਾ ਸਥਾਪਤ ਕੀਤਾ ਗਿਆ। ਇਹ ਸਿਰਫ਼ ਇਮਾਰਤਾਂ ਦਾ ਤਬਾਦਲਾ ਨਹੀਂ ਸੀ, ਸਗੋਂ ਪੰਜਾਬੀ ਮਨੁੱਖੀ ਸੰਘਰਸ਼ ਅਤੇ ਉਤਸ਼ਾਹ ਦੀ ਨਵੀਂ ਕਹਾਣੀ ਸੀ।

ਅੱਜ ਪੰਜਾਬ ਯੂਨੀਵਰਸਿਟੀ ਵਿਗਿਆਨ, ਕਲਾ, ਭਾਸ਼ਾ, ਇੰਜੀਨੀਅਰਿੰਗ ਅਤੇ ਪ੍ਰਬੰਧਨ ਦੇ ਖੇਤਰਾਂ ਵਿੱਚ ਵਿਸ਼ਵ ਪੱਧਰੀ ਖੋਜ ਅਤੇ ਪੜ੍ਹਾਈ ਦਾ ਕੇਂਦਰ ਹੈ। ਇਹ ਪੰਜਾਬ ਦੀ ਮਿੱਟੀ ਨਾਲ ਜੁੜੀ ਹੋਈ ਸੰਸਥਾ ਹੈ, ਜਿੱਥੇ ਵਿਦਿਆ ਦੇ ਨਾਲ ਨਾਲ ਸੱਭਿਆਚਾਰ, ਮੂਲਾਂਕਣ ਅਤੇ ਲੋਕ ਧਾਰਾਵਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਯੂਨੀਵਰਸਿਟੀ ਦੇ ਕੈਂਪਸ ਦਾ ਹਰ ਕੋਨਾ ਪੰਜਾਬੀ ਜੀਵਨ ਦੀ ਰੌਣਕ ਨਾਲ ਭਰਿਆ ਹੋਇਆ ਹੈ। ਇੱਥੇ ਦੇ ਵਿਦਿਆਰਥੀ ਨਾ ਕੇਵਲ ਅਕਾਦਮਿਕ ਤੌਰ 'ਤੇ ਮਜਬੂਤ ਬਣਦੇ ਹਨ, ਸਗੋਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਵੀ ਸਮਝਦੇ ਹਨ। ਪੰਜਾਬੀ ਸਾਹਿਤ, ਲੋਕ ਕਲਾ ਤੇ ਸੰਗੀਤ ਇੱਥੇ ਦੇ ਵਿਦਿਆਰਥੀ ਜੀਵਨ ਦਾ ਅਟੁੱਟ ਹਿੱਸਾ ਹਨ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਮਹਿਜ਼ ਇੱਟਾਂ ਅਤੇ ਸੀਮੈਂਟ ਨਾਲ ਬਣੀ ਇੱਕ ਇਮਾਰਤ ਨਹੀਂ, ਸਗੋਂ ਇਹ ਪੰਜਾਬ ਦੀ ਸੱਭਿਆਚਾਰਕ, ਬੌਧਿਕ ਅਤੇ ਇਤਿਹਾਸਕ ਪਛਾਣ ਦਾ ਇੱਕ ਜੀਵੰਤ ਪ੍ਰਤੀਕ ਹੈ। ਇਸਦੀ ਨੀਂਹ ਭਾਵੇਂ 1882 ਵਿੱਚ ਲਾਹੌਰ ਵਿੱਚ ਰੱਖੀ ਗਈ ਸੀ, ਪਰ 1947 ਦੀ ਵੰਡ ਤੋਂ ਬਾਅਦ ਇਸਨੇ 1956 ਵਿੱਚ ਚੰਡੀਗੜ੍ਹ ਵਿੱਚ ਆਪਣਾ ਮੌਜੂਦਾ ਕੈਂਪਸ ਸਥਾਪਿਤ ਕੀਤਾ ਅਤੇ ਨਵੇਂ ਪੰਜਾਬ ਦੀ ਆਤਮਾ ਨੂੰ ਸੁਰਜੀਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

## ਇਤਿਹਾਸਕ ਵਿਰਾਸਤ ਅਤੇ ਬੌਧਿਕ ਕੇਂਦਰ

ਯੂਨੀਵਰਸਿਟੀ ਦਾ ਇਤਿਹਾਸ, ਪੰਜਾਬ ਦੇ ਇਤਿਹਾਸ ਨਾਲ ਗੂੜ੍ਹਾ ਜੁੜਿਆ ਹੋਇਆ ਹੈ। ਇਹ ਉਹ ਕੇਂਦਰ ਰਿਹਾ ਹੈ ਜਿੱਥੇ ਸਿੱਖਿਆ, ਕਲਾ, ਵਿਗਿਆਨ ਅਤੇ ਰਾਜਨੀਤੀ ਦੇ ਖੇਤਰ ਵਿੱਚ ਅਨੇਕਾਂ ਮਹਾਨ ਸ਼ਖਸੀਅਤਾਂ ਨੇ ਜਨਮ ਲਿਆ। ਇਸਨੇ ਦਹਾਕਿਆਂ ਤੋਂ ਪੰਜਾਬ ਅਤੇ ਪੂਰੇ ਦੇਸ਼ ਦੇ ਕੋਨੇ-ਕੋਨੇ ਤੋਂ ਆਏ ਵਿਦਿਆਰਥੀਆਂ ਨੂੰ ਗਿਆਨ ਅਤੇ ਰੋਸ਼ਨੀ ਦਿੱਤੀ ਹੈ। ਯੂਨੀਵਰਸਿਟੀ ਨੇ ਵੱਡੇ ਅਫ਼ਸਰ, ਵਿਦਵਾਨ, ਕਲਾਕਾਰ ਅਤੇ ਰਾਸ਼ਟਰੀ ਪੱਧਰ 'ਤੇ ਪੰਜਾਬ ਦੀ ਆਵਾਜ਼ ਬਣਨ ਵਾਲੇ ਨੇਤਾ ਪੈਦਾ ਕੀਤੇ ਹਨ।

***1882 ਵਿੱਚ ਸਥਾਪਨਾ:** ਲਾਹੌਰ (ਹੁਣ ਪਾਕਿਸਤਾਨ) ਵਿੱਚ ਪੰਜਾਬ ਯੂਨੀਵਰਸਿਟੀ ਕਾਇਮ ਕੀਤੀ ਗਈ।

***1956 ਵਿੱਚ ਚੰਡੀਗੜ੍ਹ ਕੈਂਪਸ:** ਵੰਡ ਤੋਂ ਬਾਅਦ ਯੂਨੀਵਰਸਿਟੀ ਦਾ ਮੌਜੂਦਾ ਕੈਂਪਸ ਚੰਡੀਗੜ੍ਹ ਦੇ ਸੈਕਟਰ 14 ਅਤੇ 25 ਵਿੱਚ ਸਥਾਪਿਤ ਹੋਇਆ।

## ਸੱਭਿਆਚਾਰਕ ਅਤੇ ਸਮਾਜਿਕ ਰੂਹ

ਪੰਜਾਬ ਯੂਨੀਵਰਸਿਟੀ ਦੀ ਅਸਲ ਖ਼ੂਬਸੂਰਤੀ ਇਸਦੇ 'ਵਿਦਿਆਰਥੀ ਕੇਂਦਰ' ਵਿੱਚ ਝਲਕਦੀ ਹੈ, ਜੋ ਕਿ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਕੈਂਪਸ ਦੀ ਸੱਭਿਆਚਾਰਕ ਨਬਜ਼ ਹੈ। ਇਹ ਉਹ ਥਾਂ ਹੈ, ਜਿੱਥੇ ਵੱਖ-ਵੱਖ ਵਿਚਾਰਾਂ, ਪਹਿਰਾਵਿਆਂ ਅਤੇ ਖੇਤਰਾਂ ਦੇ ਵਿਦਿਆਰਥੀ ਮਿਲਦੇ ਹਨ, ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਇੱਕ ਸੰਜੀਦਾ ਬਹਿਸ ਦਾ ਮਾਹੌਲ ਬਣਾਉਂਦੇ ਹਨ। ਪੰਜਾਬੀ ਸਾਹਿਤ, ਕਲਾ, ਸੰਗੀਤ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਭਾਗਾਂ ਨੇ ਇਸਨੂੰ ਸੱਚਮੁੱਚ ਪੰਜਾਬ ਦੀ ਅਮੀਰ ਵਿਰਾਸਤ ਦਾ ਗੜ੍ਹ ਬਣਾਇਆ ਹੈ।

***ਵਿਭਿੰਨਤਾ ਦਾ ਕੇਂਦਰ:** ਇਹ ਪੰਜਾਬ, ਹਰਿਆਣਾ, ਹਿਮਾਚਲ ਅਤੇ ਹੋਰ ਰਾਜਾਂ ਦੇ ਵਿਦਿਆਰਥੀਆਂ ਦਾ ਇੱਕ ਸੰਗਮ ਹੈ, ਜੋ ਇੱਥੇ ਆ ਕੇ ਇੱਕ ਸਾਂਝੀ ਸੱਭਿਆਚਾਰਕ ਪਛਾਣ ਸਿਰਜਦੇ ਹਨ।

***ਖੋਜ ਅਤੇ ਆਧੁਨਿਕੀਕਰਨ:** ਯੂਨੀਵਰਸਿਟੀ ਵਿਗਿਆਨ, ਤਕਨਾਲੋਜੀ ਅਤੇ ਕਲਾ ਦੇ ਖੇਤਰਾਂ ਵਿੱਚ ਉੱਚ-ਪੱਧਰੀ ਕੋਰਸ ਅਤੇ ਖੋਜ ਡਿਗਰੀਆਂ ਪ੍ਰਦਾਨ ਕਰਦੀ ਹੈ, ਜਿਸ ਨਾਲ ਪੰਜਾਬ ਦੀ ਨਵੀਂ ਪੀੜ੍ਹੀ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਦੇ ਸਮਰੱਥ ਹੁੰਦੀ ਹੈ।

### ਪੰਜਾਬ ਦੇ ਹੱਕਾਂ ਦੀ ਰਾਖੀ

ਮੌਜੂਦਾ ਸਮੇਂ ਵਿੱਚ ਪੰਜਾਬ ਯੂਨੀਵਰਸਿਟੀ ਦੀ ਸਥਿਤੀ ਅੰਤਰ-ਰਾਜੀ ਬਾਡੀ ਕਾਰਪੋਰੇਟ ਵਜੋਂ ਕੇਂਦਰ ਸਰਕਾਰ ਦੇ ਅਧੀਨ ਹੈ, ਜਿਸ ਵਿੱਚ ਪੰਜਾਬ ਸਰਕਾਰ ਦਾ ਵੀ ਯੋਗਦਾਨ ਹੈ। ਸਮੇਂ-ਸਮੇਂ 'ਤੇ ਇਸਦੀ ਸਥਿਤੀ ਨੂੰ ਲੈ ਕੇ ਵਿਵਾਦ ਖੜ੍ਹੇ ਹੁੰਦੇ ਰਹੇ ਹਨ, ਜਿੱਥੇ ਪੰਜਾਬ ਨਾਲ ਜੁੜੇ ਸੰਗਠਨ ਇਸਨੂੰ ਪੰਜਾਬ ਦੇ ਹੱਕਾਂ ਦਾ ਪ੍ਰਤੀਕ ਮੰਨਦੇ ਹੋਏ, ਇਸਦੇ ਪੰਜਾਬ ਦੇ ਅਧਿਕਾਰ ਖੇਤਰ ਵਿੱਚ ਰਹਿਣ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸੰਸਥਾ ਸਿਰਫ਼ ਪੜ੍ਹਾਉਂਦੀ ਨਹੀਂ, ਸਗੋਂ ਪੰਜਾਬ ਦੀ ਆਵਾਜ਼ ਅਤੇ ਮੂਲ ਭਾਵਨਾ ਨੂੰ ਵੀ ਜਿਉਂਦਾ ਰੱਖਦੀ ਹੈ।

ਸਿੱਟੇ ਵਜੋਂ, ਪੰਜਾਬ ਯੂਨੀਵਰਸਿਟੀ, ਸਿਰਫ਼ ਇੱਕ ਅਕਾਦਮਿਕ ਸੰਸਥਾ ਨਹੀਂ, ਸਗੋਂ ਇੱਕ ਚਲਦਾ-ਫਿਰਦਾ ਇਤਿਹਾਸ ਹੈ। ਇਹ ਪੰਜਾਬ ਦੀ ਮਿੱਟੀ, ਮਿਹਨਤ ਅਤੇ ਮਾਣ ਨੂੰ ਦਰਸਾਉਂਦੀ ਹੈ। ਇਸ ਦੀ ਹੋਂਦ ਪੰਜਾਬ ਦੇ ਲੋਕਾਂ ਲਈ ਮਾਣ, ਸਿੱਖਿਆ ਅਤੇ ਸੱਭਿਆਚਾਰ ਦਾ ਸਰੋਤ ਹੈ, ਜੋ ਇਸਨੂੰ ਅਸਲ ਵਿੱਚ ਪੰਜਾਬ ਦੀ ਰੂਹ ਦਾ ਪ੍ਰਤੀਕ ਬਣਾਉਂਦਾ ਹੈ। ਪੰਜਾਬ ਯੂਨੀਵਰਸਿਟੀ ਦਾ ਮਾਣ ਇਸ ਗੱਲ ਵਿੱਚ ਹੈ ਕਿ ਇਹ ਹਰ ਪੰਜਾਬੀ ਦਾ ਗੌਰਵ ਹੈ। ਇਸ ਦੀ ਹਰ ਇਮਾਰਤ, ਹਰ ਦਰਖ਼ਤ ਤੇ ਹਰ ਵਿਦਿਆਰਥੀ ਵਿੱਚ ਪੰਜਾਬ ਦੀ ਰੂਹ ਵੱਸਦੀ ਹੈ। ਇਸ ਲਈ ਕਹਿਣਾ ਠੀਕ ਹੈ, "ਪੰਜਾਬ ਯੂਨੀਵਰਸਿਟੀ ਸਿਰਫ਼ ਚੰਡੀਗੜ੍ਹ ਦੀ ਨਹੀਂ, ਇਹ ਪੂਰੇ ਪੰਜਾਬ ਦੀ ਹੈ।"

# ਕ੍ਰਿਪਟੋ ਦੇ ਢੋਲ ਦਾ ਪੋਲ...

## ਟਰੰਪ ਪਰਿਵਾਰ ਦੀ ਸੰਪੱਤੀ ਵਿੱਚ ਇੱਕ ਅਰਬ ਡਾਲਰ ਤੋਂ ਵੱਧ ਦੀ ਗਿਰਾਵਟ

ਪੰਜਾਬੀ ਪਰਵਾਜ਼ ਬਿਊਰੋ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਅਰਬਪਤੀ ਵਜੋਂ ਜਾਣਿਆ ਜਾਂਦਾ ਹੈ, ਪਰ ਇਨ੍ਹੀਂ ਦਿਨੀਂ ਉਨ੍ਹਾਂ ਦੀ ਸੰਪੱਤੀ ਨੂੰ ਜ਼ਬਰਦਸਤ ਗਿਰਾਵਟ ਦਾ ਵੱਡਾ ਝਟਕਾ ਲੱਗਿਆ ਹੈ। ਨਵੰਬਰ 2025 ਵਿੱਚ ਬਲੂਮਬਰਗ ਦੀ ਅਰਬਪਤੀਆਂ ਦੀ ਸੂਚੀ ਅਨੁਸਾਰ ਟਰੰਪ ਪਰਿਵਾਰ ਦੀ ਕੁੱਲ ਸੰਪੱਤੀ ਵਿੱਚ ਲਗਭਗ ਇੱਕ ਅਰਬ ਡਾਲਰ (ਲਗਭਗ 8,400 ਕਰੋੜ ਰੁਪਏ) ਤੋਂ ਵੱਧ ਦੀ ਗਿਰਾਵਟ ਆ ਗਈ ਹੈ। ਸਤੰਬਰ ਮਹੀਨੇ ਦੀ ਸ਼ੁਰੂਆਤ ਵਿੱਚ ਇਹ ਸੰਪੱਤੀ 7.7 ਅਰਬ ਡਾਲਰ ਸੀ, ਪਰ ਹੁਣ ਇਹ ਘੱਟ ਕੇ 6.7 ਅਰਬ ਡਾਲਰ ਰਹਿ ਗਈ ਹੈ। ਇਹ ਗਿਰਾਵਟ ਮੁੱਖ ਤੌਰ ’ਤੇ ਉਨ੍ਹਾਂ ਦੇ ਉੱਚ ਜੋਖਮ ਵਾਲੇ ਕ੍ਰਿਪਟੋ ਕਰੰਸੀ ਨਿਵੇਸ਼ਾਂ ਕਾਰਨ ਹੋਈ ਦੱਸੀ ਜਾਂਦੀ ਹੈ, ਜੋ ਕਿ ਬਿਟਕੋਇਨ ਅਤੇ ਹੋਰ ਡਿਜੀਟਲ ਮੁਦਰਾਵਾਂ ਦੇ ਕਰੈਸ਼ ਕਾਰਨ ਹੋਇਆ ਹੈ। ਇਹ ਨਾ ਸਿਰਫ਼ ਟਰੰਪ ਪਰਿਵਾਰ ਲਈ ਚਿੰਤਾਜਨਕ ਹੈ, ਸਗੋਂ ਉਨ੍ਹਾਂ ਦਾ ਸਮਰਥਨ ਕਰਨ ਵਾਲੇ ਨਿਵੇਸ਼ਕਾਂ ਲਈ ਵੀ ਇੱਕ ਵੱਡਾ ਝਟਕਾ ਹੈ।

ਕ੍ਰਿਪਟੋ ਕਰੰਸੀ ਹਮੇਸ਼ਾ ਅਸਥਿਰ ਹੀ ਰਹੀ ਹੈ, ਪਰ ਟਰੰਪ ਪਰਿਵਾਰ ਨੇ ਇਸ ਵਿੱਚ ਵੱਡੀ ਰੁਚੀ ਵਿਖਾਈ ਹੈ। ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੇ ਬੇਟੇ ਡੋਨਾਲਡ ਜੂਨੀਅਰ, ਐਰਿਕ ਅਤੇ ਬੈਰਨ ਨੇ ਕਈ ਡਿਜੀਟਲ ਪ੍ਰੋਜੈਕਟਾਂ ਵਿੱਚ ਨਿਵੇਸ਼ ਕੀਤਾ ਹੈ। ਇਨ੍ਹਾਂ ਵਿੱਚੋਂ ਇੱਕ ਵੱਡਾ ਨਿਵੇਸ਼ ਹੈ ਵਰਲਡ ਲਿਬਰਟੀ ਫਾਈਨੈਂਸ਼ੀਅਲ (WLFI) ਨਾਂ ਦਾ ਡੀਸੈਂਟ੍ਰਲਾਈਜ਼ਡ ਫਾਈਨੈਂਸ ਪਲੈਟਫਾਰਮ। ਇਹ ਪਲੈਟਫਾਰਮ ਟਰੰਪ ਅਤੇ ਉਨ੍ਹਾਂ ਦੇ ਤਿੰਨ ਬੇਟਿਆਂ ਨੇ ਸਾਂਝੇ ਤੌਰ ’ਤੇ ਸਥਾਪਿਤ ਕੀਤਾ ਹੈ। ਸਤੰਬਰ 2024 ਵਿੱਚ ਇਸ ਨੇ 100 ਬਿਲੀਅਨ WLFI ਟੋਕਨ ਲੌਂਚ ਕੀਤੇ ਸਨ। ਟਰੰਪ ਨੂੰ ਇਸ ਵਿੱਚ ਅੰਦਾਜ਼ਨ 70 ਫ਼ੀਸਦੀ ਹਿੱਸੇਦਾਰੀ ਮਿਲੀ ਸੀ, ਜੋ ਕਿ DT ਮਾਰਕਸ ਡੈਫੀ ਐੱਲ.ਐੱਲ.ਸੀ. ਰਾਹੀਂ ਸੀ। ਲੌਂਚ ਸਮੇਂ ਟੋਕਨ ਦੀ ਕੀਮਤ 0.31 ਡਾਲਰ ਸੀ, ਪਰ ਹੁਣ ਇਹ ਘਟ ਕੇ 0.158 ਡਾਲਰ ਰਹਿ ਗਈ ਹੈ। ਇਸ ਨਾਲ ਪਰਿਵਾਰ ਨੂੰ ਲਗਭਗ 3 ਬਿਲੀਅਨ ਡਾਲਰ ਦਾ ਨੁਕਸਾਨ ਹੋ ਗਿਆ ਹੈ। ਸਤੰਬਰ ਮਹੀਨੇ ਵਿੱਚ WLFI ਦੀ ਟ੍ਰੇਡਿੰਗ ਸ਼ੁਰੂ ਹੋਣ ਨਾਲ ਟਰੰਪ ਪਰਿਵਾਰ ਦੀ ਸੰਪੱਤੀ ਵਿੱਚ 5 ਬਿਲੀਅਨ ਡਾਲਰ ਦਾ ਵਾਧਾ ਵੀ ਹੋਇਆ ਸੀ, ਪਰ ਕ੍ਰੈਸ਼ ਨੇ ਇਸ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ।

ਇਸ ਤੋਂ ਇਲਾਵਾ ਟਰੰਪ ਨਾਂ ਨਾਲ ਜੁੜਿਆ ਹੋਇਆ $TRUMP ਮੀਮ ਕੋਇਨ ਵੀ ਵੱਡੇ ਨੁਕਸਾਨ ਦਾ ਕਾਰਨ ਬਣਿਆ ਹੈ। ਇਹ ਇੱਕ ਉੱਚ ਜੋਖਮ ਵਾਲਾ ਡਿਜੀਟਲ ਟੋਕਨ ਹੈ, ਜੋ ਰਾਸ਼ਟਰਪਤੀ ਟਰੰਪ ਦੇ ਨਾਂ ’ਤੇ ਚੱਲਦਾ ਹੈ ਅਤੇ ਉਨ੍ਹਾਂ ਦੇ ਸਮਰਥਕਾਂ ਵਿੱਚ ਇਹ ਬਹੁਤ ਮਸ਼ਹੂਰ ਹੋਇਆ ਸੀ। ਜਨਵਰੀ 2025 ਵਿੱਚ ਇਸ ਨੂੰ ਉੱਚ ਕੀਮਤ ’ਤੇ ਖਰੀਦਿਆ ਗਿਆ ਸੀ, ਪਰ ਨਵੰਬਰ ਤੱਕ ਇਹ ਲਗਭਗ 25 ਫ਼ੀਸਦੀ ਘਟ ਗਿਆ ਹੈ। ਡੇਲੀ ਬੀਸਟ ਦੀ ਰਿਪੋਰਟ ਅਨੁਸਾਰ ਜਿਹੜੇ ਨਿਵੇਸ਼ਕਾਂ ਨੇ ਇਸ ਵਿੱਚ ਪੈਸੇ ਲਗਾਏ ਸਨ, ਉਨ੍ਹਾਂ ਨੇ ਆਪਣਾ ਲਗਭਗ ਪੂਰਾ ਨਿਵੇਸ਼ ਗੁਆ ਦਿੱਤਾ ਹੈ। ਇਹ ਮੀਮ ਕੋਇਨ ਕੁੱਲ ਮਾਰਕੀਟ ਵੈਲਿਊ ਵਿੱਚ ਵੀ ਪ੍ਰਭਾਵਿਤ ਹੋਇਆ ਹੈ, ਜੋ ਕਿ ਹੁਣ 1 ਬਿਲੀਅਨ ਡਾਲਰ ਤੋਂ ਘੱਟ ਰਹਿ ਗਿਆ ਹੈ। ਇਹ ਨੁਕਸਾਨ ਨਾ ਸਿਰਫ਼ ਪਰਿਵਾਰ ਨੂੰ ਹੋਇਆ, ਸਗੋਂ ਉਨ੍ਹਾਂ ਦੇ ਪ੍ਰਸ਼ੰਸਕ ਵੀ ਝੰਬੇ ਗਏ ਹਨ, ਜਿਹੜੇ ਟਰੰਪ ਦੇ ਨਾਂ ਨੂੰ ਭਰੋਸੇ ਵਜੋਂ ਵੇਖਦੇ ਹਨ।

ਐਰਿਕ ਟਰੰਪ, ਜੋ ਪਰਿਵਾਰ ਦੀ ਵਪਾਰਕ ਵਿਰਾਸਤ ਨੂੰ ਸੰਭਾਲਦੇ ਹਨ, ਨੇ ਵੀ ਬਿਟਕੋਇਨ ਮਾਈਨਿੰਗ ਕੰਪਨੀ ਵਿੱਚ ਵੱਡਾ ਨਿਵੇਸ਼ ਕੀਤਾ ਸੀ। ਇਹ ਕੰਪਨੀ ਤਾਕਤਵਰ ਕੰਪਿਊਟਰਾਂ ਨਾਲ ਬਿਟਕੋਇਨ ਬਣਾਉਂਦੀ ਹੈ; ਪਰ ਬਿਟਕੋਇਨ ਦੀ ਕੀਮਤ ਵਿੱਚ ਗਿਰਾਵਟ ਨਾਲ ਇਹ ਨਿਵੇਸ਼ ਆਪਣੇ ਉੱਚ ਸਮੇਂ ਤੋਂ ਲਗਭਗ ਅੱਧਾ ਹੋ ਗਿਆ ਹੈ। ਫੋਰਬਸ ਅਨੁਸਾਰ ਬਿਟਕੋਇਨ ਨੇ ਨਵੰਬਰ 2025 ਵਿੱਚ 10 ਫ਼ੀਸਦੀ ਤੋਂ ਵੱਧ ਗਿਰਾਵਟ ਵਿਖਾਈ ਹੈ, ਜੋ ਕਿ 68,000 ਡਾਲਰ ਤੋਂ ਘਟ ਕੇ 60,000 ਡਾਲਰ ਹੋ ਗਿਆ ਹੈ। ਇਸ ਨਾਲ ਐਰਿਕ ਦੇ ਨਿਵੇਸ਼ ਵਿੱਚ 500 ਮਿਲੀਅਨ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਇਹ ਵਿਖਾਉਂਦਾ ਹੈ ਕਿ ਪਰਿਵਾਰ ਨੇ ਕ੍ਰਿਪਟੋ ਨੂੰ ਵਪਾਰਕ ਮੌਕੇ ਵਜੋਂ ਵੇਖਿਆ ਸੀ, ਪਰ ਅਸਥਿਰਤਾ ਨੇ ਇਸ ਨੂੰ ਉਲਟ ਦਿੱਤਾ।



ਇਸ ਗਿਰਾਵਟ ਵਿੱਚ ਇੱਕ ਵੱਡਾ ਹਿੱਸਾ ਟਰੰਪ ਮੀਡੀਆ ਐਂਡ ਟੈਕਨਾਲੋਜੀ ਗਰੁੱਪ (TMTG) ਦੇ ਸ਼ੇਅਰਾਂ ਦਾ ਵੀ ਹੈ। ਇਹ ਕੰਪਨੀ ਟਰੂਥ ਸੋਸ਼ਲ ਦੀ ਮਾਂ-ਕੰਪਨੀ ਹੈ, ਜੋ ਟਰੰਪ ਦਾ ਸੋਸ਼ਲ ਮੀਡੀਆ ਪਲੈਟਫਾਰਮ ਹੈ। ਰਾਸ਼ਟਰਪਤੀ ਟਰੰਪ ਇਸ ਦੇ ਸਭ ਤੋਂ ਵੱਡੇ ਹਿੱਸੇਦਾਰ ਹਨ ਅਤੇ ਉਨ੍ਹਾਂ ਦੀ ਹਿੱਸੇਦਾਰੀ ਉਨ੍ਹਾਂ ਦੇ ਬੇਟੇ ਡੋਨਾਲਡ ਜੂਨੀਅਰ ਦੀ ਨਿਗਰਾਨੀ ਵਾਲੇ ਟਰੱਸਟ ਵਿੱਚ ਰੱਖੀ ਗਈ ਹੈ। ਸਤੰਬਰ ਮਹੀਨੇ ਤੋਂ ਹੁਣ ਤੱਕ ਇਸ ਕੰਪਨੀ ਵਿੱਚ ਟਰੰਪ ਦੀ ਹਿੱਸੇਦਾਰੀ ਦੀ ਕੀਮਤ ਲਗਭਗ 800 ਮਿਲੀਅਨ ਡਾਲਰ ਘਟ ਗਈ ਹੈ। TMTG ਨੇ ਕ੍ਰਿਪਟੋ ਮੁਦਰਾ ਨੂੰ ਜਮ੍ਹਾਂ ਰੱਖਣ ਅਤੇ ਵਰਤਣ ਦੀ ਯੋਜਨਾ ਵੀ ਬਣਾਈ ਸੀ, ਪਰ ਬਿਜ਼ਨਸ ਇਨਸਾਈਡਰ ਅਨੁਸਾਰ ਨਵੰਬਰ ਵਿੱਚ ਇਸ ਦੇ ਸ਼ੇਅਰ ਇਤਿਹਾਸਕ ਨੀਵੇਂ ਪੱਧਰ ’ਤੇ ਪਹੁੰਚ ਗਏ ਹਨ- ਟਿਕਰ DJT ਨੇ 10.18 ਡਾਲਰ ਤੱਕ ਗਿਰਾਵਟ ਵਿਖਾਈ ਹੈ। ਇਹ ਕੰਪਨੀ ਦੀ ਕੁੱਲ ਮਾਰਕੀਟ ਵੈਲਿਊ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ, ਜੋ ਕਿ ਪਹਿਲਾਂ 5 ਬਿਲੀਅਨ ਡਾਲਰ ਤੋਂ ਵੱਧ ਸੀ ਪਰ ਹੁਣ 3 ਬਿਲੀਅਨ ਤੋਂ ਘੱਟ ਰਹਿ ਗਈ ਹੈ।

ਇਹ ਨੁਕਸਾਨ ਸਿਰਫ਼ ਟਰੰਪ ਪਰਿਵਾਰ ਤੱਕ ਸੀਮਿਤ ਨਹੀਂ ਹੈ। ਡੇਲੀ ਬੀਸਟ ਅਤੇ ਇੰਡੀਪੈਂਡੈਂਟ ਨਿਊਜ਼ ਦੀਆਂ ਰਿਪੋਰਟਾਂ ਅਨੁਸਾਰ ਟਰੰਪ ਦੇ ਸਮਰਥਕਾਂ ਨੇ ਵੀ ਵੱਡਾ ਨੁਕਸਾਨ ਝੱਲਿਆ ਹੈ। ਜਿਹੜੇ ਲੋਕਾਂ ਨੇ $TRUMP ਮੀਮ ਕੋਇਨ ਵਿੱਚ ਨਿਵੇਸ਼ ਕੀਤਾ ਸੀ, ਉਨ੍ਹਾਂ ਨੇ ਜਨਵਰੀ ਤੋਂ ਨਵੰਬਰ 2025 ਤੱਕ ਆਪਣੇ 90 ਫ਼ੀਸਦੀ ਤੋਂ ਵੱਧ ਪੈਸੇ ਗੁਆ ਦਿੱਤੇ ਹਨ। ਇੱਕ ਅੰਕੜੇ ਅਨੁਸਾਰ ਇਸ ਕੋਇਨ ਵਿੱਚ ਨਿਵੇਸ਼ ਕਰਨ ਵਾਲੇ ਰਿਟੇਲ ਨਿਵੇਸ਼ਕਾਂ ਨੂੰ ਔਸਤਨ 1,200 ਡਾਲਰ ਪ੍ਰਤੀ ਵਿਅਕਤੀ ਦਾ ਨੁਕਸਾਨ ਹੋਇਆ ਹੈ। ਇਹ ਟਰੰਪ ਦੇ ‘ਮੇਕ ਅਮੈਰਿਕਾ ਗ੍ਰੇਟ ਅਗੇਨ’ ਨਾਅਰੇ ਨਾਲ ਜੁੜੇ ਨਿਵੇਸ਼ਕਾਂ ਲਈ ਖਾਸ ਤੌਰ ’ਤੇ ਨਿਰਾਸ਼ਾਜਨਕ ਹੈ। ਬਲੂਮਬਰਗ ਨੇ ਇੱਕ ਰਿਪੋਰਟ ਵਿੱਚ ਦੱਸਿਆ ਹੈ ਕਿ ਕ੍ਰਿਪਟੋ ਕਰੈਸ਼ ਨੇ ਟਰੰਪ ਨਾਮ ਨਾਲ ਜੁੜੀਆਂ ਡਿਜੀਟਲ ਸੰਪੱਤੀਆਂ ਨੂੰ 40 ਫ਼ੀਸਦੀ ਤੱਕ ਘਟਾ ਦਿੱਤਾ ਹੈ, ਜੋ ਕਿ ਵਿਸ਼ਵ ਕ੍ਰਿਪਟੋ ਮਾਰਕੀਟ ਦੀ ਔਸਤ ਗਿਰਾਵਟ (15 ਫ਼ੀਸਦੀ) ਤੋਂ ਵੱਧ ਹੈ।

ਕ੍ਰਿਪਟੋ ਨਿਵੇਸ਼ਾਂ ਦੀ ਇਹ ਅਸਥਿਰਤਾ ਨਵੀਂ ਨਹੀਂ ਹੈ। 2025 ਵਿੱਚ ਬਿਟਕੋਇਨ ਨੇ ਸਾਲ ਦੀ ਸ਼ੁਰੂਆਤ ਵਿੱਚ 80,000 ਡਾਲਰ ਦਾ ਰਿਕਾਰਡ ਬਣਾਇਆ ਸੀ, ਪਰ ਨਵੰਬਰ ਵਿੱਚ ਰੇਗੂਲੇਟਰੀ ਚੁਣੌਤੀਆਂ ਅਤੇ ਗਲੋਬਲ ਅਰਥਵਿਵਸਥਾ ਦੇ ਦਬਾਅ ਨਾਲ ਇਹ 20 ਫ਼ੀਸਦੀ ਘਟ ਗਿਆ। ਟਰੰਪ ਪਰਿਵਾਰ ਨੇ ਇਸ ਨੂੰ ਰਾਜਨੀਤਿਕ ਅਤੇ ਵਪਾਰਕ ਤੌਰ ’ਤੇ ਵਰਤਣ ਦੀ ਕੋਸ਼ਿਸ਼ ਕੀਤੀ- ਜਿਵੇਂ ਕਿ WLFI ਨੂੰ ਇੱਕ ‘ਅਮਰੀਕੀ ਲਿਬਰਟੀ’ ਵਾਲੇ ਪ੍ਰੋਜੈਕਟ ਵਜੋਂ ਪੇਸ਼ ਕਰਨਾ, ਪਰ ਇਹ ਰਣਨੀਤੀ ਵੀ ਉਲਟੀ ਪੈ ਗਈ। ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ ਟਰੰਪ ਪਰਿਵਾਰ ਦੀ ਕੁੱਲ ਸੰਪੱਤੀ ਵਿੱਚ ਕ੍ਰਿਪਟੋ ਨਾਲ ਜੁੜੇ ਹਿੱਸੇ 60 ਫ਼ੀਸਦੀ ਹਨ, ਜੋ ਇਸ ਗਿਰਾਵਟ ਨੂੰ ਹੋਰ ਵਧਾ ਰਹੇ ਹਨ। ਇਸ ਨਾਲ ਪਰਿਵਾਰ ਨੂੰ ਨਾ ਸਿਰਫ਼ ਆਰਥਿਕ ਨੁਕਸਾਨ ਹੋਇਆ, ਸਗੋਂ ਉਨ੍ਹਾਂ ਦੀ ਰਾਜਨੀਤਿਕ ਇਮੇਜ਼ ’ਤੇ ਵੀ ਅਸਰ ਪਿਆ ਹੈ, ਕਿਉਂਕਿ ਉਹ ਅਕਸਰ ਆਪਣੀ ਅਰਥਵਿਵਸਥਾ ਨੂੰ ਗਲੋਰੀਫਾਈ ਕਰਦੇ ਹਨ।

ਇਸ ਨੁਕਸਾਨ ਦੇ ਬਾਵਜੂਦ ਟਰੰਪ ਪਰਿਵਾਰ ਦੀ ਕੁੱਲ ਸੰਪੱਤੀ ਅਜੇ ਵੀ ਵੱਡੀ ਹੈ। ਫੋਰਬਸ ਨੇ ਅੰਦਾਜ਼ਾ ਲਗਾਇਆ ਹੈ ਕਿ ਰਾਸ਼ਟਰਪਤੀ ਟਰੰਪ ਦੀ ਨਿੱਜੀ ਨੈੱਟ ਵਰਥ 6.2 ਬਿਲੀਅਨ ਡਾਲਰ ਹੈ, ਜੋ ਕਿ ਸਤੰਬਰ ਮਹੀਨੇ ਦੇ ਰਿਕਾਰਡ 7.3 ਬਿਲੀਅਨ ਤੋਂ ਘਟੀ ਹੈ। ਇਹ ਗਿਰਾਵਟ ਉਨ੍ਹਾਂ ਨੂੰ ਅਰਬਪਤੀਆਂ ਦੀ ਸੂਚੀ ਵਿੱਚ ਥੋੜ੍ਹਾ ਪਿੱਛੇ ਧੱਕ ਰਹੀ ਹੈ, ਪਰ ਨਾਲ਼ ਹੀ ਇਹ ਵੀ ਚਿੰਤਾਜਨਕ ਹੈ ਕਿ ਪਰਿਵਾਰ ਨੇ ਉੱਚ ਜੋਖਮ ਵਾਲੇ ਨਿਵੇਸ਼ਾਂ ‘ਤੇ ਨਿਰਭਰਤਾ ਵਧਾ ਦਿੱਤੀ ਹੈ। ਬਿਜ਼ਨਸ ਇਨਸਾਈਡਰ ਅਨੁਸਾਰ 2025 ਵਿੱਚ ਟਰੰਪ ਨੇ ਕ੍ਰਿਪਟੋ ਨੂੰ ਆਪਣੀ ਚੋਣ ਮੁਹਿੰਮ ਵਿੱਚ ਵੀ ਵਰਤਿਆ ਸੀ, ਜਿੱਥੇ ਉਨ੍ਹਾਂ ਨੇ ਡਿਜੀਟਲ ਮੁਦਰਾਵਾਂ ਨੂੰ ਅਮਰੀਕਾ ਦੇ ਭਵਿੱਖ ਵਜੋਂ ਪੇਸ਼ ਕੀਤਾ, ਪਰ ਅੱਜ ਇਹ ਉਨ੍ਹਾਂ ਲਈ ਬੋਝ ਬਣ ਗਿਆ ਹੈ।

ਇਸ ਕ੍ਰੈਸ਼ ਨੇ ਵਿਸ਼ਵ ਕ੍ਰਿਪਟੋ ਮਾਰਕੀਟ ਨੂੰ ਵੀ ਪ੍ਰਭਾਵਿਤ ਕੀਤਾ ਹੈ। ਨਵੰਬਰ 2025 ਵਿੱਚ ਬਿਟਕੋਇਨ ਦੀ ਕੀਮਤ ਵਿੱਚ 15-20 ਫ਼ੀਸਦੀ ਦੀ ਗਿਰਾਵਟ ਆਈ ਹੈ, ਜੋ ਕਿ ਯੂ.ਐੱਸ. ਫੈਡਰਲ ਰਿਜ਼ਰਵ ਦੀ ਬੈਂਕ ਰੇਟ ਵਧਾਉਣ ਦੀ ਨੀਤੀ ਕਾਰਨ ਹੈ। ਇਸ ਨਾਲ ਹੋਰ ਮੀਮ ਕੋਇਨਾਂ ਵਰਗੇ ਟੋਕਨ ਵੀ ਘਟੇ ਹਨ। ਟਰੰਪ ਪਰਿਵਾਰ ਦਾ ਇਹ ਨੁਕਸਾਨ ਇੱਕ ਉਦਾਹਰਣ ਹੈ ਕਿ ਰਾਜਨੀਤਿਕ ਨੇਤਾ ਵੀ ਆਰਥਿਕ ਜੋਖਮਾਂ ਤੋਂ ਬਚ ਨਹੀਂ ਸਕਦੇ। ਯਾਹੂ ਫਾਈਨੈਂਸ ਨੇ ਰਿਪੋਰਟ ਕੀਤਾ ਹੈ ਕਿ ਇਸ ਕਰੈਸ਼ ਨੇ ਅਮਰੀਕਾ ਵਿੱਚ ਕ੍ਰਿਪਟੋ ਨਿਵੇਸ਼ਕਾਂ ਨੂੰ ਔਸਤਨ 25 ਫ਼ੀਸਦੀ ਦਾ ਨੁਕਸਾਨ ਕਰਵਾਇਆ ਹੈ, ਜੋ ਕਿ ਟਰੰਪ ਸਮਰਥਕਾਂ ਵਿੱਚ ਵੱਧ ਹੈ।


ਸੋ, ਟਰੰਪ ਪਰਿਵਾਰ ਦੀ ਇਹ ਗਿਰਾਵਟ ਕ੍ਰਿਪਟੋ ਦੇ ਖਤਰਿਆਂ ਨੂੰ ਉਜਾਗਰ ਕਰਦੀ ਹੈ। ਇਹ ਵਿਖਾਉਂਦੀ ਹੈ ਕਿ ਵੱਡੇ ਨਿਵੇਸ਼ ਵੀ ਅਸਥਿਰ ਹੋ ਸਕਦੇ ਹਨ, ਖਾਸ ਕਰ ਜਦੋਂ ਉਹ ਨਾਂ ਰਾਜਨੀਤੀ ਨਾਲ ਜੁੜੇ ਹੋਣ। ਇਹ ਕਹਾਣੀ ਨਾ ਸਿਰਫ਼ ਅਮੀਰਾਂ ਲਈ, ਸਗੋਂ ਹਰ ਨਿਵੇਸ਼ਕ ਲਈ ਚੇਤਾਵਨੀ ਹੈ ਕਿ ਜੋਖਮ ਨੂੰ ਸਮਝੋ ਅਤੇ ਵਿਭਿੰਨਤਾ ਰੱਖੋ।

# ਭਾਰਤੀ ਰੁਪਿਆ ਏਸ਼ੀਆ ’ਚ ਸਭ ਤੋਂ ਖਰਾਬ ਪ੍ਰਦਰਸ਼ਨ ਵਾਲੀ ਮੁਦਰਾ ਬਣੀ

## *ਅਮਰੀਕੀ ਡਾਲਰ ਮੁਕਾਬਲੇ 90 ਰੁਪਏ ਤੱਕ ਡਿੱਗ ਸਕਦੈ ਰੁਪਿਆ

ਇਸ ਸਾਲ (ਜਨਵਰੀ ਤੋਂ ਨਵੰਬਰ 2025) ਅਮਰੀਕੀ ਡਾਲਰ (ਯੂ.ਐਸ.ਡੀ.) ਨਾਲ ਮੁਕਾਬਲੇ ਵਿੱਚ 4.3% ਦੀ ਤੇਜ਼ ਗਿਰਾਵਟ ਨਾਲ ਭਾਰਤੀ ਰੁਪਿਆ ਏਸ਼ੀਆ ਦੀ ਸਭ ਤੋਂ ਖਰਾਬ ਕੰਮ ਕਰਨ ਵਾਲੀ ਮੁਦਰਾ ਬਣ ਗਈ ਹੈ। ਪਿਛਲੇ 25 ਸਾਲਾਂ ਵਿੱਚ ਰੁਪਿਆ ਅਮਰੀਕੀ ਡਾਲਰ ਨਾਲੋਂ 43 ਰੁਪਏ ਤੋਂ ਵਧ ਕੇ 85 ਰੁਪਏ ਤੋਂ ਉਪਰ ਹੋ ਗਿਆ ਹੈ, ਜੋ ਕਿ ਲਗਾਤਾਰ ਗਿਰਾਵਟ ਨੂੰ ਦਰਸਾਉਂਦਾ ਹੈ ਅਤੇ ਵਿਸ਼ਵੀ ਆਰਥਿਕ ਪ੍ਰਭਾਵਾਂ ਨੂੰ ਵਿਖਾਉਂਦਾ ਹੈ। ਵਿਦੇਸ਼ੀ ਮੁਦਰਾ ਮਾਹਰਾਂ ਦਾ ਕਹਿਣਾ ਹੈ ਕਿ ਜੇਕਰ ਭਾਰਤ-ਅਮਰੀਕਾ ਵਪਾਰ ਸਮਝੌਤਾ ਜਲਦੀ ਨਹੀਂ ਹੋਇਆ ਤਾਂ ਰੁਪਿਆ ਹੋਰ ਡਿੱਗ ਕੇ ਇੱਕ ਡਾਲਰ ਨਾਲ 90 ਰੁਪਏ ਤੱਕ ਪਹੁੰਚ ਸਕਦਾ ਹੈ। ਇਸ ਗਿਰਾਵਟ ਨਾਲ ਦਰਾਮਦ ਮਹਿੰਗੀ ਹੋ ਜਾਂਦੀ ਹੈ, ਜਿਸ ਨਾਲ ਪੈਟਰੋਲ, ਡੀਜ਼ਲ ਤੇ ਇਲੈਕਟ੍ਰਾਨਿਕਸ ਵਰਗੀਆਂ ਚੀਜ਼ਾਂ ਦੀਆਂ ਕੀਮਤਾਂ ਵਧਦੀਆਂ ਹਨ ਤੇ ਭਾਰਤੀ ਆਰਥਿਕਤਾ ’ਤੇ ਦਬਾਅ ਵੱਧਦਾ ਹੈ, ਜੋ ਮੁਦਰਾ ਦਰ (ਇਨਫਲੇਸ਼ਨ) ਵਧਾ ਸਕਦੀ ਹੈ।

‘ਦ ਹਿੰਦੂ’ ਅਖ਼ਬਾਰ ਦੀ ਰਿਪੋਰਟ ਅਨੁਸਾਰ ‘ਚਾਇਸ ਵੈਲਥ’ ਦੇ ਅਕਸ਼ਤ ਗਰਗ ਨੇ ਕਿਹਾ, “ਰੁਪਿਆ ਚੀਨੀ ਯੁਆਨ ਅਤੇ ਇੰਡੋਨੇਸ਼ੀਆਈ ਰੁਪਿਆ ਵਰਗੀਆਂ ਮੁਦਰਾਵਾਂ ਨਾਲੋਂ ਕਮਜ਼ੋਰ ਰਿਹਾ ਹੈ। ਹਾਲਾਂਕਿ ਇਹ ਅਜੇ ਵੀ ਜਾਪਾਨੀ ਯੇਨ ਅਤੇ ਕੋਰੀਆਈ ਵੋਨ ਵਰਗੀਆਂ ਕੁਦਰਤੀ ਤੌਰ ’ਤੇ ਕਮਜ਼ੋਰ ਮੁਦਰਾਵਾਂ ਨਾਲੋਂ ਬਿਹਤਰ ਕੰਮ ਕਰ ਰਿਹਾ ਹੈ।” ਉਨ੍ਹਾਂ ਨੇ ਹੋਰ ਕਿਹਾ, “ਕੁੱਲ ਮਿਲਾ ਕੇ ਹੁਣ ਰੁਪਏ ਦੀ ਦਿਸ਼ਾ ਘਰੇਲੂ ਆਰਥਿਕਤਾ ਨਾਲੋਂ ਵਧੇਰੇ ਵਿਸ਼ਵੀ ਡਾਲਰ ਦੀ ਮਜਬੂਤੀ ’ਤੇ ਨਿਰਭਰ ਕਰਦੀ ਹੈ।” ਇਸ ਤਰ੍ਹਾਂ ਦੀ ਗਿਰਾਵਟ 2025 ਵਿੱਚ ਰੁਪਏ ਦਾ ਔਸਤ ਪੱਧਰ 84.40 ਰੁਪਏ ਤੱਕ ਰੱਖ ਸਕਦੀ ਹੈ, ਪਰ ਅਸਲ ਵਿੱਚ ਇਹ 89 ਤੋਂ ਉੱਪਰ ਰਹਿਣ ਦੀ ਸੰਭਾਵਨਾ ਹੈ।



ਐਕਸਿਸ ਬੈਂਕ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ (ਬਿਜ਼ਨਸ ਅਤੇ ਆਰਥਿਕ ਖੋਜ) ਤਨਯ ਦਲਾਲ ਨੇ ਕਿਹਾ ਕਿ ਰੁਪਏ ’ਤੇ ਕਈ ਮਹੀਨਿਆਂ ਤੋਂ ਗਿਰਾਵਟ ਦਾ ਦਬਾਅ ਬਣਿਆ ਹੋਇਆ ਹੈ। ਇਹ ਦਬਾਅ ਵਪਾਰਕ ਖਾਤੇ (ਕਰੰਟ ਅਕਾਊਂਟ) ਕਾਰਨ ਨਹੀਂ, ਬਲਕਿ ਪੂੰਜੀ ਨਿਕਾਸੀ (ਕੈਪੀਟਲ ਅਊਟਫਲੋਜ਼) ਕਾਰਨ ਹੈ। ਉਨ੍ਹਾਂ ਕਿਹਾ ਕਿ ਰੁਪਿਆ ਏਸ਼ੀਆਈ ਮੁਦਰਾਵਾਂ ਨਾਲੋਂ ਕਮਜ਼ੋਰ ਹੋਇਆ ਹੈ, ਖਾਸ ਕਰ ਕੇ ਉਨ੍ਹਾਂ ਦੇਸ਼ਾਂ ਨਾਲੋਂ ਜਿਨ੍ਹਾਂ ਦਾ ਕਰੰਟ ਅਕਾਊਂਟ ਫਾਇਦੇ ਵਿੱਚ ਹੈ। ਅੱਜ ਤੱਕ ਕੈਲੰਡਰ ਸਾਲ 2025 ਵਿੱਚ ਰੁਪਿਆ 4 ਫ਼ੀਸਦੀ ਡਿਗਿਆ ਹੈ, ਜਦਕਿ ਇੰਡੋਨੇਸ਼ੀਆਈ ਰੁਪਿਆ 2.9 ਫ਼ੀਸਦੀ ਅਤੇ ਫਿਲੀਪੀਨਸ ਪੈਸੋ 1.3 ਫ਼ੀਸਦੀ ਕਮਜ਼ੋਰ ਹੋਇਆ ਹੈ। ਏਸ਼ੀਆ ਦੀਆਂ ਬਾਕੀ ਮੁਦਰਾਵਾਂ ਵਿੱਚ ਮਜਬੂਤੀ ਦੇਖੀ ਗਈ ਹੈ, ਜੋ ਮੁੱਖ ਤੌਰ ’ਤੇ ਚੀਨੀ ਯੁਆਨ ਕਾਰਨ ਹੈ। ਰਿਜ਼ਰਵ ਬੈਂਕ ਆਫ਼ ਇੰਡੀਆ (ਆਰ.ਬੀ.ਆਈ.) ਨੇ ਰੁਪਏ ਨੂੰ ਸਮਰਥਨ ਦੇਣ ਲਈ ਅਕਸਰ ਦਖਲ ਦਿੱਤਾ ਹੈ, ਪਰ ਇਨ੍ਹੀਂ ਦਿਨੀਂ ਪੂੰਜੀ ਨਿਕਾਸੀ ਅਤੇ ਵਪਾਰ ਚਿੰਤਾਵਾਂ ਕਾਰਨ ਇਹ ਨਵਾਂ ਰਿਕਾਰਡ ਨੀਵਾਂ ਪੱਧਰ ਪਾਰ ਕਰ ਗਿਆ ਹੈ। ਆਰ.ਬੀ.ਆਈ. ਨੇ ਡਾਲਰ ਵੇਚ ਕੇ ਰੁਪਏ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਕੀਤੀ ਹੈ।

21 ਨਵੰਬਰ ਨੂੰ ਰੁਪਿਆ ਡਾਲਰ ਮੁਕਾਬਲੇ ਨਵੇਂ ਅਤੇ ਇਤਿਹਾਸਕ ਪੱਧਰ ’ਤੇ ਪਹੁੰਚ ਗਿਆ ਸੀ। ਇਹ 88.8 ਦੇ ਪੱਧਰ ਨੂੰ ਪਾਰ ਕਰ ਕੇ 89.66 ਤੱਕ ਡਿੱਗ ਗਿਆ। ਹਾਲਾਂਕਿ ਇਸ ਤੋਂ ਬਾਅਦ ਰੁਪਏ ਨੇ ਥੋੜ੍ਹੀ ਰਿਕਵਰੀ ਕੀਤੀ ਅਤੇ 26 ਨਵੰਬਰ 2025 ਨੂੰ ਡਾਲਰ ਮੁਕਾਬਲੇ 89.23 ’ਤੇ ਰਿਹਾ।

ਅਕਿਊਟ ਰੇਟਿੰਗਸ ਐਂਡ ਰਿਸਰਚ ਦੇ ਐੱਮ.ਡੀ. ਅਤੇ ਸੀ.ਈ.ਓ. ਸ਼ੰਕਰ ਚਕਰਵਰਤੀ ਨੇ ਕਿਹਾ, “ਪਿਛਲੇ ਦੋ ਮਹੀਨਿਆਂ ਦੌਰਾਨ ਡਾਲਰ ਵਿੱਚ 3.6 ਫ਼ੀਸਦੀ ਦੀ ਮਜਬੂਤੀ ਨੇ ਜ਼ਿਆਦਾਤਰ ਮੁਦਰਾਵਾਂ ’ਤੇ ਦਬਾਅ ਪਾਇਆ ਹੈ, ਜਿਸ ਵਿੱਚ ਰੁਪਿਆ ਵੀ ਸ਼ਾਮਲ ਹੈ। ਭਾਰਤ ਦੋਹਰੀ ਬਾਹਰੀ ਚੁਣੌਤੀਆਂ ਨਾਲ ਲੜ ਰਿਹਾ ਹੈ- ਇੱਕ ਅਮਰੀਕਾ ਵੱਲੋਂ ਵਧੇ ਹੋਏ ਟੈਰਿਫ਼ ਅਤੇ ਦੂਜਾ ਕੀਮਤੀ ਧਾਤੂਆਂ ਦੀਆਂ ਕੀਮਤਾਂ ਵਿੱਚ ਵਾਧਾ। ਇਨ੍ਹਾਂ ਹਲਾਤਾਂ ਦਾ ਅਸਰ ਭਾਰਤ ਦੇ ਵਪਾਰ ਘਾਟੇ ’ਤੇ ਪੈ ਰਿਹਾ ਹੈ।”

ਡਾ. ਵਿਜਯਕੁਮਾਰ ਅਨੁਸਾਰ ਸ਼ੇਅਰ ਬਾਜ਼ਾਰ ਵਿੱਚ ਵਿਦੇਸ਼ੀ ਨਿਵੇਸ਼ਕਾਂ (ਐਫ.ਆਈ.ਆਈ.) ਵੱਲੋਂ ਲਗਾਤਾਰ ਵਿਕਰੀ ਨਾਲ ਵੀ ਰੁਪਏ ’ਤੇ ਦਬਾਅ ਪਿਆ ਹੈ। ਭਾਰਤ-ਅਮਰੀਕਾ ਵਪਾਰ ਸਮਝੌਤੇ ਵਿੱਚ ਦੇਰੀ ਨੇ ਨਿਵੇਸ਼ਕਾਂ ਦੇ ਭਰੋਸੇ ਨੂੰ ਕਮਜ਼ੋਰ ਕੀਤਾ ਹੈ। ਡਾ. ਵਿਜਯਕੁਮਾਰ ਅਨੁਸਾਰ, “ਜੇਕਰ ਇਹ ਵਪਾਰ ਸਮਝੌਤਾ ਜਲਦੀ ਹੋ ਜਾਂਦਾ ਹੈ ਅਤੇ ਭਾਰਤ ’ਤੇ ਟੈਰਿਫ਼ ਦਰਾਂ ਘੱਟ ਹੁੰਦੀਆਂ ਹਨ, ਤਾਂ ਰੁਪਏ ਵਿੱਚ ਮਜਬੂਤ ਸੁਧਾਰ ਵੇਖਣ ਨੂੰ ਮਿਲ ਸਕਦਾ ਹੈ।” ਉਨ੍ਹਾਂ ਨੇ ਅੰਦਾਜ਼ਾ ਲਗਾਇਆ ਕਿ ਰੁਪਿਆ ਪਹਿਲਾਂ 90 ਦੇ ਪੱਧਰ ਤੱਕ ਡਿੱਗ ਸਕਦਾ ਹੈ ਅਤੇ ਫਿਰ 2026 ਦੀ ਪਹਿਲੀ ਚੌਥਾਈ ਵਿੱਚ 88.50 ਦੇ ਨੇੜੇ ਵਾਪਸ ਆ ਸਕਦਾ ਹੈ।

ਅਕਸ਼ਤ ਗਰਗ ਨੇ ਕਿਹਾ ਕਿ “ਭਾਰਤ ’ਤੇ ਟੈਰਿਫ਼ ਦਾ ਅਸਰ ਇਸ ਲਈ ਵਧੇਰੇ ਪਿਆ, ਕਿਉਂਕਿ ਹਾਲ ਦੇ ਹਫ਼ਤਿਆਂ ਵਿੱਚ ਵਪਾਰ ਘਾਟਾ ਵਧਿਆ ਹੈ ਅਤੇ ਵਿਦੇਸ਼ੀ ਨਿਵੇਸ਼ਕਾਂ ਵੱਲੋਂ ਵਿਕਰੀ ਵੀ ਲਗਾਤਾਰ ਜਾਰੀ ਹੈ। ਆਰ.ਬੀ.ਆਈ. ਨੇ ਦਖ਼ਲ ਦਿੱਤਾ, ਪਰ ਜਦੋਂ ਰੁਪਿਆ ਮਨੋਵਿਗਿਆਨਕ ਪੱਧਰਾਂ ਤੋਂ ਹੇਠਾਂ ਡਿੱਗਾ ਤਾਂ ਗਿਰਾਵਟ ਹੋਰ ਤੇਜ਼ ਹੋ ਗਈ।” ਇਹ ਸਭ ਇਹ ਦੱਸਦਾ ਹੈ ਕਿ ਰੁਪਏ ਦੀ ਹਾਲਤ ਨਾ ਸਿਰਫ਼ ਵਿਸ਼ਵੀ ਘਟਨਾਵਾਂ ਨਾਲ ਜੁੜੀ ਹੈ, ਬਲਕਿ ਭਵਿੱਖ ਵਿੱਚ ਵਪਾਰ ਸਮਝੌਤੇ ਅਤੇ ਨਿਵੇਸ਼ਕਾਂ ਦੇ ਭਰੋਸੇ ਨਾਲ ਹੀ ਸੁਧਾਰ ਸੰਭਵ ਹੈ।

# ਮਹਾ ਸ਼ਕਤੀ ਬਣਨ ਦਾ ਸੁਪਨ-ਸੰਸਾਰ

## ਖ਼ਜ਼ਾਨਾ ਲੈ ਗਏ ਲੁੱਟ ਕੇ ਜੋ ਸਾਡਾ...

**ਸੁਸ਼ੀਲ ਦੁਸਾਂਝ**

ਅਸੀਂ ਬਹੁਤਾ ਬੋਲੇ-ਬੋਲੇ 'ਚ ਯਕੀਨ ਰੱਖਣ ਵਾਲੇ ਲੋਕ ਹਾਂ। ਕੋਈ ਥੋੜ੍ਹੀ ਜਿਹੀ ਤਾਰੀਫ਼ ਕਰੇ ਸਹੀ ਫੁੱਲ-ਫੁੱਲ ਜਾਂਦੇ ਹਾਂ। ਤਾਰੀਫ਼ ਕਰਨ ਵਾਲਾ ਬੰਦਾ ਸਾਨੂੰ ਆਪਣਾ-ਆਪਣਾ ਲੱਗਣ ਲੱਗ ਪੈਂਦਾ ਹੈ। ਅਸੀਂ ਉਹਦੇ ਲਈ ਸਭ ਕੁਝ ਵਾਰਨ ਤੱਕ ਚਲੇ ਜਾਂਦੇ ਹਾਂ; ਇਹ ਦੇਖਿਆਂ ਬਿਨਾ ਹੀ ਕਿ ਉਸ ਵੱਲੋਂ ਕੀਤੀ ਜਾ ਰਹੀ ਤਾਰੀਫ਼ ਦੇ ਪਿੱਛੇ ਉਸਦੀ ਅਸਲੀ ਮਨਸ਼ਾ ਕੀ ਹੈ? ਲੱਖਾਂ ਜੋਤਸ਼ੀ ਵੀ ਸਾਡੀ ਇਸੇ ਕਮਜ਼ੋਰੀ ਦਾ ਖੱਟਿਆ ਖਾਂਦੇ ਹਨ।

ਆਪਣੀ ਤਾਰੀਫ਼ ਸੁਣ ਕੇ ਫੁੱਲ ਜਾਣਾ ਮਨੁੱਖੀ ਫ਼ਿਤਰਤ ਹੈ। ਇਹ ਹੀ ਸਾਡੇ ਮੁਲਕ 'ਤੇ ਵੀ ਲਾਗੂ ਹੁੰਦੀ ਹੈ। ਜਿਵੇਂ ਇੱਕ ਗਰੀਬ-ਗੁਰਬਾ ਕਿਸੇ ਜੋਤਸ਼ੀ ਤੋਂ ਇਹ ਸੁਣ ਕੇ ਹੀ ਖੀਵਾ ਹੋਈ ਜਾਂਦਾ ਹੈ ਕਿ ਉਹ ਤਾਂ ਦਿਲ ਦਾ ਬੜਾ ਅਮੀਰ ਹੈ ਤੇ ਉਹਦੀ ਦੋ ਕਰੋੜ ਦੀ ਲਾਟਰੀ ਲੱਗੀ ਕਿ ਲੱਗੀ, ਉਵੇਂ ਹੀ ਹਜ਼ਾਰਾਂ-ਹਜ਼ਾਰ ਮੁਸੀਬਤਾਂ ਨਾਲ ਜੂਝ ਰਹੇ ਸਾਡੇ ਮੁਲਕ ਲਈ ਵੀ ਜਦੋਂ ਅਮਰੀਕਾ ਵਰਗਾ ਮੁਲਕ ਇਹ ਆਖਦਾ ਹੈ ਕਿ ਭਾਰਤ ਤਾਂ ਮਹਾਸ਼ਕਤੀ ਬਣਨ ਜਾ ਰਿਹਾ ਹੈ ਤਾਂ ਅਸੀਂ ਹਵਾ 'ਚ ਉੱਡਣ ਲੱਗਦੇ ਹਾਂ।

ਕੀ ਅਮਰੀਕਾ ਜਾਂ ਬਰਤਾਨੀਆ ਦੇ ਕਹਿਣ ਨਾਲ ਹੀ ਭਾਰਤ ਮਹਾਸ਼ਕਤੀ ਬਣ ਜਾਵੇਗਾ। ਅੱਜ ਲੋੜ ਮਹਾਸ਼ਕਤੀ ਦੀ ਪਰਿਭਾਸ਼ਾ ਤਲਾਸ਼ਣ ਦੀ ਵੀ ਹੈ। ਮਹਾਸ਼ਕਤੀ ਅਖਵਾਉਂਦੇ ਅਮਰੀਕਾ ਦਾ ਅਸਲ ਸੱਚ ਵੀ ਬਹੁਤ ਸਾਰੀਆਂ ਕੁਦਰਤੀ/ਆਰਥਕ ਮੁਸੀਬਤਾਂ ਵੇਲੇ ਸਾਹਮਣੇ ਆ ਹੀ ਜਾਂਦਾ ਹੈ। ਤਾਜ਼ਾ ਸਰਕਾਰੀ ਤਾਲਾਬੰਦੀ ਇਸ ਦੀ ਮਿਸਾਲ ਹੈ। ਹੁਣ 2025 ਵਿੱਚ ਵੀ ਜਦੋਂ ਟਰੰਪ ਨੇ ਭਾਰਤੀ ਉਤਪਾਦਾਂ ਤੇ 50 ਫ਼ੀਸਦੀ ਟੈਕਸ ਲਗਾਏ, ਤਾਂ ਉਹਦੀ ਇਹ 'ਮਹਾਨ' ਸ਼ਕਤੀ ਵੀ ਬੇਪਰਵਾਹੀ ਨਾਲ ਭਾਰਤ ਨੂੰ ਆਪਣੀ ਵਪਾਰਕ ਤਾਨਾਸ਼ਾਹੀ ਨਾਲ ਹੀ ਖੋਖਲਾ ਕਰਨਾ ਚਾਹੁੰਦੀ ਹੈ।

ਪਿੰਡਾਂ 'ਚ ਰਹਿਣ ਵਾਲੇ ਭੈਣਾਂ-ਭਰਾਵਾਂ ਲਈ ਇੱਕ ਆਸਾਨ ਜਿਹਾ ਸਵਾਲ ਹੈ। ਕੀ ਪਿੰਡ ਦੇ ਉਸ ਕਿਸਾਨ ਨੂੰ ਤੁਸੀਂ 'ਸਭ ਤੋਂ ਤਕੜੇ ਜੱਟ' ਦਾ ਰੁਤਬਾ ਦੇ ਸਕਦੇ ਹੋ, ਜਿਸਦਾ ਵਾਲ-ਵਾਲ ਕਰਜ਼ੇ 'ਚ ਹੋਵੇ ਤੇ ਉਸਦੀ ਜ਼ਮੀਨ ਗਹਿਣੇ ਪੈਂਦੀ ਜਾ ਰਹੀ ਹੋਵੇ? ਜੇ ਨਹੀਂ ਤਾਂ ਫੇਰ ਕਿਸੇ ਵੀ ਕੀਮਤ 'ਤੇ ਆਪਣਾ ਮੁਲਕ ਵੀ ਮਹਾਸ਼ਕਤੀ ਨਹੀਂ ਬਣ ਸਕਦਾ। ਅਮਰੀਕਾ ਦੇ ਫ਼ਤਵਿਆਂ 'ਤੇ ਕੱਛਾਂ ਵਜਾਉਣ ਵਾਲੇ ਸਾਡੇ 'ਰਾਹਨੁਮਾ' ਕੀ ਇਹ ਨਹੀਂ ਜਾਣਦੇ ਕਿ ਮੁਲਕ 'ਤੇ ਸਿਰਫ਼ ਵਿਦੇਸ਼ੀ ਕਰਜ਼ਾ ਹੀ ਏਨਾ ਹੈ ਕਿ ਭਾਰਤ ਵਿੱਚ ਜਨਮ ਲੈਣ ਵਾਲਾ ਹਰ ਬੱਚਾ ਵੀ ਅੱਖਾਂ ਖੋਲ੍ਹਦਿਆਂ ਸਾਰ ਹੀ ਸਵਾ ਲੱਖ ਰੁਪਏ ਦਾ ਦੇਣਦਾਰ ਹੋ ਜਾਂਦਾ ਹੈ ਅਤੇ ਇਹ ਗੱਲ ਹੁਣ ਵੀ ਸੱਚ ਹੈ- ਜੂਨ 2025 ਤੱਕ ਭਾਰਤ ਦਾ ਵਿਦੇਸ਼ੀ ਕਰਜ਼ਾ 747 ਅਰਬ ਡਾਲਰ ਤੋਂ ਵੱਧ ਹੋ ਗਿਆ ਹੈ, ਜੋ ਪਿਛਲੇ ਤਿੰਨ ਮਹੀਨਿਆਂ ਵਿੱਚ ਹੀ 11 ਅਰਬ ਡਾਲਰ ਵਧ ਗਿਆ। ਅਸੀਂ ਹਕੀਕਤਾਂ ਤੋਂ ਅੱਖਾਂ ਕਿਉਂ ਫੇਰ ਲੈਂਦੇ ਹਾਂ? ਜਿਸ ਮੁਲਕ ਦੇ ਕਰੋੜਾਂ ਲੋਕ ਸੜਕਾਂ ਦੀਆਂ ਪਟੜੀਆਂ 'ਤੇ ਹੀ ਅੰਬਰ ਦੀ ਛੱਤਰੀ ਤਾਣ ਕੇ ਭੁੱਖੇ ਪੇਟ ਸੌਂ ਜਾਂਦੇ ਹੋਣ, ਜਿਸ ਮੁਲਕ ਵਿੱਚ ਸਭ ਲਈ ਪੀਣ ਵਾਲਾ ਸਾਫ਼ ਪਾਣੀ ਵੀ ਮੁਹੱਈਆ ਨਾ ਹੋਵੇ, ਜਿਸ ਮੁਲਕ 'ਚ ਬੱਚੇ ਖੇਡਣ ਤੇ ਪੜ੍ਹਨ ਦੀ ਉਮਰੇ ਢੇਰਾਂ ਤੋਂ ਕੱਚ ਚੁਗਦੇ ਫਿਰ ਰਹੇ ਹੋਣ ਤੇ ਜਿਸ ਮੁਲਕ ਦੇ ਕਿਸਾਨਾਂ ਦੀ ਹੋਣੀ ਖੁਦਕੁਸ਼ੀ ਹੋਵੇ, ਉਸ ਮੁਲਕ ਨੂੰ ਮਹਾਸ਼ਕਤੀ ਬਣਨ ਦੀਆਂ ਫੂਕਾਂ ਛਕਾਉਣ ਦੇ ਅਸਲੀ ਮਨੋਰਥ ਜ਼ਰੂਰ ਹੀ ਤਲਾਸ਼ੇ ਜਾਣੇ ਚਾਹੀਦੇ ਹਨ।

ਦਰਅਸਲ, ਇਹ ਪਹਿਲੀ ਵਾਰ ਨਹੀਂ ਵਾਪਰ ਰਿਹਾ। ਜਦੋਂ ਅੰਗਰੇਜ਼ ਭਾਰਤ ਆਏ, ਉਦੋਂ ਵੀ ਉਨ੍ਹਾਂ ਇਹੀ ਪ੍ਰਚਾਰ ਕੀਤਾ ਸੀ ਕਿ ਭਾਰਤ ਨੂੰ ਜਹਾਲਤ ਵਿੱਚੋਂ ਕੱਢ ਕੇ ਏਸ਼ੀਆ ਦੀ ਇੱਕ ਵੱਡੀ ਤਾਕਤ ਬਣਾਉਣ ਦੇ ਮਨਸ਼ੇ ਨਾਲ ਉਹ ਭਾਰਤ ਆਏ ਹਨ। ਅੱਜ ਬਰਤਾਨੀਆ ਦੀ ਥਾਂ ਅਮਰੀਕਾ ਹੈ ਤੇ ਬਰਤਾਨੀਆ ਵੀ ਉਹਦਾ ਭਾਈਵਾਲ ਹੈ। ਅਸਲ ਵਿੱਚ ਅਮਰੀਕਾ ਦੀ ਅਸਲੀ ਮਨਸ਼ਾ ਏਸ਼ੀਆ ਵਿੱਚ ਚੀਨ ਅਤੇ ਜਾਪਾਨ ਨੂੰ ਰੋਕਣ ਲਈ ਭਾਰਤ ਨੂੰ ਆਪਣਾ ਹਥਠੋਕਾ ਬਣਾਉਣ ਦੀ ਹੈ। ਸੰਸਾਰ ਦੇ ਪ੍ਰਸਿੱਧ ਆਰਥਕ ਅਤੇ ਰਾਜਨੀਤਕ ਮਾਹਿਰਾਂ ਦੀ ਲਗਭਗ ਸਾਂਝੀ ਰਾਏ ਹੈ ਕਿ ਚੀਨ ਅਤੇ ਜਾਪਾਨ ਆਰਥਕਤਾ ਤੇ ਤਕਨੀਕ ਦੇ ਮਾਮਲੇ ਵਿੱਚ ਛੇਤੀ ਹੀ ਅਮਰੀਕਾ ਨੂੰ ਪਛਾੜ ਸਕਦੇ ਹਨ।

ਅਮਰੀਕਾ ਆਪਣੇ ਲਈ ਬਣ ਰਹੇ ਇਨ੍ਹਾਂ ਦੋ ਸੰਭਾਵੀ ਖ਼ਤਰਿਆਂ ਨਾਲ ਸਿੱਝਣ ਦੀ ਮਨਸ਼ਾ ਨਾਲ ਹੀ ਭਾਰਤ ਦੀ ਹਉਮੈ ਨੂੰ ਪੱਠੇ ਪਾ ਕੇ ਆਪਣਾ ਮਕਸਦ ਹੱਲ ਕਰਨਾ ਚਾਹੁੰਦਾ ਹੈ। ਭਾਰਤ ਨੂੰ ਫੂਕ ਛਕਾ ਕੇ ਉਹ ਨਾਲ ਦੀ ਨਾਲ ਆਪਣਾ ਕਾਰੋਬਾਰ ਵੀ ਚਮਕਾਉਣ ਦੇ ਆਹਰ 'ਚ ਹੈ। ਉਸਦੀ ਇਹ ਸਾਫ਼ ਮਨਸ਼ਾ ਹੈ ਕਿ ਭਾਰਤ ਦੇ ਗੁਆਂਢੀ ਮੁਲਕਾਂ ਨਾਲ ਸਬੰਧ ਸੁਖਾਵੇਂ ਨਾ ਹੋਣ, ਇਸੇ ਕਰ ਕੇ ਹੀ ਉਹ ਗਾਹੇ-ਬਗਾਹੇ ਭਾਰਤ-ਪਾਕਿ ਦੇ ਸੁਧਰਦੇ ਰਿਸ਼ਤਿਆਂ ਵਿੱਚ ਕੋਈ ਨਾ ਕੋਈ ਅੱਗ ਦਾ ਗੋਲਾ ਸੁੱਟਦਾ ਹੈ। ਇਸੇ ਲਈ ਹੀ ਉਹ ਇਰਾਨ-ਪਾਕਿ-ਭਾਰਤ ਦੀ ਗੈਸ ਪਾਈਪ ਲਾਈਨ ਵਿੱਚ ਅੜਿੱਕੇ ਡਾਹੁੰਦਾ ਹੈ। ਉਸਨੂੰ ਪਤਾ ਹੈ ਕਿ ਜੇਕਰ ਭਾਰਤ ਦੇ ਗੁਆਂਢੀ ਮੁਲਕਾਂ ਨਾਲ ਸਬੰਧਾਂ ਵਿੱਚ ਕੁੜੱਤਣ ਜਾਰੀ ਰਹੇਗੀ ਤਾਂ ਹੀ ਉਸਦੇ ਹਥਿਆਰਾਂ ਦੀ ਖ਼ੂਬ ਵਿਕਰੀ ਹੋਵੇਗੀ। ਇਹ ਵਿਸ਼ਵ ਸੱਤਾ ਦੀਆਂ ਚਾਲਾਂ-ਕੁਚਾਲਾਂ ਹੀ ਹਨ ਕਿ ਕਿਸੇ ਵੇਲੇ ਬੰਗਲਾਦੇਸ਼ ਨੂੰ ਆਜ਼ਾਦੀ ਲੈ ਕੇ ਦੇਣ ਵਾਲਾ ਭਾਰਤ ਅੱਜ ਬੰਗਲਾਦੇਸ਼ ਦੀਆਂ ਨਜ਼ਰਾਂ ਵਿੱਚ ਖ਼ਲਨਾਇਕ ਬਣਦਾ ਜਾ ਰਿਹਾ ਹੈ।

2025 ਵਿੱਚ ਤਾਂ ਇਹ ਚਾਲ ਹੋਰ ਵੀ ਗੰਭੀਰ ਹੋ ਗਈ- ਬਸੰਤ ਵਿੱਚ ਭਾਰਤ-ਪਾਕਿਸਤਾਨ ਵਿਚਾਲੇ ਤਣਾਅ ਦੌਰਾਨ ਅਮਰੀਕਾ ਨੇ ਪਾਕਿਸਤਾਨ ਨਾਲ ਨਵੇਂ ਸਮਝੌਤੇ ਕੀਤੇ ਅਤੇ ਟਰੰਪ ਨੇ ਖੁੱਲ੍ਹ ਕੇ ਪਾਕਿਸਤਾਨ ਨੂੰ ਹਥਿਆਰ ਵੇਚਣ ਦੀ ਗੱਲ ਕੀਤੀ, ਜਿਸ ਨਾਲ ਭਾਰਤ ਨੂੰ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਗੱਲ ਇੱਥੇ ਹੀ ਰੁਕਣ ਵਾਲੀ ਨਹੀਂ ਹੈ। ਸੰਸਾਰ ਪੂੰਜੀ ਪੂਰੀ ਤਰ੍ਹਾਂ ਭਾਰਤ ਨੂੰ ਆਰਥਿਕ ਗੁਲਾਮੀ ਦੇ ਸ਼ਿਕੰਜੇ ਵਿੱਚ ਕੱਸਣ ਦੀ ਤਿਆਰੀ ਵਿੱਚ ਹੈ। ਉਸਦੀ ਸਾਜ਼ਿਸ਼ੀ ਵਪਾਰਕ ਬੁੱਧੀ ਭਾਰਤ ਨੂੰ ਆਪਣੀ ਤਕਨੀਕ, ਪੂੰਜੀ ਅਤੇ ਮਸ਼ੀਨਰੀ ਵਿੱਚ ਉਲਝਾਉਂਦੀ ਜਾ ਰਹੀ ਹੈ। ਉਹ ਭਾਰਤ ਨੂੰ ਇਨ੍ਹਾਂ ਖੇਤਰਾਂ ਵਿੱਚ ਆਪਣਾ ਹਿੱਸੇਦਾਰ ਨਹੀਂ, ਦਲਾਲ ਬਣਾਉਣਾ ਚਾਹੁੰਦਾ ਹੈ ਤੇ ਸਾਡੇ ਹੁਕਮਰਾਨ ਉਸਦੇ ਇਸ਼ਾਰਿਆਂ 'ਤੇ ਪੂਰੀ ਲੈਅ ਵਿੱਚ ਕਠਪੁਤਲੀ ਨਾਚ ਕਰ ਰਹੇ ਹਨ। ਜਦੋਂ ਕਦੇ ਸਰਕਾਰ ਵਿਰੋਧੀ ਧਿਰਾਂ ਦੇ ਥੋੜ੍ਹੇ ਬਹੁਤੇ ਵਿਰੋਧ ਕਰਕੇ ਅਮਰੀਕਾ ਨੂੰ ਨਾਂਹ-ਨੁੱਕਰ ਦੀ ਪੁਜ਼ੀਸ਼ਨ ਲੈਂਦੀ ਹੈ; ਉਦੋਂ ਹੀ ਅਮਰੀਕਾ ਬਾਂਹ ਮਰੋੜਨ ਦੀ ਭੂਮਿਕਾ ਵਿੱਚ ਆ ਜਾਂਦਾ ਹੈ ਤੇ ਸਾਰਾ ਵਿਰੋਧ ਠੁੱਸ ਹੋ ਕੇ ਰਹਿ ਜਾਂਦਾ ਹੈ।

ਭਾਰਤ ਨੂੰ ਲੁੱਟ ਕੇ ਖਾ ਜਾਣ ਦੀਆਂ ਸਾਜ਼ਿਸ਼ਾਂ ਹੀ ਹਨ ਕਿ ਸਰਕਾਰ ਮੁਲਕ ਦਾ ਖੇਤੀ, ਸਨਅਤ, ਬੈਂਕਿੰਗ ਅਤੇ ਸਰਵਿਸ ਸੈਕਟਰ- ਗੱਲ ਕੀ ਹਰ ਖੇਤਰ ਹੀ ਸੰਸਾਰ ਕਾਰਪੋਰੇਟ ਦੇ ਇਸ਼ਾਰੇ 'ਤੇ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰਦੀ ਜਾ ਰਹੀ ਹੈ। ਇਹ ਸਭ ਕੁਝ ਕਰਦਾ ਹੋਇਆ ਵੀ ਸੰਸਾਰ ਕਾਰਪੋਰੇਟ ਜੇਕਰ ਵੱਡੇ-ਵੱਡੇ ਵਿਚਾਰਕਾਂ ਨੂੰ ਵੀ ਦਿਖਾਈ ਨਹੀਂ ਦਿੰਦਾ ਤਾਂ ਇਹ ਉਸਦੀ ਸੁਪਨੇ ਵੇਚਣ ਦੀ ਮੁਹਾਰਤ ਹੀ ਕਹੀ ਜਾ ਸਕਦੀ ਹੈ।

ਜਦੋਂ ਇਹ ਸਤਰਾਂ ਲਿਖੀਆਂ ਜਾ ਰਹੀਆਂ ਹਨ; ਉਦੋਂ ਹੀ ਸੈਂਸੈਕਸ 85 ਹਜ਼ਾਰ ਦੇ ਅੰਕੜੇ ਨੂੰ ਛੂਹਣ ਲੱਗਾ ਹੈ। ਕੁਝ ਲੋਕ ਇਸਨੂੰ ਭਾਰਤੀ ਆਰਥਿਕਤਾ ਦੀ ਮਜ਼ਬੂਤੀ ਦਾ ਨਾਂ ਦਿੰਦੇ ਹੋਏ ਭਾਰਤ ਦੇ ਮਹਾਸ਼ਕਤੀ ਬਣਨ ਦੀਆਂ ਭਵਿੱਖਬਾਣੀਆਂ ਕਰਨ ਲੱਗ ਪਏ ਹਨ। ਉਨ੍ਹਾਂ ਲੋਕਾਂ ਨੂੰ ਇਹ ਪੁੱਛਣਾ ਬਣਦਾ ਹੈ ਕਿ ਸ਼ੇਅਰ ਮਾਰਕਿਟ ਦੇ ਉਤਾਰ-ਚੜ੍ਹਾਅ ਦਾ ਭਲਾ ਮੁਲਕ ਦੇ ਆਮ ਬੰਦੇ ਨਾਲ ਕੀ ਸਬੰਧ ਹੈ? ਉਨ੍ਹਾਂ ਲੋਕਾਂ ਨੂੰ ਇਹ ਦੱਸਣਾ ਬਣਦਾ ਹੈ ਕਿ ਜਿਸ ਤਰ੍ਹਾਂ ਦੀ ਤੇਜ਼ੀ ਉਹ ਅੱਜ ਸ਼ੇਅਰ ਮਾਰਕਿਟ ਵਿੱਚ ਦੇਖ ਰਹੇ ਹਨ; ਬਿਲਕੁਲ ਇਸੇ ਤਰ੍ਹਾਂ ਦੀ ਤੇਜ਼ੀ 1992 ਵਿੱਚ ਦੇਖੀ ਗਈ ਸੀ ਤੇ ਉਦੋਂ ਇਸ ਤੇਜ਼ੀ ਵਿੱਚੋਂ ਹੀ ਹਰਸ਼ਦ ਮਹਿਤਾ ਸ਼ੇਅਰ ਘੁਟਾਲਾ ਸਾਹਮਣੇ ਆਇਆ ਸੀ। ਹੁਣ ਇੱਕ ਨਹੀਂ ਸਗੋਂ ਕਈ-ਕਈ ਹਰਸ਼ਦ ਮਹਿਤੇ ਸਰਗਰਮ ਹਨ ਤੇ ਉਹ ਵੀ ਵਿਦੇਸ਼ੀ ਅਤੇ 2025 ਵਿੱਚ ਤਾਂ ਇਹ ਬੁਲਬੁਲਾ ਫੇਰ ਫਟ ਗਿਆ- ਫ਼ਲੈਸ਼ ਕਰੈਸ਼ ਨੇ ਕਈ ਲੱਖ ਕਰੋੜ ਰੁਪਏ ਮਾਰਕਿਟ ਵਿੱਚੋਂ ਗਾਇਬ ਕਰ ਦਿੱਤੇ ਅਤੇ ਵਿਦੇਸ਼ੀ ਫੰਡਾਂ ਨੇ ਸਾਲ ਭਰ ਵਿੱਚ 15 ਅਰਬ ਡਾਲਰ ਖਿੱਚ ਲਏ।

ਸੋ, ਜ਼ਰਾ ਬੱਚ ਕੇ ਮੋੜ ਤੋਂ। 'ਰੱਬ' ਭਲੀ ਕਰੇ। ਹੁਣ ਤੁਸੀਂ ਹੀ ਦੱਸਣੇ ਹਨ ਮਹਾਸ਼ਕਤੀ ਬਾਰੇ ਆਪਣੇ ਵਿਚਾਰ।

ਹਰਦਿਆਲ ਸਾਗਰ ਦੇ ਇਸ ਸ਼ਿਅਰ ਨਾਲ ਗੱਲ ਮੁਕਾਉਂਦੇ ਹਾਂ:

ਖ਼ਜ਼ਾਨਾ ਲੈ ਗਏ ਲੁੱਟ ਕੇ ਜੋ ਸਾਡਾ, ਉਸ ਖ਼ਜ਼ਾਨੇ 'ਚੋਂ,
ਜ਼ਮਾਨੇ ਸਾਹਮਣੇ ਸਾਨੂੰ ਉਨ੍ਹਾਂ ਨੇ ਖ਼ੈਰ ਪਾਈ ਹੈ।

---

**ਸਵਾਲਾਂ ਦਾ ਸਵਾਲ**

# ਅਮਰੀਕਾ ਛੱਡੀਏ ਜਾਂ ਨੌਕਰੀ ਲੱਭੀਏ?

**ਪੰਜਾਬੀ ਪਰਵਾਜ਼ ਬਿਊਰੋ**







## ਐਚ-1ਬੀ ਵੀਜ਼ਾ ਵਰਕਰ ਛਾਂਟੀ ਤੋਂ ਬਾਅਦ ਕੀ ਕਰਨ?

ਅਮਰੀਕਾ ਵਿੱਚ ਐਚ-1ਬੀ ਵੀਜ਼ਾ 'ਤੇ ਕੰਮ ਕਰਨ ਵਾਲੇ ਪੇਸ਼ੇਵਰ ਲੋਕਾਂ ਨੂੰ ਅਕਸਰ ਲੱਗਦਾ ਹੈ ਕਿ ਉਨ੍ਹਾਂ ਦੀ ਮਿਹਨਤ ਅਤੇ ਕੰਪਨੀ ਨਾਲ ਵਫ਼ਾਦਾਰੀ ਕਾਰਨ ਉਨ੍ਹਾਂ ਦੀ ਛਾਂਟੀ ਨਹੀਂ ਹੋਵੇਗੀ, ਪਰ ਅਜਿਹਾ ਬਿਲਕੁਲ ਵੀ ਨਹੀਂ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੋਚ ਬਹੁਤ ਖ਼ਤਰਨਾਕ ਹੋ ਸਕਦੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਚ-1ਬੀ ਵੀਜ਼ਾ ਨੂੰ ਭਾਵੇਂ ਸਮਰਥਨ ਦਿੱਤਾ ਹੈ, ਪਰ ਟੈਕ ਅਤੇ ਡਿਫੈਂਸ ਵਰਗੇ ਖੇਤਰਾਂ ਵਿੱਚ ਵੱਡੇ ਬਦਲਾਅ ਆ ਰਹੇ ਹਨ। ਇਸ ਕਾਰਨ ਛਾਂਟੀਆਂ ਵੀ ਵਧ ਰਹੀਆਂ ਹਨ। ਅਮਰੀਕਾ ਵਿੱਚ ਖ਼ਾਸ ਤੌਰ 'ਤੇ ਟੈਕ ਉਦਯੋਗ ਵਿੱਚ ਇਹ ਸਮੱਸਿਆ ਵਧੇਰੇ ਹੈ, ਜਿੱਥੇ ਵਿਦੇਸ਼ੀ ਵਰਕਰਾਂ ਨੂੰ ਅਕਸਰ ਨਿਸ਼ਾਨਾ ਬਣਾਇਆ ਜਾਂਦਾ ਹੈ।

2025 ਵਿੱਚ ਅਮਰੀਕਾ ਦੇ ਟੈਕ ਖੇਤਰ ਵਿੱਚ ਛਾਂਟੀਆਂ ਨੇ ਰਿਕਾਰਡ ਤੋੜ ਦਿੱਤਾ ਹੈ। ਵਿਜ਼ੂਅਲ ਕੈਪੀਟਲਿਸਟ ਦੀ ਰਿਪੋਰਟ ਅਨੁਸਾਰ ਟੈਕ ਕੰਪਨੀਆਂ ਨੇ 141,000 ਤੋਂ ਵੱਧ ਨੌਕਰੀਆਂ ਕੱਟੀਆਂ ਹਨ, ਜੋ ਕਿ ਰੀਸਟ੍ਰਕਚਰਿੰਗ, ਆਟੋਮੇਸ਼ਨ ਅਤੇ ਹਾਇਰਿੰਗ ਵਿੱਚ ਘਟਾਅ ਕਾਰਨ ਹੈ। ਟਰੂਅਪ ਦੇ ਅੰਕੜਿਆਂ ਅਨੁਸਾਰ 2025 ਵਿੱਚ ਹੀ 656 ਛਾਂਟੀਆਂ ਹੋਈਆਂ, ਜਿਸ ਨਾਲ 200,225 ਲੋਕ ਪ੍ਰਭਾਵਿਤ ਹੋਏ- ਯਾਨੀ ਔਸਤਨ ਹਰ ਦਿਨ 610 ਲੋਕਾਂ ਨੂੰ ਨੌਕਰੀ ਗੁਆਉਣੀ ਪਈ। ਫਾਈਨਲ ਰਾਊਂਡ ਏ.ਆਈ. ਮੁਤਾਬਕ ਸਤੰਬਰ 2025 ਵਿੱਚ ਹੀ 19,000 ਤੋਂ ਵੱਧ ਲੋਕ ਨੌਕਰੀਆਂ ਤੋਂ ਕੱਢੇ ਗਏ, ਜਦਕਿ ਅਕਤੂਬਰ ਵਿੱਚ ਰਾਇਟਰਜ਼ ਅਨੁਸਾਰ ਛਾਂਟੀਆਂ 175% ਵਧ ਗਈਆਂ ਅਤੇ 153,074 ਨੌਕਰੀਆਂ ਗਈਆਂ। ਇਨ੍ਹਾਂ ਵਿੱਚੋਂ ਬਹੁਤੇ ਐਚ-1ਬੀ ਵਰਕਰ ਹਨ, ਜਿਹੜੇ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਆਉਂਦੇ ਹਨ। ਫੋਰਬਸ ਨੇ ਰਿਪੋਰਟ ਕੀਤਾ ਕਿ ਐਫ.ਵਾਈ.-2025 ਵਿੱਚ 68,000 ਤੋਂ ਵੱਧ ਐਚ-1ਬੀ ਪੈਟੀਸ਼ਨਾਂ ਨੂੰ ਨਵੇਂ ਐਮਪਲਾਇਰ ਲਈ ਅਪਰੂਵ ਕੀਤਾ ਗਿਆ, ਪਰ ਡੈਨਾਈਲ ਰੇਟ ਵੀ ਵਧਿਆ, ਜੋ 2.8% ਤੱਕ ਪਹੁੰਚ ਗਿਆ, ਜੋ ਪਿਛਲੇ ਸਾਲ ਦੇ 2.5% ਤੋਂ ਵੱਧ ਹੈ। ਇਸ ਨਾਲ ਭਾਰਤੀ ਆਈ.ਟੀ. ਕੰਪਨੀਆਂ ਨੂੰ ਵੀ ਨੁਕਸਾਨ ਹੋਇਆ, ਜਿਵੇਂ ਕੌਗਨੀਜ਼ੈਂਟ ਨੂੰ 4% ਡੈਨਾਈਲ ਰੇਟ ਮਿਲਿਆ।

ਇਹ ਛਾਂਟੀਆਂ ਵਿਦੇਸ਼ੀ ਵਰਕਰਾਂ ਲਈ ਬਹੁਤ ਖ਼ਤਰਨਾਕ ਹਨ। ਨੌਕਰੀ ਜਾਣ ਨਾਲ ਉਨ੍ਹਾਂ ਨੂੰ ਨਵੀਂ ਨੌਕਰੀ ਲੱਭਣ ਜਾਂ ਦੇਸ਼ ਛੱਡਣ ਦਾ ਬਦਲ ਮਿਲਦਾ ਹੈ ਅਤੇ ਇਸ ਲਈ ਸਮਾਂ ਵੀ ਘੱਟ ਹੁੰਦਾ ਹੈ।

ਹਿਊਸਟਨ ਵਿੱਚ ਰਹਿਣ ਵਾਲੇ ਭਾਰਤੀ ਮੂਲ ਦੇ ਇਮੀਗ੍ਰੇਸ਼ਨ ਵਕੀਲ ਰਾਹੁਲ ਰੈੱਡੀ ਕਹਿੰਦੇ ਹਨ ਕਿ ਬਹੁਤੇ ਐਚ-1ਬੀ ਵਰਕਰਾਂ ਨੂੰ ਛਾਂਟੀ ਤੋਂ ਹੈਰਾਨੀ ਹੁੰਦੀ ਹੈ, ਕਿਉਂਕਿ ਉਹ ਸੋਚਦੇ ਹਨ ਕਿ ਉਨ੍ਹਾਂ ਦੀ ਪਰਫਾਰਮੈਂਸ ਚੰਗੀ ਹੈ ਤਾਂ ਨੌਕਰੀ ਨਹੀਂ ਜਾਵੇਗੀ; ਪਰ ਅਮਰੀਕਾ ਵਿੱਚ ਵਰਕ ਵੀਜ਼ਾ ਹੋਲਡਰਾਂ ਲਈ ਨਿਯਮ ਸਖ਼ਤ ਹਨ। ਜੇਕਰ ਨੌਕਰੀ ਚਲੀ ਜਾਂਦੀ ਹੈ, ਤਾਂ 60 ਦਿਨਾਂ ਦੀ ਗ੍ਰੇਸ ਪੀਰੀਅਡ ਮਿਲਦੀ ਹੈ। ਯੂ.ਐਸ.ਸੀ.ਆਈ.ਐਸ. ਅਨੁਸਾਰ ਇਹ ਪੀਰੀਅਡ ਓ-1, ਓ-2, ਓ-3, ਐਚ-1ਬੀ, ਐੱਲ-1, ਓ-1 ਅਤੇ ਟੀ.ਐਨ. ਵੀਜ਼ਾ ਵਾਲਿਆਂ ਲਈ ਹੈ। ਇਸ ਦੌਰਾਨ ਵਰਕਰ ਨਵੀਂ ਨੌਕਰੀ ਲੱਭ ਸਕਦਾ ਹੈ ਜਾਂ ਵੀਜ਼ਾ ਬਦਲ ਸਕਦਾ ਹੈ। ਇਸ ਤੋਂ ਇਲਾਵਾ ਵੀਜ਼ਾ ਵੈਲਿਡਿਟੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ 10 ਦਿਨਾਂ ਦੀ ਗ੍ਰੇਸ ਪੀਰੀਅਡ ਹੈ। ਪਰ ਰਾਹੁਲ ਰੈੱਡੀ ਕਹਿੰਦੇ ਹਨ ਕਿ 60 ਦਿਨ ਬਹੁਤ ਘੱਟ ਹੁੰਦੇ ਹਨ- ਨਵੀਂ ਕੰਪਨੀ ਲੱਭਣੀ ਅਤੇ ਪੇਪਰਵਰਕ ਪੂਰਾ ਕਰਨ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ। ਮੈਨੀਫੈਸਟ ਲਾਅ ਅਨੁਸਾਰ ਇਸ ਪੀਰੀਅਡ ਵਿੱਚ ਵਰਕ ਨਹੀਂ ਕੀਤਾ ਜਾ ਸਕਦਾ, ਸਿਰਫ਼ ਨੌਕਰੀ ਲੱਭੀ ਜਾ ਸਕਦੀ ਹੈ।

2025 ਵਿੱਚ ਟਰੰਪ ਪ੍ਰਸ਼ਾਸਨ ਨੇ ਐਚ-1ਬੀ ਨੂੰ ਹੋਰ ਸਖ਼ਤ ਕੀਤਾ ਹੈ। ਵ੍ਹਾਈਟ ਹਾਊਸ ਨੇ 19 ਸਤੰਬਰ 2025 ਨੂੰ ਇੱਕ ਪ੍ਰੋਕਲੇਮੇਸ਼ਨ ਜਾਰੀ ਕੀਤਾ, ਜਿਸ ਵਿੱਚ ਐਚ-1ਬੀ ਸਬੰਧੀ ਨਵੀਆਂ ਅਰਜ਼ੀਆਂ ਲਈ 100,000 ਡਾਲਰ ਦੀ ਫ਼ੀਸ ਲਗਾਈ ਗਈ। ਇਹ ਫ਼ੀਸ ਹੁਣ ਕੰਪਨੀਆਂ ਨੂੰ ਵਿਦੇਸ਼ੀ ਵਰਕਰਾਂ ਨੂੰ ਹਾਇਰ ਕਰਨ ਤੋਂ ਰੋਕ ਰਹੀ ਹੈ। ਅਮਰੀਕਨ ਪ੍ਰੋਗ੍ਰੈੱਸ ਨੇ ਰਿਪੋਰਟ ਕੀਤੀ ਕਿ ਇਹ ਨੀਤੀ ਅਮਰੀਕਾ ਦੀ ਇਨੋਵੇਸ਼ਨ ਨੂੰ ਨੁਕਸਾਨ ਪਹੁੰਚਾ ਰਹੀ ਹੈ। ਫੋਰਬਸ ਅਨੁਸਾਰ ਨਵੇਂ ਨਿਯਮ ਨੇ ਐਚ-1ਬੀ ਨੂੰ ਮਹਿੰਗਾ ਬਣਾ ਦਿੱਤਾ ਹੈ, ਜਿਸ ਨਾਲ ਭਾਰਤੀ ਕੰਪਨੀਆਂ ਨੂੰ ਵੱਧ ਡੈਨਾਈਲ ਮਿਲ ਰਹੇ ਹਨ। ਐਫ.ਵਾਈ.-2025 ਵਿੱਚ ਕੁੱਲ ਐਚ-1ਬੀ ਕੈਪ 65,000 ਰੈਗੂਲਰ ਅਤੇ 20,000 ਮਾਸਟਰਜ਼ ਡਿਗਰੀ ਵਾਲਿਆਂ ਲਈ ਹੈ, ਪਰ ਅਪਰੂਵਲਾਂ ਵਿੱਚ ਘਟਾਅ ਆਇਆ ਹੈ। ਨਿਊਜ਼ਵੀਕ ਅਨੁਸਾਰ ਭਾਰਤੀ ਕੰਪਨੀਆਂ ਨੂੰ ਐਚ-1ਬੀ ਅਪਰੂਵਲ ਘੱਟ ਹੋਏ ਹਨ ਅਤੇ ਡਿਪਾਰਟਮੈਂਟ ਆਫ਼ ਲੇਬਰ ਅਮਰੀਕੀ ਵਰਕਰਾਂ ਨੂੰ ਪਹਿਲ ਦੇ ਰਿਹਾ ਹੈ। ਇਸ ਨਾਲ 28,277 ਐਮਪਲਾਇਰਾਂ ਨੇ ਘੱਟ ਐਚ-1ਬੀ ਵਰਕਰ ਹਾਇਰ ਕੀਤੇ।

ਇਸ ਸਥਿਤੀ ਵਿੱਚ ਐਚ-1ਬੀ ਵਰਕਰਾਂ ਨੂੰ ਹਮੇਸ਼ਾ ਪਲਾਨ 'ਬੀ' ਰੱਖਣਾ ਚਾਹੀਦਾ ਹੈ। ਰਾਹੁਲ ਰੈੱਡੀ ਨੇ ਚਾਰ ਬਦਲ ਦੱਸੇ ਹਨ, ਜਿਨ੍ਹਾਂ ਨੂੰ ਅਸੀਂ ਵਿਸਥਾਰ ਨਾਲ ਵੇਖੀਏ। ਪਹਿਲਾ ਰਾਹ ਹੈ, ਤੁਰੰਤ ਬੀ-2 ਵਿਜ਼ਿਟਰ ਵੀਜ਼ਾ ਲਈ ਅਪਲਾਈ ਕਰਨਾ। ਇਹ ਟੂਰਿਸਟ ਵੀਜ਼ਾ ਹੈ, ਜਿਸ ਨਾਲ ਅਮਰੀਕਾ ਵਿੱਚ ਕੁਝ ਹੋਰ ਮਹੀਨੇ ਰਹਿਣ ਦਾ ਸਮਾਂ ਮਿਲ ਜਾਂਦਾ ਹੈ। ਇਸ ਦੌਰਾਨ ਵਰਕ ਨਹੀਂ ਕੀਤਾ ਜਾ ਸਕਦਾ, ਪਰ ਨੌਕਰੀ ਲੱਭਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਸੁਝਾਇਆ ਕਿ ਗ੍ਰੇਸ ਪੀਰੀਅਡ ਦੇ 45ਵੇਂ ਦਿਨ ਤੱਕ ਇਹ ਅਪਲਾਈ ਕੀਤਾ ਜਾਵੇ ਤਾਂ ਠੀਕ ਹੈ, ਕਿਉਂਕਿ ਪ੍ਰੋਸੈੱਸਿੰਗ ਵਿੱਚ 2-3 ਹਫ਼ਤੇ ਲੱਗਦੇ ਹਨ। ਇਹ ਰਾਹ ਆਸਾਨ ਹੈ ਅਤੇ ਫ਼ੀਸ ਵੀ ਘੱਟ (ਲਗਭਗ 185 ਡਾਲਰ) ਹੈ, ਪਰ ਇਸ ਨੂੰ ਅਪਰੂਵ ਹੋਣ ਵਿੱਚ ਕਈ ਵਾਰ ਮੁਸ਼ਕਲ ਵੀ ਹੁੰਦੀ ਹੈ।

ਦੂਜਾ ਬਦਲ ਹੈ ਐਫ-1 ਸਟੂਡੈਂਟ ਵੀਜ਼ਾ ਲੈਣਾ। ਇਸ ਨਾਲ ਕਾਲਜ ਵਿੱਚ ਦਾਖ਼ਲਾ ਲੈ ਕੇ ਨਵੀਂ ਸਕਿੱਲ ਸਿੱਖੀ ਜਾ ਸਕਦੀ ਹੈ ਅਤੇ ਅਮਰੀਕਾ ਵਿੱਚ ਰਹਿਣ ਦਾ ਅਧਿਕਾਰ ਬਣਿਆ ਰਹਿੰਦਾ ਹੈ। ਬਾਊਂਡਲੈੱਸ ਅਨੁਸਾਰ ਪੜ੍ਹਾਈ ਤੋਂ ਬਾਅਦ ਓ.ਪੀ.ਟੀ. (ਆਪਟੀਕਲ ਪ੍ਰੈਕਟੀਕਲ ਟ੍ਰੇਨਿੰਗ) ਨਾਲ ਨੌਕਰੀ ਲੱਭਣ ਦੀ ਗੁੰਜਾਇਸ਼ ਵਧ ਜਾਂਦੀ ਹੈ, ਖ਼ਾਸ ਕਰਕੇ ਸਟੈੱਮ (STEM) ਫੀਲਡਾਂ ਵਿੱਚ, ਜਿੱਥੇ 24 ਮਹੀਨਿਆਂ ਦੀ ਐਕਸਟੈਂਸ਼ਨ ਮਿਲਦੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਵਿਕਲਪ ਉਨ੍ਹਾਂ ਲਈ ਚੰਗਾ ਹੈ, ਜਿਹੜੇ ਆਪਣੇ ਕਰੀਅਰ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ; ਪਰ ਇਸ ਲਈ ਯੂਨੀਵਰਸਿਟੀ ਵਿੱਚ ਅਪਲਾਈ ਕਰਨਾ ਅਤੇ ਫੰਡਿੰਗ ਦਿਖਾਉਣੀ ਪੈਂਦੀ ਹੈ, ਜਿਸ ਨਾਲ ਖਰਚਾ ਵਧਦਾ ਹੈ- ਔਸਤਨ 20,000 ਤੋਂ 50,000 ਡਾਲਰ ਪ੍ਰਤੀ ਸੈਮੇਸਟਰ।

ਤੀਜਾ ਰਾਹ ਹੈ ਐਚ-4 ਡਿਪੈਂਡੈਂਟ ਸਟੇਟਸ ਲੈਣਾ।

⇒ ਬਾਕੀ ਸਫਾ 7 ਉਤੇ ਪੜ੍ਹੋ

# ਇਥੋਪੀਆ ਦਾ ਹੈਲੇ ਗੁੱਬੀ ਜਵਾਲਾਮੁਖੀ

## ■ਸੁਆਹ ਦਾ ਗਰਦ-ਗੁਬਾਰ ਹਜ਼ਾਰਾਂ ਕਿਲੋਮੀਟਰ ਦੀ ਯਾਤਰਾ ਕਰ ਸਕਦਾ
## ■ਵਿਗਿਆਨੀਆਂ ਲਈ ਜਵਾਲਾਮੁਖੀ ਨੂੰ ਨੇੜਿਓਂ ਸਮਝਣ ਦਾ ਦੁਰਲੱਭ ਮੌਕਾ





***ਐਮੀਰੇਟਸ ਐਸਟ੍ਰੋਨੋਮੀਕਲ ਸੋਸਾਇਟੀ ਦੇ ਚੇਅਰਮੈਨ ਇਬਰਾਹਿਮ ਅਲ ਜਰਵਾਨ ਨੇ ਕਿਹਾ ਕਿ ਜੇ ਜਵਾਲਾਮੁਖੀ ਅਚਾਨਕ ਹੋਰ ਸਲਫਰ ਡਾਈਆਕਸਾਈਡ ਛੱਡ ਰਿਹਾ ਹੈ, ਤਾਂ ਇਹ ਦਰਸਾਉਂਦਾ ਹੈ ਕਿ ਅੰਦਰ ਦਬਾਅ ਬਣ ਰਿਹਾ ਹੈ, ਮੈਗਮਾ ਹਿੱਲ ਰਿਹਾ ਹੈ ਅਤੇ ਹੋਰ ਫਟਣ ਹੋ ਸਕਦੇ ਹਨ। ਹਾਲਾਂਕਿ ਜਵਾਲਾਮੁਖੀ ਇਸ ਸਮੇਂ ਸ਼ਾਂਤ ਦਿਖਾਈ ਦਿੰਦਾ ਹੈ, ਪਰ ਮਾਹਰਾਂ ਦਾ ਕਹਿਣਾ ਹੈ ਕਿ ਢਾਲ ਵਾਲੇ ਜਵਾਲਾਮੁਖੀ ਕਈ ਵਾਰ ਸ਼ੁਰੂਆਤੀ ਧਮਾਕੇ ਤੋਂ ਬਾਅਦ ਵਾਰ-ਵਾਰ ਫਟ ਸਕਦੇ ਹਨ।***

**ਪੰਜਾਬੀ ਪਰਵਾਜ਼ ਬਿਊਰੋ**

ਇਥੋਪੀਆ ਦੇ ਅਫ਼ਾਰ ਖੇਤਰ ਵਿੱਚ ਸਥਿਤ ਹੈਲੇ ਗੁੱਬੀ ਜਵਾਲਾਮੁਖੀ ਪਿਛਲੇ ਦਿਨੀਂ ਫਟ ਗਿਆ। ਸਮਿਥਸੋਨੀਅਨ ਸੰਸਥਾਨ ਦੇ ਗਲੋਬਲ ਵੋਲਕੈਨਿਜ਼ਮ ਪ੍ਰੋਗਰਾਮ ਅਨੁਸਾਰ ਪਿਛਲੇ 12,000 ਸਾਲਾਂ ਵਿੱਚ ਹੈਲੇ ਗੁੱਬੀ ਜਵਾਲਾਮੁਖੀ ਦੇ ਵਿਸਫੋਟ ਦਾ ਇਹ ਪਹਿਲਾ ਮਾਮਲਾ ਹੈ। ਸੈਟੇਲਾਈਟ ਤਸਵੀਰਾਂ ਵਿੱਚ ਸੁਆਹ ਦਾ ਬੱਦਲ ਲਾਲ ਸਾਗਰ ਦੇ ਉੱਪਰ ਤੈਰਦਾ ਹੋਇਆ ਦਿਖਾਈ ਦਿੱਤਾ। ਇਸ ਨਾਲ ਸੰਘਣਾ ਧੂੰਆਂ 14 ਕਿਲੋਮੀਟਰ ਦੀ ਉਚਾਈ ਤੱਕ ਆਸਮਾਨ ਵਿੱਚ ਉੱਡਦਾ ਦਿਖਾਈ ਦਿੱਤਾ। ਇਸ ਵਿੱਚ ਮੁੱਖ ਤੌਰ 'ਤੇ ਜਵਾਲਾਮੁਖੀ ਦੀ ਸੁਆਹ, ਸਲਫ਼ਰ ਡਾਈਆਕਸਾਈਡ ਅਤੇ ਕੁਝ ਛੋਟੇ ਕੱਚ/ਚੱਟਾਨ ਦੇ ਕਣ ਸ਼ਾਮਲ ਸਨ। ਲੰਬੇ ਸਮੇਂ ਤੋਂ ਸੁਸਤ ਹੈਲੇ ਗੁੱਬੀ ਜਵਾਲਾਮੁਖੀ ਨੇ ਗੁਆਂਢੀ ਪਿੰਡਾਂ ਨੂੰ ਧੂੜ ਨਾਲ ਢੱਕ ਦਿੱਤਾ ਸੀ ਅਤੇ ਕਿਸਾਨਾਂ ਲਈ ਚੁਣੌਤੀਆਂ ਪੈਦਾ ਕੀਤੀਆਂ। ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਯਮਨ ਅਤੇ ਓਮਾਨ ਦੀਆਂ ਸਰਕਾਰਾਂ ਨੇ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਹੈ, ਖਾਸ ਕਰਕੇ ਸਾਹ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਨੂੰ। ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਸੁਆਹ ਸਥਾਨਕ ਪਸ਼ੂ ਪਾਲਕਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਸਕਦੀ ਹੈ; ਕਿਉਂਕਿ ਜਵਾਲਾਮੁਖੀ ਮਹੱਤਵਪੂਰਨ ਚਰਾਗਾਹਾਂ ਨੂੰ ਦੱਬ ਰਿਹਾ ਹੈ। ਵਸਨੀਕਾਂ ਨੇ ਜਵਾਲਾਮੁਖੀ ਫਟਣ ਦੇ ਸਮੇਂ ਇੱਕ ਭਿਆਨਕ ਧਮਾਕੇ ਦੀ ਆਵਾਜ਼ ਸੁਣੀ।

ਹਾਲੀਆ ਜਵਾਲਾਮੁਖੀ ਫਟਣ ਨਾਲ, ਜੋ ਕਿ ਲੋਕਾਂ ਲਈ ਬਹੁਤ ਘੱਟ ਖ਼ਤਰਾ ਪੈਦਾ ਕਰਦਾ ਹੈ, ਇੱਕ ਵਿਗਿਆਨਕ ਝਗੜਾ ਸ਼ੁਰੂ ਹੋ ਗਿਆ ਹੈ। ਇਸੇ ਦੌਰਾਨ ਵਿਗਿਆਨੀਆਂ ਲਈ ਜਵਾਲਾਮੁਖੀ ਨੂੰ ਨੇੜਿਓਂ ਸਮਝਣ ਦਾ ਇਹ ਇੱਕ ਦੁਰਲੱਭ ਮੌਕਾ ਸਮਝਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਸਬੰਧੀ ਹੋਰ ਜਾਣਕਾਰੀ ਜੁਟਾਉਣ ਸਬੰਧੀ ਭੱਜ-ਦੌੜ ਕਰਨ ਲਈ ਭੇਜਿਆ ਜਾ ਰਿਹਾ ਹੈ। ਖੋਜਕਰਤਾ ਹੁਣ ਹੈਲੇ ਗੁਬੀ ਨੂੰ ਭਵਿੱਖ ਦੇ ਅਧਿਐਨਾਂ ਲਈ ਇੱਕ ਮੁੱਖ ਸਥਾਨ ਵਜੋਂ ਦੇਖ ਰਹੇ ਹਨ। ਉਹ ਇਹ ਸਮਝਣ ਦੀ ਕੋਸ਼ਿਸ਼ ਕਰਨਗੇ ਕਿ ਇਹ ਜਵਾਲਾਮੁਖੀ ਹਜ਼ਾਰਾਂ ਸਾਲਾਂ ਤੱਕ ਸੁਸਤ ਰਹਿਣ ਤੋਂ ਬਾਅਦ ਹੁਣ ਕਿਉਂ ਸਰਗਰਮ ਹੋ ਗਿਆ ਹੈ? ਅਜਿਹੇ ਅਧਿਐਨ ਟੈਕਟੋਨਿਕ ਰਿਫਟ ਜ਼ੋਨਾਂ ਵਿੱਚ ਸਥਿਤ ਢਾਲ ਵਾਲੇ ਜੁਆਲਾਮੁਖੀ ਦੇ ਵਿਵਹਾਰ ਵਿੱਚ ਨਵੀਂ ਸਮਝ ਪ੍ਰਦਾਨ ਕਰ ਸਕਦੇ ਹਨ।

ਇੰਗਲੈਂਡ ਦੀ ਸਾਊਥੈਂਪਟਨ ਯੂਨੀਵਰਸਿਟੀ ਦੇ ਧਰਤੀ ਵਿਗਿਆਨੀ ਡੇਰੇਕ ਕੀਰ ਇਥੋਪੀਆ ਵਿੱਚ ਸਨ ਜਦੋਂ ਜਵਾਲਾਮੁਖੀ ਫਟਿਆ; ਉਸਨੇ ਨਵੀਂ ਸੁਆਹ ਦੇ ਨਮੂਨੇ ਇਕੱਠੇ ਕੀਤੇ। ਇੰਗਲੈਂਡ ਵਿੱਚ ਬ੍ਰਿਸਟਲ ਯੂਨੀਵਰਸਿਟੀ ਦੇ ਇੱਕ ਧਰਤੀ ਵਿਗਿਆਨੀ ਬਿਗਸ ਕਹਿੰਦੇ ਹਨ ਕਿ ਇਹ ਨਮੂਨੇ ਇਹ ਦੱਸਣ ਵਿੱਚ ਮਦਦ ਕਰਨਗੇ ਕਿ ਕਿਸ ਕਿਸਮ ਦਾ ਮੈਗਮਾ ਫਟਣ ਦਾ ਕਾਰਨ ਬਣਿਆ। ਜਵਾਲਾਮੁਖੀ ਵਿੱਚੋਂ ਲਾਵਾ ਵਹਿਣ ਨਾਲ ਇਹ ਵੀ ਪਤਾ ਲੱਗ ਸਕਦਾ ਹੈ ਕਿ ਕੀ ਹੈਲੇ ਗੁੱਬੀ ਸੱਚਮੁੱਚ 12,000 ਸਾਲਾਂ ਤੋਂ ਸ਼ਾਂਤ ਸੀ!

ਜੂਲੀਅਟ ਬਿਗਸ ਦਾ ਕਹਿਣਾ ਹੈ ਕਿ ਇਸ ਸਬੰਧੀ ਘੱਟ ਅਧਿਐਨ ਕੀਤਾ ਗਿਆ ਅਤੇ ਇਥੋਪੀਆ ਦੇ ਸੁੱਕੇ, ਪੇਂਡੂ ਉੱਤਰ-ਪੂਰਬ ਵਿੱਚ ਸਥਿਤ ਜਵਾਲਾਮੁਖੀ ਹੈਲੇ ਗੁੱਬੀ ਦਾ ਉੱਚਾ ਸੁਆਹ ਕਾਲਮ ਉਸ ਸਮੇਂ ਵਿੱਚ ਹੋਰ, ਅਣਪਛਾਤੇ ਫਟਣ ਦਾ ਸੁਰਾਗ ਹੋ ਸਕਦਾ ਹੈ। ਸੈਟੇਲਾਈਟ ਤਸਵੀਰਾਂ ਸੰਕੇਤ ਦਿੰਦੀਆਂ ਹਨ ਕਿ ਜਵਾਲਾਮੁਖੀ ਨੇ ਹਾਲ ਹੀ ਵਿੱਚ ਲਾਵਾ ਬਾਹਰ ਕੱਢਿਆ ਹੋ ਸਕਦਾ ਹੈ।

ਉੱਤਰੀ ਕੈਰੋਲੀਨਾ ਸਟੇਟ ਯੂਨੀਵਰਸਿਟੀ ਦੇ ਜਵਾਲਾਮੁਖੀ ਵਿਗਿਆਨੀ ਅਰਿਆਨਾ ਸੋਲਦਾਤੀ ਅਨੁਸਾਰ ਹੈਲੇ ਗੁੱਬੀ ਪੂਰਬੀ ਅਫ਼ਰੀਕੀ ਰਿਫਟ ਜ਼ੋਨ ਵਿੱਚ ਇੱਕ ਅਜਿਹਾ ਖੇਤਰ ਹੈ, ਜਿੱਥੇ ਅਫ਼ਰੀਕੀ ਅਤੇ ਅਰਬੀ ਪਲੇਟਾਂ ਲਗਭਗ 0.4 ਤੋਂ 0.6 ਇੰਚ ਪ੍ਰਤੀ ਸਾਲ ਦੀ ਦਰ ਨਾਲ ਵੱਖ ਹੋ ਰਹੀਆਂ ਹਨ। ਜੇਕਰ ਦੋਵੇਂ ਪਲੇਟਾਂ ਵੱਖ ਹੁੰਦੀਆਂ ਰਹਿੰਦੀਆਂ ਹਨ, ਤਾਂ ਅੰਤ ਵਿੱਚ ਅਰਬ ਸਾਗਰ ਅਤੇ ਰਿਫਟ ਵੈਲੀ ਇੱਕ ਨਵਾਂ ਸਮੁੰਦਰ ਬਣ ਜਾਣਗੇ। ਜਿਵੇਂ-ਜਿਵੇਂ ਧਰਤੀ ਦੀ ਪਰਤ ਵੱਖ ਹੁੰਦੀ ਜਾਂਦੀ ਹੈ, ਇਹ ਫੈਲਦੀ ਜਾਂਦੀ ਹੈ ਤੇ ਪਤਲੀ ਹੋ ਜਾਂਦੀ ਹੈ, ਅਤੇ ਗਰਮ ਚੱਟਾਨਾਂ ਮੈਟਲ ਤੋਂ ਉੱਪਰ ਉੱਠਦੀਆਂ ਹਨ, ਸਤ੍ਹਾ ਵੱਲ ਮੈਗਮਾ ਵਿੱਚ ਪਿਘਲਦੀਆਂ ਜਾਂਦੀਆਂ ਹਨ। ਜਿੰਨਾ ਚਿਰ ਮੈਗਮਾ ਬਣਨ ਦੀਆਂ ਸਥਿਤੀਆਂ ਹਨ, ਇੱਕ ਜਵਾਲਾਮੁਖੀ ਅਜੇ ਵੀ ਫਟ ਸਕਦਾ ਹੈ- ਭਾਵੇਂ ਹਜ਼ਾਰ ਜਾਂ ਦਸ ਹਜ਼ਾਰ ਸਾਲਾਂ ਵਿੱਚ ਇਹ ਇੱਕ ਵੀ ਨਾ ਫਟਿਆ ਹੋਵੇ।

ਉਂਜ ਖੋਜਕਰਤਾਵਾਂ ਨੂੰ ਕੁਝ ਅੰਦਾਜ਼ਾ ਸੀ ਕਿ ਹੈਲੇ ਗੁੱਬੀ ਵਿਖੇ ਜਵਾਲਾਮੁਖੀ ਫਟਣਾ ਸੰਭਵ ਹੈ। ਜੁਲਾਈ ਵਿੱਚ ਨੇੜੇ ਹੀ ਇੱਕ ਹੋਰ ਸਰਗਰਮ ਜਵਾਲਾਮੁਖੀ ਜਿਸਨੂੰ ਏਰਟਾ ਅਲੇ ਕਿਹਾ ਜਾਂਦਾ ਹੈ, ਸੁਆਹ ਦੀ ਵਰਖਾ ਵਿੱਚ ਫਟਿਆ। ਉਸੇ ਸਮੇਂ ਸੈਟੇਲਾਈਟ ਡੇਟਾ ਨੇ ਜ਼ਮੀਨੀ ਗਤੀ ਦਾ ਖੁਲਾਸਾ ਕੀਤਾ, ਜੋ ਦਰਸਾਉਂਦਾ ਹੈ ਕਿ ਏਰਟਾ ਅਲੇ ਤੋਂ ਮੈਗਮਾ ਦਾ ਘੁਸਪੈਠ ਸਤ੍ਹਾ ਤੋਂ 18 ਮੀਲ ਤੋਂ ਵੱਧ ਹੇਠਾਂ, ਹੈਲੇ ਗੁੱਬੀ ਦੇ ਹੇਠਾਂ ਅਤੇ ਇਸ ਤੋਂ ਪਰੇ ਧੱਕਿਆ ਗਿਆ ਸੀ। ਵਿਗਿਆਨੀ ਜੂਲੀਅਟ ਬਿਗਸ ਅਤੇ ਉਸਦੇ ਸਹਿਯੋਗੀਆਂ ਨੇ ਇਸਦੇ ਸਿਖਰ 'ਤੇ ਚਿੱਟੇ ਫੁੱਲੇ ਹੋਏ ਬੱਦਲ ਵੀ ਰਿਕਾਰਡ ਕੀਤੇ ਸਨ; ਤੇ ਜਵਾਲਾਮੁਖੀ ਦੀ ਜ਼ਮੀਨ ਕੁਝ ਸੈਂਟੀਮੀਟਰ ਉੱਚੀ ਹੋ ਗਈ ਸੀ।

ਰਾਜਧਾਨੀ ਅਦੀ ਅਬਾਬਾ ਤੋਂ ਲਗਭਗ 800 ਕਿਲੋਮੀਟਰ (500 ਮੀਲ) ਉੱਤਰ-ਪੂਰਬ ਵਿੱਚ ਸਥਿਤ ਹੈਲੇ ਗੁੱਬੀ ਜਵਾਲਾਮੁਖੀ ਲੜੀ ਏਰਟਾ ਅਲੇ ਰੇਂਜ ਦਾ ਸਭ ਤੋਂ ਦੱਖਣੀ ਜਵਾਲਾਮੁਖੀ ਹੈ। ਇਹ ਲਗਭਗ 500 ਮੀਟਰ ਦੀ ਉਚਾਈ 'ਤੇ ਉੱਠਦਾ ਹੈ ਅਤੇ ਤੀਬਰ ਭੂ-ਵਿਗਿਆਨਕ ਗਤੀਵਿਧੀ ਦੇ ਇੱਕ ਖੇਤਰ ਵਿੱਚ ਬੈਠਦਾ ਹੈ, ਜਿੱਥੇ ਦੋ ਟੈਕਟੋਨਿਕ ਪਲੇਟਾਂ ਮਿਲਦੀਆਂ ਹਨ।

ਵਿਗਿਆਨੀਆਂ ਨੇ ਹਜ਼ਾਰਾਂ ਸਾਲਾਂ ਬਾਅਦ ਹੋਣ ਵਾਲੇ ਜਵਾਲਾਮੁਖੀ ਫਟਣ ਨੂੰ ਖੇਤਰ ਦੇ ਇਤਿਹਾਸ ਦੀਆਂ ਸਭ ਤੋਂ ਅਸਾਧਾਰਨ ਘਟਨਾਵਾਂ ਵਿੱਚੋਂ ਇੱਕ ਦੱਸਿਆ ਹੈ। ਗਲਫ ਨਿਊਜ਼ ਅਨੁਸਾਰ ਧਮਾਕੇ ਦੇ ਨਾਲ ਵੱਡੀ ਮਾਤਰਾ ਵਿੱਚ ਸਲਫਰ ਡਾਈਆਕਸਾਈਡ ਵੀ ਛੱਡਿਆ ਗਿਆ, ਜਿਸ ਨਾਲ ਵਾਤਾਵਰਣ ਅਤੇ ਸਿਹਤ 'ਤੇ ਇਸਦੇ ਪ੍ਰਭਾਵ ਬਾਰੇ ਚਿੰਤਾਵਾਂ ਪੈਦਾ ਹੋਈਆਂ।

ਐਮੀਰੇਟਸ ਐਸਟ੍ਰੋਨੋਮੀਕਲ ਸੋਸਾਇਟੀ ਦੇ ਚੇਅਰਮੈਨ ਇਬਰਾਹਿਮ ਅਲ ਜਰਵਾਨ ਨੇ ਕਿਹਾ ਕਿ ਜੇ ਜਵਾਲਾਮੁਖੀ ਅਚਾਨਕ ਹੋਰ ਸਲਫਰ ਡਾਈਆਕਸਾਈਡ ਛੱਡ ਰਿਹਾ ਹੈ, ਤਾਂ ਇਹ ਦਰਸਾਉਂਦਾ ਹੈ ਕਿ ਅੰਦਰ ਦਬਾਅ ਬਣ ਰਿਹਾ ਹੈ, ਮੈਗਮਾ ਹਿੱਲ ਰਿਹਾ ਹੈ ਅਤੇ ਹੋਰ ਫਟਣ ਹੋ ਸਕਦੇ ਹਨ। ਹਾਲਾਂਕਿ ਜਵਾਲਾਮੁਖੀ ਇਸ ਸਮੇਂ ਸ਼ਾਂਤ ਦਿਖਾਈ ਦਿੰਦਾ ਹੈ, ਪਰ ਮਾਹਰਾਂ ਦਾ ਕਹਿਣਾ ਹੈ ਕਿ ਢਾਲ ਵਾਲੇ ਜਵਾਲਾਮੁਖੀ ਕਈ ਵਾਰ ਸ਼ੁਰੂਆਤੀ ਧਮਾਕੇ ਤੋਂ ਬਾਅਦ ਵਾਰ-ਵਾਰ ਫਟ ਸਕਦੇ ਹਨ।

ਹੈਲੇ ਗੁੱਬੀ ਅਫਾਰ ਰਿਫਟ ਦਾ ਹਿੱਸਾ ਹੈ। ਇਹ ਇੱਕ ਅਜਿਹਾ ਖੇਤਰ ਹੈ, ਜਿੱਥੇ ਧਰਤੀ ਦੀਆਂ ਟੈਕਟੋਨਿਕ ਪਲੇਟਾਂ ਲਗਾਤਾਰ ਬਦਲ ਰਹੀਆਂ ਹਨ। ਇਸ ਖੇਤਰ ਦੇ ਹੋਰ ਜੁਆਲਾਮੁਖੀ ਜਿਵੇਂ ਕਿ ਏਰਟਾ ਅਲੇ, ਪਹਿਲਾਂ ਹੀ ਲਗਾਤਾਰ ਨਿਗਰਾਨੀ ਅਧੀਨ ਹਨ। ਅਜਿਹੀ ਸਥਿਤੀ ਵਿੱਚ ਹੈਲੇ ਗੁਬੀ ਦਾ ਅਚਾਨਕ ਸਰਗਰਮ ਹੋਣਾ ਇਸ ਬਾਰੇ ਸਵਾਲ ਖੜ੍ਹੇ ਕਰਦਾ ਹੈ ਕਿ ਧਰਤੀ ਦੇ ਹੇਠਾਂ ਮੈਗਮਾ ਵਿੱਚ ਕਿਹੜੀਆਂ ਡੂੰਘੀਆਂ ਤਬਦੀਲੀਆਂ ਹੋ ਰਹੀਆਂ ਹਨ?

ਇਹ ਘਟਨਾ ਅੰਤਰਰਾਸ਼ਟਰੀ ਸੈਟੇਲਾਈਟ ਪ੍ਰਣਾਲੀਆਂ ਅਤੇ ਸਰਹੱਦ ਪਾਰ ਸੁਆਹ ਚੇਤਾਵਨੀਆਂ ਦੀ ਮਹੱਤਤਾ ਨੂੰ ਵੀ ਉਜਾਗਰ ਕਰਦੀ ਹੈ। ਜਵਾਲਾਮੁਖੀ ਸੁਆਹ ਹਜ਼ਾਰਾਂ ਕਿਲੋਮੀਟਰ ਦੀ ਯਾਤਰਾ ਕਰ ਸਕਦੀ ਹੈ, ਇਸੇ ਕਰਕੇ ਕਈ ਦੇਸ਼ਾਂ ਦੀਆਂ ਏਜੰਸੀਆਂ ਸਾਂਝੇ ਤੌਰ 'ਤੇ ਇਸਦਾ ਪਤਾ ਲਗਾ ਰਹੀਆਂ ਹਨ।

ਟੂਲੂਜ਼ ਵਾਲਕੇਨਿਕ ਐਸ਼ ਐਡਵਾਇਜ਼ਰੀ ਸੈਂਟਰ ਅਨੁਸਾਰ ਜਵਾਲਾਮੁਖੀ ਤੋਂ ਨਿਕਲਿਆ ਗੁਬਾਰ ਉਡ ਕੇ ਯਮਨ, ਓਮਾਨ, ਭਾਰਤ ਅਤੇ ਉੱਤਰੀ ਪਾਕਿਸਤਾਨ ਤੱਕ ਅਤੇ ਹੋਰ ਅਗਾਂਹ ਤੱਕ ਪਹੁੰਚਿਆ। ਹੈਲੇ ਗੁੱਬੀ ਜਵਾਲਾਮੁਖੀ ਖੇਤਰ ਤੋਂ ਗੁਜਰਾਤ ਤੱਕ ਇੱਕ ਵੱਡਾ ਸੁਆਹ ਦਾ ਬੱਦਲ ਦਿਖਾਈ ਦਿੱਤਾ। ਇਹ 100-120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਤਰੀ ਭਾਰਤ ਵੱਲ ਵਧਿਆ। ਇਹ ਬੱਦਲ ਆਸਮਾਨ ਵਿੱਚ 15,000-25,000 ਫੁੱਟ ਤੋਂ ਲੈ ਕੇ 45,000 ਫੁੱਟ ਤੱਕ ਉਚਾਈ ਵਿੱਚ ਫੈਲ ਗਏ ਹੋਣ ਦਾ ਅੰਦਾਜ਼ਾ ਲਾਇਆ ਗਿਆ ਅਤੇ ਆਸਮਾਨ ਆਮ ਨਾਲੋਂ ਵੱਧ ਧੁੰਦਲਾ ਦਿਖਿਆ।

ਅੰਗਰੇਜ਼ੀ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਨੇ ਆਪਣੀ ਵੈੱਬਸਾਈਟ 'ਤੇ ਇੱਕ ਰਿਪੋਰਟ ਵਿੱਚ ਲਿਖਿਆ, "ਸੁਆਹ ਦੇ ਬੱਦਲ ਦੇ ਲਾਲ ਸਾਗਰ ਪਾਰ ਕਰਕੇ ਮੱਧ ਪੂਰਬ ਅਤੇ ਮੱਧ ਏਸ਼ੀਆ ਵੱਲ ਵਧਣ ਤੋਂ ਬਾਅਦ ਏਅਰਲਾਈਨਜ਼ ਨੇ ਦੁਪਹਿਰ ਤੋਂ ਬਾਅਦ ਹੀ ਉਡਾਣਾਂ ਰੱਦ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਕੁਝ ਉਡਾਣਾਂ ਪਾਕਿਸਤਾਨ ਦੇ ਹਵਾਈ ਖੇਤਰ ਤੋਂ ਮੁੜ ਰੂਟ ਨਿਰਧਾਰਤ ਕਰਨੀਆਂ ਪਈਆਂ। ਜ਼ਿਕਰਯੋਗ ਹੈ ਕਿ ਪਾਕਿਸਤਾਨ ਦਾ ਹਵਾਈ ਖੇਤਰ ਭਾਰਤੀ ਏਅਰਲਾਈਨਜ਼ ਲਈ ਬੰਦ ਹੈ।


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।



**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਂਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ (ਮਿਸ਼ੀਗਨ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਇੰਦਰ ਹੁੰਜਣ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਹਰਕੇਵਲ ਸਿੰਘ ਲਾਲੀ

# ਆਰ.ਐਸ.ਐਸ. ਦੀ ਦਾਬ ਹੇਠ ਸੰਵਿਧਾਨਕ ਢਾਂਚਾ ਬਚੇਗਾ?

**ਭਖਦਾ ਮੁੱਦਾ**

**ਕੁਰਬਾਨ ਅਲੀ**
**(ਸੀਨੀਅਰ ਪੱਤਰਕਾਰ)**

ਭਾਰਤੀ ਸੰਵਿਧਾਨ ਸਭਾ ਵੱਲੋਂ ਬਣਾਏ ਗਏ ਸੰਵਿਧਾਨ ਨੂੰ 76 ਸਾਲ ਪੂਰੇ ਹੋ ਗਏ ਹਨ। ਬ੍ਰਿਟੇਨ ਦੇ ਬਾਦਸ਼ਾਹ ਵੱਲੋਂ 'ਮੈਗਨਾ ਕਾਰਟਾ' ਜਾਂ 'ਗ੍ਰੇਟ ਚਾਰਟਰ' 'ਤੇ ਹਸਤਾਖ਼ਰ ਕਰਨ ਤੋਂ 736 ਸਾਲ ਬਾਅਦ ਭਾਰਤੀ ਸੰਵਿਧਾਨ ਬਣਾਇਆ ਗਿਆ, ਜੋ ਇਨਸਾਨੀ ਹੱਕਾਂ ਦੀ ਰਾਖੀ ਲਈ ਇੱਕ ਅਜਿਹਾ ਕਾਨੂੰਨ ਹੈ, ਜਿਸ ਦਾ ਕੋਈ ਹੋਰ ਨਮੂਨਾ ਨਹੀਂ ਮਿਲਦਾ। ਮੈਗਨਾ ਕਾਰਟਾ ਨੇ ਕਾਨੂੰਨ ਦੀ ਹਕੂਮਤ ਸਥਾਪਿਤ ਕੀਤੀ ਅਤੇ ਅੰਗਰੇਜ਼ ਲੋਕਾਂ ਦੇ ਹੱਕਾਂ ਦੀ ਗਾਰੰਟੀ ਦਿੱਤੀ ਸੀ। ਉਸੇ ਤਰ੍ਹਾਂ ਡਾ. ਭੀਮਰਾਓ ਅੰਬੇਡਕਰ ਵੱਲੋਂ ਬਣਾਏ ਭਾਰਤੀ ਸੰਵਿਧਾਨ ਨੇ 5 ਹਜ਼ਾਰ ਸਾਲ ਪੁਰਾਣੀਆਂ ਰੀਤਾਂ ਅਤੇ ਕਾਨੂੰਨਾਂ ਨੂੰ ਖ਼ਤਮ ਕਰ ਕੇ ਗੁਲਾਮੀ ਅਤੇ ਛੂਆ-ਛੂਤ ਨੂੰ ਜੁਰਮ ਐਲਾਨਿਆ ਤੇ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਹੱਕ ਦਿੱਤਾ।

ਜੋ ਲੋਕ 1950 ਵਿੱਚ ਇਸ ਸੰਵਿਧਾਨ ਦਾ ਵਿਰੋਧ ਕਰ ਰਹੇ ਸਨ ਅਤੇ ਜੋ ਅੱਜ ਇਸੇ ਸੰਵਿਧਾਨ ਦੀ ਕੁੰਜੀ ਨਾਲ ਦੇਸ਼ ਤੇ ਕਈ ਰਾਜਾਂ ਵਿੱਚ ਸੱਤਾ 'ਤੇ ਕਾਬਜ਼ ਹਨ, ਪਰ ਅੱਜ ਵੀ ਦਿਲੋਂ ਇਸ ਦਸਤਾਵੇਜ਼ ਨੂੰ ਕਬੂਲ ਨਹੀਂ ਕਰ ਸਕੇ ਤੇ ਕਦੇ-ਕਦੇ ਇਸ ਦਾ ਵਿਰੋਧ ਕਰਦੇ ਰਹਿੰਦੇ ਹਨ, ਉਹ ਇਸੇ ਸਾਲ ਆਪਣੇ ਉਸ ਸੰਗਠਨ ਦੀ ਜਨਮ-ਸ਼ਤਾਬਦੀ ਮਨਾ ਕੇ ਹਟੇ ਹਨ; ਜੋ ਸੰਗਠਨ ਮਨੂੰਸਮ੍ਰਿਤੀ ਵਿੱਚ ਵਿਸ਼ਵਾਸ ਰੱਖਦਾ ਹੈ, ਜਾਤ-ਪਾਤ ਨੂੰ ਬਚਾਉਂਦਾ ਹੈ ਅਤੇ ਲੋਕਤੰਤਰ ਵਿਰੋਧੀ ਹੈ। 2025 ਵਿੱਚ ਆਰ.ਐਸ.ਐਸ. ਦੇ 100 ਸਾਲ ਪੂਰੇ ਹੋਣ ਨਾਲ ਇਹ ਵਿਚਾਰਧਾਰਾ ਹੋਰ ਤੇਜ਼ ਹੋ ਗਈ ਹੈ, ਜਿਵੇਂ ਕਿ ਕਾਂਗਰਸ ਨੇ ਸੰਵਿਧਾਨ ਦਿਵਸ 'ਤੇ ਕਿਹਾ ਕਿ ਆਰ.ਐਸ.ਐਸ. ਅੰਬੇਡਕਰ ਅਤੇ ਸੰਵਿਧਾਨ 'ਤੇ 'ਭਿਆਨਕ ਹਮਲੇ' ਕਰ ਰਿਹਾ ਹੈ ਅਤੇ ਬੀ.ਜੇ.ਪੀ.-ਆਰ.ਐਸ.ਐਸ. ਸੰਵਿਧਾਨ ਨੂੰ ਨੁਕਸਾਨ ਪਹੁੰਚਾ ਰਹੇ ਹਨ।

ਇਹ ਵਾਰ-ਵਾਰ ਦੱਸਿਆ ਜਾਂਦਾ ਹੈ ਕਿ ਰਾਸ਼ਟਰੀ ਸਵੈਮਸੇਵਕ ਸੰਘ ਅਤੇ 'ਹਿੰਦੂਤਵਵਾਦੀ ਸੰਗਠਨਾਂ' ਨੇ 1857 ਵਿੱਚ ਸ਼ੁਰੂ ਹੋਏ ਆਜ਼ਾਦੀ ਦੀ ਪਹਿਲੀ ਲੜਾਈ ਤੋਂ ਲੈ ਕੇ 1947 ਤੱਕ ਚੱਲੇ 90 ਸਾਲਾਂ ਦੇ ਕੌਮੀ ਅੰਦੋਲਨ ਨੂੰ, ਉਸ ਦੇ ਨੇਤਾਵਾਂ ਨੂੰ, ਉਸ ਦੀ ਵਿਚਾਰਧਾਰਾ ਨੂੰ ਅਤੇ ਉਸ 'ਤੇ ਬਣੇ ਦੇਸ਼ ਦੇ ਸੰਵਿਧਾਨ ਨੂੰ ਕਦੇ ਨਹੀਂ ਮੰਨਿਆ ਅਤੇ ਲੋਕਤੰਤਰੀ ਵਿਵਸਥਾ ਦਾ ਹਮੇਸ਼ਾ ਵਿਰੋਧ ਕੀਤਾ। ਆਪਣੇ ਆਪ ਨੂੰ ਸੱਭਿਆਚਾਰਕ ਸੰਗਠਨ ਕਹਿ ਕੇ ਅਤੇ ਨਕਾਬ ਪਾ ਕੇ ਪਹਿਲਾਂ ਹਿੰਦੂ ਮਹਾਸਭਾ, ਰਾਮਰਾਜ ਬਿਆਸ, ਫਿਰ ਭਾਰਤੀ ਜਨਸੰਘ ਅਤੇ 1980 ਤੋਂ ਭਾਰਤੀ ਜਨਤਾ ਪਾਰਟੀ ਵਾਂਗ ਰਾਜਨੀਤੀ ਕਰਨ ਵਾਲੇ ਰਾਸ਼ਟਰੀ ਸਵੈਮਸੇਵਕ ਸੰਘ ਦੀ ਵਿਚਾਰਧਾਰਾ ਕੀ ਰਹੀ ਹੈ, ਇਸ ਬਾਰੇ ਸੋਚਣਾ ਜ਼ਰੂਰੀ ਹੈ।

ਰਾਸ਼ਟਰੀ ਸਵੈਮਸੇਵਕ ਸੰਘ ਜਿਨ੍ਹਾਂ ਨੂੰ ਆਪਣਾ ਪੂਰਵਜ ਮੰਨਦਾ ਹੈ ਅਤੇ ਜਿਨ੍ਹਾਂ ਦੇ ਸਵੈਮਸੇਵਕ ਮਾਨਸ ਪੁੱਤਰ ਹਨ, ਉਹ ਹਨ- ਵਿਨਾਇਕ ਦਾਮੋਦਰ ਸਾਵਰਕਰ ਅਤੇ ਸੰਘ ਦੇ ਦੂਜੇ ਸਰਸੰਘਚਾਲਕ ਮਾਧਵ ਸਦਾਸ਼ਿਵ ਗੋਲਵਲਕਰ ਉਰਫ਼ ਗੁਰੂਜੀ। ਗੋਲਵਲਕਰ ਹਿਟਲਰ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਸ ਨੂੰ ਭਾਰਤ ਵਿੱਚ ਲਾਗੂ ਕਰਨਾ ਚਾਹੁੰਦੇ ਸਨ। ਗੋਲਵਲਕਰ ਦੀ ਇੱਕ ਕਿਤਾਬ ਹੈ, 'ਵੀ ਔਰ ਨੇਸ਼ਨਹੁੱਡ ਡਿਫਾਈਨਡ।'




1946 ਵਿੱਚ ਛਪੀ ਇਸ ਕਿਤਾਬ ਦੇ ਚੌਥੇ ਸੰਸਕਰਣ ਵਿੱਚ ਗੋਲਵਲਕਰ ਲਿਖਦੇ ਹਨ, 'ਹਿੰਦੁਸਤਾਨ ਦੇ ਸਾਰੇ ਗੈਰ-ਹਿੰਦੂਆਂ ਨੂੰ ਹਿੰਦੂ ਸੱਭਿਆਚਾਰ ਅਤੇ ਭਾਸ਼ਾ ਅਪਣਾਉਣੀ ਪਵੇਗੀ ਅਤੇ ਹਿੰਦੂ ਜਾਤ ਜਾਂ ਸੱਭਿਆਚਾਰ ਦੀ ਸ਼ਲਾਘਾ ਤੋਂ ਇਲਾਵਾ ਕੋਈ ਵਿਚਾਰ ਆਪਣੇ ਮਨ ਵਿੱਚ ਨਹੀਂ ਰੱਖਣਾ ਹੋਵੇਗਾ।'

ਇਸੇ ਕਿਤਾਬ ਦੇ ਪੰਨੇ 42 'ਤੇ ਉਹ ਲਿਖਦੇ ਹਨ ਕਿ 'ਜਰਮਨੀ ਨੇ ਜਾਤ ਅਤੇ ਸੱਭਿਆਚਾਰ ਦੀ ਸ਼ੁੱਧਤਾ ਬਚਾਉਣ ਲਈ ਸੈਮਿਟਿਕ ਯਹੂਦੀ ਜਾਤ ਨੂੰ ਮਿਟਾ ਕੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ ਸੀ। ਇਸ ਨਾਲ ਜਾਤੀ ਗੌਰਵ ਦੇ ਸਰਬ-ਉਚ ਰੂਪ ਦੀ ਝਲਕ ਮਿਲਦੀ ਹੈ।'

ਗੋਲਵਲਕਰ ਦੀ ਇੱਕ ਹੋਰ ਕਿਤਾਬ ਹੈ, 'ਬੰਚ ਆਫ਼ ਥਾਟਸ।' ਇਸ ਕਿਤਾਬ ਦੇ ਨਵੰਬਰ 1966 ਵਾਲੇ ਸੰਸਕਰਣ ਵਿੱਚ ਗੋਲਵਲਕਰ ਦੇਸ਼ ਦੇ ਤਿੰਨ ਅੰਦਰੂਨੀ ਖ਼ਤਰਿਆਂ ਬਾਰੇ ਗੱਲ ਕਰਦੇ ਹਨ: ਮੁਸਲਮਾਨ, ਈਸਾਈ ਅਤੇ ਕਮਿਊਨਿਸਟ।

ਉਹ ਵਰਣ ਵਿਵਸਥਾ ਯਾਨੀ ਜਾਤ-ਪਾਤ ਦੇ ਵੀ ਮਜਬੂਤ ਸਮਰਥਕ ਹਨ। ਉਹ ਲਿਖਦੇ ਹਨ, 'ਅਸੀਂ ਜੋ ਸਮਾਜ ਵੇਖਦੇ ਹਾਂ, ਉਸ ਦੀ ਵਿਸ਼ੇਸ਼ਤਾ ਵਰਣ ਵਿਵਸਥਾ ਸੀ, ਜਿਸ ਨੂੰ ਅੱਜ ਜਾਤ ਵਿਵਸਥਾ ਕਹਿ ਕੇ ਉਸ ਦਾ ਮਜ਼ਾਕ ਉਡਾਇਆ ਜਾਂਦਾ ਹੈ। ਸਮਾਜ ਨੂੰ ਸਰਵਸ਼ਕਤੀਮਾਨ ਈਸ਼ਵਰ ਦੀ ਚਾਰ ਵਰਣਾਂ ਵਾਲੀ ਵਿਵਸਥਾ ਦੀ ਕਲਪਨਾ ਕੀਤੀ ਗਈ ਸੀ, ਜਿਸ ਦੀ ਪੂਜਾ ਹਰ ਇੱਕ ਨੂੰ ਆਪਣੀ ਯੋਗਤਾ ਅਤੇ ਆਪਣੇ ਤਰੀਕੇ ਨਾਲ ਕਰਨੀ ਚਾਹੀਦੀ ਹੈ। ਬ੍ਰਾਹਮਣ ਨੂੰ ਇਸ ਲਈ ਮਹਾਨ ਮੰਨਿਆ ਜਾਂਦਾ ਸੀ, ਕਿਉਂਕਿ ਉਹ ਗਿਆਨ ਦਾਨ ਕਰਦਾ ਸੀ। ਕਸ਼ਤਰੀ ਨੂੰ ਵੀ ਓਨਾ ਹੀ ਮਹਾਨ ਮੰਨਿਆ ਜਾਂਦਾ ਸੀ, ਕਿਉਂਕਿ ਉਹ ਦੁਸ਼ਮਣਾਂ ਨੂੰ ਮਾਰਦਾ ਸੀ। ਵੈਸ਼ ਵੀ ਘੱਟ ਮਹੱਤਵਪੂਰਨ ਨਹੀਂ ਸੀ, ਕਿਉਂਕਿ ਉਹ ਖੇਤੀਬਾੜੀ ਅਤੇ ਵਪਾਰ ਨਾਲ ਸਮਾਜ ਦੀਆਂ ਲੋੜਾਂ ਪੂਰੀਆਂ ਕਰਦਾ ਸੀ ਅਤੇ ਸ਼ੂਦਰ ਵੀ ਜੋ ਆਪਣੀ ਕਲਾ ਅਤੇ ਹੁਨਰ ਨਾਲ ਸਮਾਜ ਦੀ ਸੇਵਾ ਕਰਦਾ ਸੀ।'

ਇਸ ਵਿੱਚ ਚਲਾਕੀ ਨਾਲ ਗੋਲਵਲਕਰ ਨੇ ਇਹ ਜੋੜ ਦਿੱਤਾ ਕਿ ਸ਼ੂਦਰ ਆਪਣੇ ਹੁਨਰ ਨਾਲ ਸਮਾਜ ਦੀ ਸੇਵਾ ਕਰਦੇ ਹਨ, ਪਰ ਇਸ ਕਿਤਾਬ ਵਿੱਚ ਗੋਲਵਲਕਰ ਨੇ ਚਾਣਕਿਆ ਦੇ ਅਰਥਸ਼ਾਸਤਰ ਦੀ ਤਾਰੀਫ਼ ਕੀਤੀ ਹੈ, ਜਿਸ ਵਿੱਚ ਲਿਖਿਆ ਹੈ ਕਿ ਬ੍ਰਾਹਮਣ, ਕਸ਼ਤਰੀ ਅਤੇ ਵੈਸ਼ਾਂ ਦੀ ਸੇਵਾ ਕਰਨਾ ਸ਼ੂਦਰਾਂ ਦਾ ਕੁਦਰਤੀ ਧਰਮ ਹੈ। ਕੁਦਰਤੀ ਧਰਮ ਦੀ ਜਗ੍ਹਾ ਗੋਲਵਲਕਰ ਨੇ ਸਮਾਜ ਦੀ ਸੇਵਾ ਜੋੜ ਦਿੱਤੀ।

ਸਮਾਜਵਾਦ ਅਤੇ ਕਮਿਊਨਿਜ਼ਮ ਨੂੰ ਉਹ ਵਿਦੇਸ਼ੀ ਚੀਜ਼ਾਂ ਮੰਨਦੇ ਹਨ। ਉਹ ਲਿਖਦੇ ਹਨ ਕਿ 'ਇਹ ਸਾਰੇ ਇਜ਼ਮ- ਯਾਨੀ ਸੈਕੂਲਰਿਜ਼ਮ, ਸੋਸ਼ਲਿਜ਼ਮ, ਕਮਿਊਨਿਜ਼ਮ ਅਤੇ ਡੈਮੋਕਰੇਸੀ, ਇਹ ਸਭ ਵਿਦੇਸ਼ੀ ਵਿਚਾਰ ਹਨ ਅਤੇ ਇਨ੍ਹਾਂ ਨੂੰ ਛੱਡ ਕੇ ਸਾਨੂੰ ਭਾਰਤੀ ਸੱਭਿਆਚਾਰ ਦੇ ਆਧਾਰ 'ਤੇ ਸਮਾਜ ਨੂੰ ਬਣਾਉਣਾ ਚਾਹੀਦਾ ਹੈ।'

ਰਾਸ਼ਟਰੀ ਅੰਦੋਲਨ ਦੌਰਾਨ ਸੰਘ ਰਾਜ ਨੂੰ ਮੰਨ ਲਿਆ ਗਿਆ ਸੀ, ਯਾਨੀ ਕੇਂਦਰ ਨੇ ਕੁਝ ਨਿਰਧਾਰਤ ਵਿਸ਼ੇ ਲਏ ਹੋਣਗੇ, ਬਾਕੀ ਰਾਜਾਂ ਨੂੰ ਮਿਲਣਗੇ। ਪਰ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੇ ਇਸ ਮੁੱਢਲੇ ਹਿੱਸੇ ਦਾ ਵੀ ਵਿਰੋਧ ਕੀਤਾ।

ਦੇਸ਼ ਆਜ਼ਾਦ ਹੋਣ ਉਤੇ ਅਤੇ ਵੰਡ ਤੋਂ ਬਾਅਦ ਵੀ ਰਾਸ਼ਟਰੀ ਨੇਤਾਵਾਂ ਨੇ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਇਸ ਦੇਸ਼ ਨੂੰ ਇੱਕ 'ਲੋਕਤੰਤਰੀ ਗਣਰਾਜ' ਵਜੋਂ ਸਥਾਪਿਤ ਕੀਤਾ। ਇਹ ਨੇਤਾ ਚਾਹੁੰਦੇ ਤਾਂ 15 ਅਗਸਤ 1947 ਨੂੰ ਇਸ ਦੇਸ਼ ਨੂੰ ਹਿੰਦੂ ਰਾਸ਼ਟਰ ਐਲਾਨ ਸਕਦੇ ਸਨ, ਕਿਉਂਕਿ ਮੁਸਲਿਮ ਲੀਗ ਅਤੇ ਉਸ ਦੇ ਨੇਤਾ ਮੁਹੰਮਦ ਅਲੀ ਜਿਨਾਹ ਨੇ ਮੁਸਲਮਾਨਾਂ ਲਈ ਅਲੱਗ ਰਾਸ਼ਟਰ ਪਾਕਿਸਤਾਨ ਲੈ ਲਿਆ ਸੀ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਕੋਈ ਭੁੱਲ ਨਹੀਂ ਸੀ; ਪਰ ਇਨ੍ਹਾਂ ਨੇਤਾਵਾਂ ਨੇ ਇੱਕਠੇ ਹੋ ਕੇ ਸਹੁੰ ਖਾਈ ਕਿ ਉਹ ਇਸ ਮਹਾਨ ਦੇਸ਼ ਹਿੰਦੁਸਤਾਨ ਨੂੰ ਪਾਕਿਸਤਾਨ ਨਹੀਂ ਬਣਨ ਦੇਣਗੇ।

ਰਾਸ਼ਟਰੀ ਅੰਦੋਲਨ ਦੌਰਾਨ ਉਨ੍ਹਾਂ ਨੇ ਦੇਸ਼ ਦੀ ਜਨਤਾ ਨਾਲ ਕਈ ਵਾਅਦੇ ਕੀਤੇ ਸਨ- ਆਜ਼ਾਦ ਭਾਰਤ ਨੂੰ ਸਾਰਵਭੌਮਕ, ਧਰਮ ਨਿਰਪੇਖ, ਲੋਕਤੰਤਰੀ ਗਣਰਾਜ ਬਣਾਇਆ ਜਾਵੇਗਾ ਜਿਸ ਵਿੱਚ ਦੇਸ਼ ਦੇ ਨਾਗਰਿਕਾਂ ਨੂੰ ਬਰਾਬਰੀ ਅਤੇ ਆਜ਼ਾਦੀ ਮਿਲੇਗੀ, ਸਭ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਪੂਜਾ ਕਰਨ ਅਤੇ ਪ੍ਰਚਾਰ ਕਰਨ ਦੀ ਇਜਾਜ਼ਤ ਹੋਵੇਗੀ ਅਤੇ ਨਿਆਂ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੇ ਭਾਈਚਾਰਾ ਅਤੇ ਵਿਅਕਤੀ ਦੀ ਇੱਜ਼ਤ ਨੂੰ ਯਕੀਨੀ ਬਣਾਇਆ ਜਾਵੇਗਾ। ਇਨ੍ਹਾਂ ਨੇਤਾਵਾਂ ਨੇ ਅਜਿਹਾ ਸੰਵਿਧਾਨ ਅਪਣਾਇਆ, ਜਿਸ ਵਿੱਚ ਹਰ ਨਾਗਰਿਕ ਨੂੰ ਬਰਾਬਰੀ ਦਾ ਹੱਕ ਦਿੱਤਾ ਗਿਆ।

ਪਰ ਰਾਸ਼ਟਰੀ ਸਵੈਮਸੇਵਕ ਸੰਘ ਇਸ ਦੇਸ਼ ਵਿੱਚ ਜੋ ਵਿਚਾਰਧਾਰਾ ਥੋਪਣਾ ਚਾਹੁੰਦਾ ਹੈ ਅਤੇ ਜੇਕਰ ਉਸ ਦੇ ਮਨ ਮੁਤਾਬਕ ਹੁੰਦਾ ਰਿਹਾ- ਜਿਵੇਂ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਪਿਛਲੇ 12 ਸਾਲਾਂ ਤੋਂ ਹੋ ਰਿਹਾ ਹੈ, ਤਾਂ ਦੇਸ਼ ਦਾ ਸੰਵਿਧਾਨਕ ਢਾਂਚਾ ਕੀ ਹੋਵੇਗਾ? ਕੀ ਉਸ ਦਾ ਮੁਢਲਾ ਰੂਪ ਧਰਮ-ਨਿਰਪੱਖ ਰਹੇਗਾ ਜਾਂ ਉਸ ਨੂੰ ਬਦਲ ਕੇ ਦੇਸ਼ ਨੂੰ ਲੋਕਤੰਤਰੀ ਸਮਾਜਵਾਦੀ, ਧਰਮ ਨਿਰਪੇਖ ਗਣਰਾਜ ਵਜੋਂ ਨਾ ਰੱਖ ਕੇ ਕਾਨੂੰਨੀ ਤੌਰ 'ਤੇ 'ਹਿੰਦੂ ਰਾਸ਼ਟਰ' ਬਣਾ ਦਿੱਤਾ ਜਾਵੇਗਾ, ਜਿਸ ਵਿੱਚ ਸਿਰਫ਼ ਹਿੰਦੂ ਧਰਮ ਵਾਲਿਆਂ ਦੀ ਉੱਨਤੀ ਹੋਵੇਗੀ ਅਤੇ ਦੂਜੇ ਧਰਮਾਂ ਵਾਲੇ ਲੋਕ ਦੂਜੇ ਦਰਜੇ ਦੇ ਨਾਗਰਿਕ ਬਣ ਕੇ ਇਸ ਦੇਸ਼ ਵਿੱਚ ਰਹਿਣ ਲਈ ਮਜਬੂਰ ਹੋ ਜਾਣਗੇ। ਜਿੱਥੇ ਜਾਤ-ਪਾਤ ਆਧਾਰਤ ਸਮਾਜ ਬਣੇਗਾ ਅਤੇ ਮਨੂੰਸਮ੍ਰਿਤੀ ਅਨੁਸਾਰ ਦੇਸ਼ ਦਾ ਰਾਜ ਚੱਲੇਗਾ।

ਸੰਵਿਧਾਨ ਨਿਰਮਾਤਾ ਅਤੇ ਦਲਿਤਾਂ ਦੇ ਮਸੀਹਾ ਡਾ. ਭੀਮਰਾਓ ਅੰਬੇਡਕਰ ਦਾ ਕਹਿਣਾ ਸੀ ਕਿ 'ਜੇਕਰ ਇਸ ਦੇਸ਼ ਵਿੱਚ ਹਿੰਦੂ ਰਾਜ ਇੱਕ ਅਸਲੀਅਤ ਬਣ ਜਾਂਦਾ ਹੈ ਤਾਂ ਇਹ ਨਿਸ਼ਚਿਤ ਤੌਰ 'ਤੇ ਇਸ ਦੇਸ਼ ਲਈ ਸਭ ਤੋਂ ਵੱਡੀ ਮੁਸੀਬਤ ਹੋਵੇਗੀ ਅਤੇ ਇੱਕ ਭਿਆਨਕ ਤਕਲੀਫ਼ ਹੋਵੇਗੀ, ਕਿਉਂਕਿ ਹਿੰਦੂ ਰਾਸ਼ਟਰ ਦਾ ਸੁਪਨਾ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਵਿਰੁੱਧ ਹੈ ਤੇ ਇਹ ਲੋਕਤੰਤਰ ਦੇ ਮੁਢਲੇ ਸਿਧਾਂਤਾਂ ਨਾਲ ਨਹੀਂ ਮਿਲਦਾ... ਹਿੰਦੂ ਰਾਜ ਨੂੰ ਹਰ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ।'

ਸੰਵਿਧਾਨ ਦਿਵਸ ਵਾਲੇ ਦਿਨਾਂ ਦੌਰਾਨ ਇਨ੍ਹਾਂ ਸ਼ਬਦਾਂ ਨੂੰ ਫਿਰ ਯਾਦ ਕਰਨ ਦੀ ਲੋੜ ਹੈ, ਖਾਸ ਕਰ ਕੇ 2025 ਵਿੱਚ ਜਦੋਂ ਕਾਂਗਰਸ ਨੇਤਾ ਜੈਰਾਮ ਰਮੇਸ਼ ਨੇ ਆਰ.ਐਸ.ਐਸ. ਅਤੇ ਕੇਂਦਰ ਨੂੰ ਸੰਵਿਧਾਨ ਨੂੰ 'ਨੁਕਸਾਨ ਪਹੁੰਚਾਉਣ ਵਾਲਾ' ਕਿਹਾ ਹੈ ਅਤੇ ਮਲਿਕਾਰਜੁਨ ਖੜਗੇ ਨੇ ਬੀ.ਜੇ.ਪੀ.-ਆਰ.ਐਸ.ਐਸ. ਨੂੰ ਸੰਵਿਧਾਨ ਨਾਲ 'ਬੇਇੱਜ਼ਤੀ' ਕਰਨ ਵਾਲਾ ਠਹਿਰਾਇਆ ਹੈ।

*-0-*

## ਅਮਰੀਕਾ ਛੱਡੀਏ ਜਾਂ ਨੌਕਰੀ ਲੱਭੀਏ?

ਇਹ ਉਨ੍ਹਾਂ ਲਈ ਹੈ, ਜਿਨ੍ਹਾਂ ਦੇ ਜੀਵਨ ਸਾਥੀ ਕੋਲ ਐਚ-1ਬੀ ਵੀਜ਼ਾ ਹੈ। ਬਿਜ਼ਨੈੱਸ ਸਟੈਂਡਰਡ ਨੇ ਦੱਸਿਆ ਕਿ ਇਹ ਸਭ ਤੋਂ ਸੁਰੱਖਿਅਤ ਰਾਹ ਹੈ, ਕਿਉਂਕਿ ਇਸ ਵਿੱਚ ਘੱਟ ਅੜਚਨਾਂ ਹੁੰਦੀਆਂ ਹਨ ਅਤੇ ਪਰਿਵਾਰ ਨਾਲ ਰਹਿਣ ਦਾ ਅਧਿਕਾਰ ਬਣ ਜਾਂਦਾ ਹੈ। ਲਾਅ ਫਰਮ 4 ਇਮੀਗ੍ਰੈਂਟਸ ਨੇ ਸੁਝਾਇਆ ਕਿ ਇਹ ਉਨ੍ਹਾਂ ਲਈ ਚੰਗਾ ਹੈ, ਜੋ ਪਰਿਵਾਰ ਨਾਲ ਰਹਿਣਾ ਚਾਹੁੰਦੇ ਹਨ; ਪਰ ਇਸ ਨੂੰ ਅਪਲਾਈ ਕਰਨ ਲਈ ਜੀਵਨ ਸਾਥੀ ਦੀ ਨੌਕਰੀ ਸਥਿਰ ਹੋਣੀ ਚਾਹੀਦੀ ਹੈ।

ਚੌਥਾ ਅਤੇ ਅਕਸਰ ਨਾ ਅਪਣਾਇਆ ਜਾਣ ਵਾਲਾ ਵਿਕਲਪ ਹੈ ਆਪਣੇ ਦੇਸ਼ ਵਾਪਸ ਜਾਣਾ। ਇਹ ਸਿੱਧਾ ਰਾਹ ਹੈ, ਪਰ ਚੁਣੌਤੀਆਂ ਵੀ ਹਨ। ਅਭਿਨਵ ਗੁਲੇਚਾ ਨੇ ਰਿਪੋਰਟ ਕੀਤੀ ਕਿ ਅਮਰੀਕਾ ਤੋਂ ਬਾਹਰ ਜਾਣ ਤੋਂ ਬਾਅਦ ਨਵੀਂ ਐਚ-1ਬੀ ਅਰਜ਼ੀ ਲਈ 1 ਲੱਖ ਡਾਲਰ ਤੋਂ ਵੱਧ ਫੀਸ ਦੇਣੀ ਪੈਂਦੀ ਹੈ, ਜੋ ਕਿ ਟਰੰਪ ਦੀ ਨਵੀਂ ਨੀਤੀ ਕਾਰਨ ਵਧ ਗਈ ਹੈ। ਇਸ ਨਾਲ ਕੰਪਨੀਆਂ ਵਿਦੇਸ਼ੀ ਵਰਕਰਾਂ ਨੂੰ ਹਾਇਰ ਕਰਨ ਤੋਂ ਬਚਦੀਆਂ ਹਨ। ਨਾਫ਼ਸਾ ਅਨੁਸਾਰ ਵਾਪਸ ਜਾਣ ਵਾਲੇ ਵਰਕਰਾਂ ਨੂੰ ਫਿਰ ਅਮਰੀਕਾ ਆਉਣ ਵਿੱਚ ਵੀ ਵਾਧੂ ਚੈੱਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਤੋਂ ਇਲਾਵਾ ਹੋਰ ਵਿਕਲਪ ਵੀ ਹਨ ਜਿਵੇਂ ਐਚ-1ਬੀ ਟ੍ਰਾਂਸਫਰ ਕਰਨਾ, ਜਿਸ ਵਿੱਚ ਨਵੀਂ ਕੰਪਨੀ ਨੂੰ ਲੱਭ ਕੇ ਪੈਟੀਸ਼ਨ ਫਾਈਲ ਕੀਤੀ ਜਾਂਦੀ ਹੈ। ਪ੍ਰੀਮੀਅਮ ਪ੍ਰੋਸੈੱਸਿੰਗ ਨਾਲ ਇਹ 15 ਦਿਨਾਂ ਵਿੱਚ ਹੋ ਜਾਂਦਾ ਹੈ। ਬੁਚਾਲਟਰ ਨੇ ਈ.ਬੀ.-5 ਇਨਵੈਸਟਮੈਂਟ ਵੀਜ਼ਾ ਨੂੰ ਸੁਝਾਇਆ, ਜਿਸ ਲਈ 800,000 ਡਾਲਰ ਨਿਵੇਸ਼ ਕਰਨਾ ਪੈਂਦਾ ਹੈ ਅਤੇ ਗ੍ਰੀਨ ਕਾਰਡ ਮਿਲ ਜਾਂਦਾ ਹੈ। ਲਾਅ ਫਰਮ ਨੇ ਬੀ-2 ਬ੍ਰਿਜ ਵੀਜ਼ਾ ਅਤੇ 240-ਦਿਨਾਂ ਦੇ ਐਕਸਟੈਂਸ਼ਨ ਦਾ ਵੀ ਜ਼ਿਕਰ ਕੀਤਾ। ਅੰਤ ਵਿੱਚ, ਜੇਕਰ ਤੁਸੀਂ ਵੀ ਐਚ-1ਬੀ 'ਤੇ ਅਮਰੀਕਾ ਵਿੱਚ ਕੰਮ ਕਰ ਰਹੇ ਹੋ, ਤਾਂ ਛਾਂਟੀ ਤੋਂ ਡਰੋ ਨਾ। ਪਲਾਨ ਬੀ ਬਣਾਓ- ਨੈੱਟਵਰਕਿੰਗ ਕਰੋ, ਰੈਜ਼ਿਊਮੇ ਅਪਡੇਟ ਰੱਖੋ ਅਤੇ ਇਮੀਗ੍ਰੇਸ਼ਨ ਵਕੀਲ ਨਾਲ ਗੱਲ ਕਰੋ। ਇਸ ਸਮੇਂ ਅਮਰੀਕਾ ਵਿੱਚ ਰਹਿਣ ਦਾ ਅਵਸਰ ਹੈ, ਪਰ ਸਾਵਧਾਨੀ ਨਾਲ। ਇਹ ਵਿਕਲਪ ਤੁਹਾਨੂੰ ਅੱਗੇ ਵਧਣ ਵਿੱਚ ਮਦਦ ਕਰਨਗੇ।

## ਕੈਪਟਨ ਅਮਰਿੰਦਰ ਸਿੰਘ ਨੇ ਛੇੜੀ ਨਵੀਂ ਸਿਆਸੀ ਬਹਿਸ

**ਸਫਾ ਇੱਕ ਦੀ ਬਾਕੀ...**

ਕੀਤੀ ਗਈ ਮਦਦ ਨੇ ਉਸ ਦਾ ਅਕਸ ਕੁਝ ਬਦਲ ਦਿੱਤਾ ਹੈ। ਕੰਚਨਪ੍ਰੀਤ ਦੇ ਮਾਮਲੇ ਵਿੱਚ ਆਪਣੇ ਕਾਡਰ ਨਾਲ ਖੜੇ ਹੋਣ ਨਾਲ ਵੀ ਇਸ ਧੜੇ ਦੀ ਦਿਖ ਕੁਝ ਹੋਰ ਸੁਧਰੀ ਹੈ।

ਪਰ ਇਸ ਦੇ ਉਲਟ ਵਿਰੋਧੀ ਅਕਾਲੀ ਧੜੇ ਨੇ ਵੀ ਆਪਣੀ ਸਰਗਰਮੀ ਤੇਜ਼ ਕਰ ਦਿੱਤੀ ਹੈ। ਉਨ੍ਹਾਂ ਇਸੇ ਮਹੀਨੇ ਦੇ ਮੱਧ ਵਿੱਚ ਆ ਰਹੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੀਆਂ ਚੋਣਾਂ ਵੀ ਲੜਨ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਪ੍ਰੈੱਸ ਵਿੱਚ ਵੀ ਗਿਆਨੀ ਹਰਪ੍ਰੀਤ ਸਿੰਘ ਵਾਲੇ ਅਕਾਲੀ ਧੜੇ ਦੀ ਸਰਗਰਮੀ ਕੁਝ ਵਧੀ ਹੈ। ਇਸ ਤੋਂ ਲਗਦਾ ਹੈ ਕਿ ਆਉਣ ਵਾਲੇ ਸਮੇਂ ਦੋਹਾਂ ਅਕਾਲੀ ਧੜਿਆਂ ਵਿੱਚ ਟਕਰਾਅ ਵਧੇਗਾ।

ਇਸ ਦੌਰਾਨ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਕਾਲੀ ਅਤੇ ਕਾਂਗਰਸੀ ਧੜੇ ਰਲ ਕੇ ਖੇਡ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ ਅਤੇ ਸਿਮਰਨਜੀਤ ਸਿੰਘ ਮਾਨ ਰਲ-ਮਿਲ ਕੇ ਪੰਜਾਬ ਵਿੱਚ ਆਪਣੀ ਸੱਤਾ ਬਣਾਉਣੀ ਚਾਹੁੰਦੇ ਹਨ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 2017 ਤੋਂ 2022 ਵਿਚਕਾਰ ਆਪਣੀ ਸੱਤਾ ਵੇਲੇ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਨਾਲੋਂ ਬੀ.ਜੇ.ਪੀ. ਦੇ ਮੁੱਖ ਮੰਤਰੀ ਵਜੋਂ ਵਧੇਰੇ ਵਿਚਰੇ ਹਨ। ਇਸੇ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਪੰਜਾਬ ਵਿੱਚ ਕੋਈ ਭਵਿੱਖ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਇਕੱਲਿਆਂ ਪੰਜਾਬ ਵਿੱਚ ਕੁਝ ਵੀ ਹਾਸਲ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਉਹ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਨਾਲ ਮੁਕੰਮਲ ਤੌਰ 'ਤੇ ਸਹਿਮਤ ਹਨ, ਜਿਸ ਵਿੱਚ ਉਨ੍ਹਾਂ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਇਕੱਲਿਆਂ ਸੱਤਾ ਵਿੱਚ ਨਹੀਂ ਆ ਸਕਦੀ।

ਭਾਰਤੀ ਜਨਤਾ ਪਾਰਟੀ ਦੇ ਇੱਕ ਆਗੂ ਦਾ ਜ਼ਾਬਤੇ ਤੋਂ ਬਾਹਰ ਜਾ ਕੇ ਦਿੱਤਾ ਗਿਆ ਇਹ ਬਿਆਨ ਪੰਜਾਬ ਵਿੱਚ ਬੀ.ਜੇ.ਪੀ. ਦੀ ਹਾਲਤ ਨੂੰ ਹੋਰ ਪਤਲੀ ਕਰੇਗਾ। ਕੈਪਟਨ ਅਮਰਿੰਦਰ ਸਿੰਘ ਦੀ ਤਾਜ਼ਾ ਸਰਗਰਮੀ ਤੋਂ ਲੋਕ ਇਸ ਕਿਸਮ ਦੀ ਕਿਆਸ-ਅਰਾਈਆਂ ਲਾਉਣ ਲੱਗੇ ਹਨ ਕਿ ਉਹ ਮੁੜ ਕਾਂਗਰਸ ਪਾਰਟੀ ਵਿੱਚ ਜਾਣ ਦਾ ਯਤਨ ਕਰ ਰਹੇ ਹਨ। ਕਾਂਗਰਸੀ ਆਗੂਆਂ ਵਿਚਲੀ ਫੁੱਟ ਇਸ ਤਬਦੀਲੀ ਨੂੰ ਹੋਰ ਸਾਹਿਲ ਬਣਾ ਰਹੀ ਹੈ।

ਚੇਤੇ ਰਹੇ, ਭਾਰਤੀ ਜਨਤਾ ਪਾਰਟੀ ਵਿੱਚ ਐਂਟਰੀ ਤੋਂ ਬਾਅਦ ਕੈਪਟਨ ਦੀ ਸਰਗਰਮੀ ਸੀਜ਼ ਹੋ ਕੇ ਰਹਿ ਗਈ ਸੀ। ਪਾਰਟੀ ਆਗੂ ਵਜੋਂ ਭਾਜਪਾ ਵਿੱਚ ਉਨ੍ਹਾਂ ਦੀ ਕੋਈ ਖਾਸ ਪੁੱਛ-ਪ੍ਰਤੀਤ ਨਹੀਂ ਹੈ। ਇਸੇ ਕਾਰਨ ਉਹ ਆਪਣੀ ਸਰਗਰਮੀ ਨੂੰ ਤੇਜ਼ ਕਰਕੇ ਇਹ ਦਰਸਾਉਣਾ ਚਾਹੁੰਦੇ ਹਨ ਕਿ ਰਾਜ ਵਿੱਚ ਉਹ ਭਾਜਪਾ ਦਾ ਚਿਹਰਾ ਬਣ ਸਕਦੇ ਹਨ। ਇਸ ਮਾਮਲੇ ਵਿੱਚ ਸੁਨੀਲ ਜਾਖੜ ਵੀ ਉਨ੍ਹਾਂ ਦੇ ਸ਼ਰੀਕ ਬਣ ਸਕਦੇ ਹਨ। ਜਾਖੜ ਦੇ ਪੰਜਾਬ ਪਾਰਟੀ ਪ੍ਰਧਾਨ ਹੋਣ ਦੇ ਨਾਤੇ ਪੰਜਾਬ ਸਿਆਸਤ ਵਿੱਚ ਉਨ੍ਹਾਂ ਦੀ ਪੁੱਛ-ਪ੍ਰਤੀਤ ਵਧੇਰੇ ਹੈ। ਕੈਪਟਨ ਆਪਣੇ ਸੁਭਾਅ ਵੱਲੋਂ ਹੀ ਡੌਮੀਨੇਟਿੰਗ ਪ੍ਰਸਨੈਲਟੀ ਹਨ। ਇਸ ਕਰਕੇ ਇੱਕ ਮਿਆਨ ਵਿੱਚ ਦੋ ਤਲਵਾਰਾਂ ਕਦੀ ਨਹੀਂ ਸਮਾਅ ਸਕਦੀਆਂ। ਰਾਜਾ ਵੜਿੰਗ ਨੇ ਇਹ ਵੀ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਨਾਲੋਂ ਵਧੇਰੇ ਸਿਆਣੇ ਹੋ ਗਏ ਜਾਪਦੇ ਹਨ। ਇਸ ਦਾ ਉਨ੍ਹਾਂ ਦੀ ਪਾਰਟੀ ਨੂੰ ਫਾਇਦਾ ਹੋਏਗਾ।

# ਕਿਵੇਂ ਸ਼ੁਰੂ ਹੋਈ ਧਰਤੀ 'ਤੇ ਜੀਵਨ ਦੀ ਕਹਾਣੀ!

## ਬੋਲਦਾ ਵਿਗਿਆਨ

**ਸੁਪ੍ਰੀਤ ਸੈਣੀ (ਪ੍ਰੋਫੈਸਰ)**
**ਅਨੁਵਾਦ: ਕਮਲ ਦੁਸਾਂਝ**

ਬ੍ਰਹਿਮੰਡ ਦੀ ਇਸ ਵਿਸ਼ਾਲਤਾ ਵਿੱਚ ਅਸੀਂ ਅਕਸਰ ਸੋਚਦੇ ਹਾਂ ਕਿ ਕੀ ਕਿਸੇ ਹੋਰ ਥਾਂ 'ਤੇ ਵੀ ਜੀਵਨ ਹੈ? ਜੇ ਹੈ ਤਾਂ ਕੀ ਉੱਥੇ ਜੀਵ ਇਸ ਤਰ੍ਹਾਂ ਹੀ ਦਿਖਦੇ ਹੋਣਗੇ ਜਿਵੇਂ ਅਸੀਂ? ਕੀ ਅਸੀਂ ਉਨ੍ਹਾਂ ਨਾਲ ਗੱਲ ਕਰ ਸਕਦੇ ਹਾਂ? ਇਹ ਸਵਾਲ ਬਹੁਤ ਗਹਿਰੇ ਹਨ ਅਤੇ ਸ਼ਾਇਦ ਇਨ੍ਹਾਂ ਦੇ ਜਵਾਬ ਸਾਨੂੰ ਕਾਫ਼ੀ ਸਮੇਂ ਬਾਅਦ ਮਿਲਣ। ਇਸ ਲਿਖਤ ਵਿੱਚ ਅਸੀਂ ਆਪਣੀ ਧਰਤੀ 'ਤੇ ਜੀਵਨ ਦੀ ਸ਼ੁਰੂਆਤ ਬਾਰੇ ਗੱਲ ਕਰਾਂਗੇ। ਇਹ ਕਹਾਣੀ ਨਾ ਸਿਰਫ਼ ਵਿਗਿਆਨਕ ਹੈ, ਬਲਕਿ ਬਹੁਤ ਰੋਮਾਂਚਕ ਵੀ ਹੈ।

ਧਰਤੀ ਦੀ ਉਮਰ ਲਗਭਗ 4.5 ਅਰਬ ਸਾਲ ਮੰਨੀ ਜਾਂਦੀ ਹੈ। ਇਹ ਅੰਕੜਾ ਸੁਣ ਕੇ ਮਨੁੱਖੀ ਦਿਮਾਗ ਹੀ ਚੱਕਰ ਖਾ ਜਾਂਦਾ ਹੈ, ਕਿਉਂਕਿ ਅਸੀਂ ਆਪਣੇ ਜੀਵਨ ਨੂੰ ਸਾਲਾਂ ਵਿੱਚ ਗਿਣਦੇ ਹਾਂ, ਪਰ ਇਨ੍ਹਾਂ ਅਰਬਾਂ ਸਾਲਾਂ ਦੀ ਕਲਪਨਾ ਕਰਨਾ ਬਹੁਤ ਔਖਾ ਹੈ।

**ਇਨ੍ਹਾਂ 4.5 ਅਰਬ ਸਾਲਾਂ ਵਿੱਚ ਜੀਵਨ ਕਦੋਂ ਸ਼ੁਰੂ ਹੋਇਆ?**

ਵਿਗਿਆਨੀ ਕਹਿੰਦੇ ਹਨ ਕਿ ਜੀਵਨ ਦੀ ਸ਼ੁਰੂਆਤ ਲਗਭਗ 4 ਅਰਬ ਸਾਲ ਪਹਿਲਾਂ ਹੋਈ। ਇਹ ਇੱਕ ਅਜਿਹੀ ਘਟਨਾ ਸੀ, ਜੋ ਬਹੁਤ ਸਾਧਾਰਨ ਜਾਪਦੀ ਹੈ ਪਰ ਇਸ ਨੇ ਪੂਰੀ ਧਰਤੀ ਨੂੰ ਬਦਲ ਦਿੱਤਾ।

ਜੀਵਨ ਕਿੱਥੇ ਸ਼ੁਰੂ ਹੋਇਆ? ਵਿਗਿਆਨੀਆਂ ਵਿੱਚ ਇਸ ਬਾਰੇ ਵੱਖ-ਵੱਖ ਰਾਵਾਂ ਹਨ। ਇੱਕ ਮੁੱਖ ਥਿਊਰੀ ਕਹਿੰਦੀ ਹੈ ਕਿ ਇਹ ਸਮੁੰਦਰਾਂ ਦੀ ਸਤਹਿ 'ਤੇ ਹੋਇਆ। ਕਲਪਨਾ ਕਰੋ, ਧਰਤੀ ਨਵੀਂ-ਨਵੀਂ ਬਣੀ ਸੀ। ਇਸ ਦੀ ਸਤਹਿ ਗਰਮ ਚੰਗਿਆੜੀ ਵਾਂਗ ਪਿਘਲੀ ਹੋਈ ਸੀ। ਅੱਗ ਦੇ ਗੋਲੇ ਵਾਂਗ ਚੱਲ ਰਹੀਆਂ ਹਵਾਵਾਂ ਅਤੇ ਬਿਜਲੀਆਂ ਨਾਲ ਭਰਪੂਰ ਆਬੋਹਵਾ ਵਿੱਚ ਕੋਈ ਵੀ ਜੀਵਨ ਨਹੀਂ ਰਹਿ ਸਕਦਾ ਸੀ; ਪਰ ਜਦੋਂ ਧਰਤੀ ਠੰਡੀ ਹੋਈ ਅਤੇ ਸਮੁੰਦਰ ਬਣੇ, ਤਾਂ ਉੱਥੇ ਰਸਾਇਣਕ ਪ੍ਰਕਿਰਿਆਵਾਂ ਸ਼ੁਰੂ ਹੋਈਆਂ। ਇਨ੍ਹਾਂ ਵਿੱਚ ਪਾਣੀ, ਗੈਸਾਂ ਅਤੇ ਗਰਮੀ ਨੇ ਮਿਲ ਕੇ ਛੋਟੇ-ਛੋਟੇ ਅਣੂ ਬਣਾਏ, ਜਿਹੜੇ ਅੰਤ ਵਿੱਚ ਜੀਵਨ ਦੇ ਪਹਿਲੇ ਰੂਪ ਬਣ ਗਏ।

ਇੱਕ ਮਸ਼ਹੂਰ ਖੋਜ, ਜਿਸ ਨੂੰ ਮਿਲਰ-ਯੂਰੀ ਖੋਜ ਕਿਹਾ ਜਾਂਦਾ ਹੈ, ਨੇ ਇਹ ਵਿਖਾਇਆ ਕਿ ਧਰਤੀ ਦੀ ਪੁਰਾਣੀ ਆਬੋਹਵਾ ਵਿੱਚ ਬਿਜਲੀ ਦੀਆਂ ਕਿਰਨਾਂ ਨਾਲ ਗੈਸਾਂ ਮਿਲ ਕੇ ਅਮੀਨੋ ਐਸਿਡ ਬਣਾ ਸਕਦੀਆਂ ਹਨ। ਇਹ ਅਮੀਨੋ ਐਸਿਡ ਪ੍ਰੋਟੀਨਾਂ ਦੀ ਬਣਤਰ ਹਨ ਅਤੇ ਪ੍ਰੋਟੀਨ ਹੀ ਜੀਵਨ ਦੀ ਨੀਂਹ ਹਨ। ਇਸ ਤਰ੍ਹਾਂ ਸਮੁੰਦਰਾਂ ਵਿੱਚ ਇਹ ਰਸਾਇਣਕ 'ਸੂਪ' ਬਣਿਆ, ਜਿਸ ਨੇ ਪਹਿਲੇ ਜੀਵਾਂ ਨੂੰ ਜਨਮ ਦਿੱਤਾ। ਕੁਝ ਵਿਗਿਆਨੀ ਕਹਿੰਦੇ ਹਨ ਕਿ ਇਹ ਹਾਈਡਰੋਥਰਮਲ ਵੈਂਟਸ (ਗਰਮ ਪਾਣੀ ਦੇ ਫ਼ੁਹਾਰੇ) ਵਿੱਚ ਵੀ ਹੋ ਸਕਦਾ ਹੈ, ਜਿੱਥੇ ਧਰਤੀ ਦੇ ਅੰਦਰੋਂ ਗਰਮ ਪਾਣੀ ਬਾਹਰ ਨਿਕਲਦਾ ਹੈ ਅਤੇ ਰਸਾਇਣਕ ਊਰਜਾ ਪ੍ਰਦਾਨ ਕਰਦਾ ਹੈ। ਇਹ ਸਭ ਇਹ ਦੱਸਦਾ ਹੈ ਕਿ ਜੀਵਨ ਦੀ ਸ਼ੁਰੂਆਤ ਬਹੁਤ ਜਲਦੀ ਹੋ ਗਈ, ਧਰਤੀ ਬਣਨ ਤੋਂ ਬੱਸ ਕੁਝ ਕਰੋੜ ਸਾਲਾਂ ਵਿੱਚ।

**ਪਹਿਲੇ ਜੀਵ ਕੀ ਸਨ?**

ਉਨ੍ਹਾਂ ਨੂੰ ਪ੍ਰੋਕੈਰੀਓਟ ਕਿਹਾ ਜਾਂਦਾ ਹੈ। ਇਹ ਬਹੁਤ ਸਾਧਾਰਨ ਸੈੱਲ ਹਨ, ਜਿਨ੍ਹਾਂ ਵਿੱਚ ਕੋਈ ਨਿਊਕਲੀਅਸ (ਕੇਂਦਰਕ) ਨਹੀਂ ਹੁੰਦਾ। ਨਿਊਕਲੀਅਸ ਉਹ ਹਿੱਸਾ ਹੈ, ਜਿੱਥੇ ਜੀਵ ਦੀ ਜਾਣਕਾਰੀ (ਡੀ.ਐਨ.ਏ.) ਰੱਖੀ ਜਾਂਦੀ ਹੈ। ਇਹ ਪ੍ਰੋਕੈਰੀਓਟ ਦੋ ਤਰ੍ਹਾਂ ਦੇ ਸਨ: ਬੈਕਟੀਰੀਆ ਅਤੇ ਆਰਕੀਆ। ਬੈਕਟੀਰੀਆ ਉਹੀ ਹਨ, ਜਿਹੜੇ ਅਸੀਂ ਇਨਫੈਕਸ਼ਨ ਵਿੱਚ ਐਂਟੀਬਾਇਓਟਿਕ ਨਾਲ ਮਾਰਦੇ ਹਾਂ। ਇਹ ਬਹੁਤ ਛੋਟੇ ਹਨ, ਇੱਕ ਕੀੜੀ ਵਿੱਚ ਲੱਖਾਂ ਰਹਿ ਸਕਦੇ ਹਨ। ਆਰਕੀਆ ਵੀ ਇਸੇ ਤਰ੍ਹਾਂ ਸਨ, ਪਰ ਉਹ ਬਹੁਤ ਗਰਮ ਜਾਂ ਖਾਰੇ ਪਾਣੀ ਵਿੱਚ ਰਹਿ ਸਕਦੇ ਸਨ, ਜਿਵੇਂ ਕਿ ਗਰਮ ਝਰਨਿਆਂ ਵਿੱਚ।

ਪਹਿਲੇ 2 ਅਰਬ ਸਾਲ ਤੱਕ ਧਰਤੀ 'ਤੇ ਇਨ੍ਹਾਂ ਦਾ ਰਾਜ ਰਿਹਾ। ਉਹ ਸਮੁੰਦਰਾਂ ਵਿੱਚ ਤੈਰਦੇ ਰਹੇ, ਆਕਸੀਜਨ ਬਣਾਉਂਦੇ ਰਹੇ। ਇੱਕ ਵੱਡੀ ਘਟਨਾ ਹੋਈ ਜਦੋਂ ਬੈਕਟੀਰੀਆ ਨੇ ਫੋਟੋਸਿੰਥੈਸਿਸ ਸਿੱਖ ਲਿਆ, ਯਾਨੀ ਰੋਸ਼ਨੀ ਨਾਲ ਖਾਣਾ ਬਣਾਉਣਾ। ਇਸ ਨਾਲ ਧਰਤੀ 'ਤੇ ਆਕਸੀਜਨ ਵਧੀ ਅਤੇ ਵਾਤਾਵਰਣ ਬਦਲ ਗਿਆ, ਪਰ ਇਨ੍ਹਾਂ ਵਿੱਚ ਕੋਈ ਵੱਡੇ ਜੀਵ ਨਹੀਂ ਬਣੇ, ਕਿਉਂਕਿ ਉਨ੍ਹਾਂ ਦੀ ਊਰਜਾ ਘੱਟ ਸੀ। ਇਹ ਸਮਾਂ ਧਰਤੀ ਦੇ ਇਤਿਹਾਸ ਦਾ 'ਮਾਈਕ੍ਰੋਬੀਅਲ ਯੁੱਗ' ਕਿਹਾ ਜਾਂਦਾ ਹੈ, ਜਿੱਥੇ ਸਿਰਫ਼ ਛੋਟੇ ਜੀਵ ਹੀ ਸਨ।

ਅੱਜ ਵੀ ਇਹ ਬੈਕਟੀਰੀਆ ਅਤੇ ਆਰਕੀਆ ਧਰਤੀ 'ਤੇ ਹਨ, ਅਸੀਂ ਉਨ੍ਹਾਂ ਨੂੰ ਦੇਖ ਨਹੀਂ ਪਾਉਂਦੇ ਪਰ ਉਹ ਸਾਡਾ ਭੋਜਨ ਪਚਾਉਣ ਵਿੱਚ ਮਦਦ ਕਰਦੇ ਹਨ ਜਾਂ ਮਿੱਟੀ ਨੂੰ ਜ਼ਰਖੇਜ਼ ਬਣਾਉਂਦੇ ਹਨ। ਇਨ੍ਹਾਂ ਨੇ ਹੀ ਧਰਤੀ ਨੂੰ ਜੀਵਨ ਲਈ ਤਿਆਰ ਕੀਤਾ।

**ਪਰ ਵੱਡੇ ਜੀਵ ਕਿਵੇਂ ਆਏ?**

ਇਹ ਇੱਕ ਅਜੀਬ ਘਟਨਾ ਨਾਲ ਹੋਇਆ। ਲਗਭਗ 2 ਅਰਬ ਸਾਲ ਪਹਿਲਾਂ, ਇੱਕ ਆਰਕੀਆ ਨੇ ਇੱਕ ਬੈਕਟੀਰੀਆ ਨੂੰ ਖਾਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਪੂਰਾ ਹਜ਼ਮ ਨਹੀਂ ਕੀਤਾ। ਬੈਕਟੀਰੀਆ ਉਸ ਦੇ ਅੰਦਰ ਜੀਉਂਦਾ ਰਿਹਾ ਅਤੇ ਇੱਕ ਸਮਝੌਤਾ ਹੋ ਗਿਆ। ਇਸ ਨੂੰ ਐਂਡੋਸਿੰਬਾਇਓਸਿਸ ਕਿਹਾ ਜਾਂਦਾ ਹੈ।

ਇਸ ਨਾਲ ਇੱਕ ਨਵਾਂ ਸੈਲ ਬਣਿਆ, ਜਿਸ ਨੂੰ ਯੂਕੈਰੀਓਟ ਕਿਹਾ ਜਾਂਦਾ ਹੈ। ਇਸ ਵਿੱਚ ਨਿਊਕਲੀਅਸ ਹੈ ਅਤੇ ਬੈਕਟੀਰੀਆ ਉਸ ਦਾ ਮਾਈਟੋਕੌਂਡ੍ਰੀਆ ਬਣ ਗਿਆ। ਮਾਈਟੋਕੌਂਡ੍ਰੀਆ ਸੈੱਲ ਦਾ ਬਿਜਲੀ ਘਰ ਹੈ, ਜਿੱਥੇ ਊਰਜਾ ਬਣਾਈ ਜਾਂਦੀ ਹੈ। ਪਹਿਲਾਂ ਸੈੱਲਾਂ ਵਿੱਚ ਊਰਜਾ ਘੱਟ ਸੀ, ਪਰ ਹੁਣ ਇਹ ਵਧ ਗਈ। ਇਸ ਨਾਲ ਵੱਡੇ ਅਤੇ ਗੁੰਝਲਦਾਰ ਜੀਵ ਬਣਨੇ ਸ਼ੁਰੂ ਹੋ ਗਏ। ਅਸੀਂ ਆਪਣੇ ਆਲੇ-ਦੁਆਲੇ ਵੇਖੀਏ; ਰੁੱਖ, ਪੌਦੇ, ਜਾਨਵਰ, ਪੰਛੀ ਅਤੇ ਆਪਾਂ ਆਪ-ਸਭ ਇਨ੍ਹਾਂ ਯੂਕੈਰੀਓਟ ਸੈੱਲਾਂ ਤੋਂ ਬਣੇ ਹਨ। ਇਹ ਘਟਨਾ ਧਰਤੀ 'ਤੇ ਜੀਵਨ ਨੂੰ ਇੱਕ ਨਵਾਂ ਮੋੜ ਦੇ ਗਈ।

**ਪਰ ਇਹਦੇ ਲਈ ਕਿਉਂ 2 ਅਰਬ ਸਾਲ ਲੱਗ ਗਏ? ਇਹ ਇੱਕ ਰਹੱਸ ਹੈ।**

ਸ਼ਾਇਦ ਆਬੋਹਵਾ ਵਿੱਚ ਆਕਸੀਜਨ ਦੇ ਵਧਣ ਦੀ ਰਫ਼ਤਾਰ ਮੱਠੀ ਸੀ ਜਾਂ ਰਸਾਇਣਕ ਸੰਤੁਲਨ ਬਣਨ ਵਿੱਚ ਸਮਾਂ ਲੱਗਾ। ਕੁਝ ਵਿਗਿਆਨੀ ਕਹਿੰਦੇ ਹਨ ਕਿ ਇਹ ਇੱਕ ਬਹੁਤ ਖਾਸ ਘਟਨਾ ਸੀ, ਜੋ ਸ਼ਾਇਦ ਹਰ ਜਗ੍ਹਾ ਨਾ ਹੋਵੇ।

ਜੇ ਬ੍ਰਹਿਮੰਡ ਵਿੱਚ ਕਿਤੇ ਹੋਰ ਜੀਵਨ ਹੈ ਤਾਂ ਕੀ ਉੱਥੇ ਵੀ ਇਹੋ ਜਿਹਾ ਹੋਇਆ? ਅਸੀਂ ਨਹੀਂ ਜਾਣਦੇ, ਪਰ ਇਹ ਸੋਚਣ ਵਿੱਚ ਆਨੰਦ ਆਉਂਦਾ ਹੈ। ਅੱਜ ਵੀ ਵਿਗਿਆਨੀ ਇਹ ਖੋਜ ਰਹੇ ਹਨ ਕਿ ਇਹ ਐਂਡੋਸਿੰਬਾਇਓਸਿਸ ਕਿਵੇਂ ਹੋਈ। ਲੈਬ ਵਿੱਚ ਉਹ ਸੈਲਾਂ ਨੂੰ ਜੋੜ ਕੇ ਵੇਖ ਰਹੇ ਹਨ।



ਧਰਤੀ 'ਤੇ ਜੀਵਨ ਦੀ ਕਹਾਣੀ ਵਿੱਚ ਇੱਕ ਹੋਰ ਵੱਡਾ ਮੋੜ ਆਇਆ ਲਗਭਗ 6.5 ਕਰੋੜ ਸਾਲ ਪਹਿਲਾਂ। ਇੱਕ ਵਿਸ਼ਾਲ ਉਲਕਾ ਪਿੰਡ ਮੈਕਸੀਕੋ ਦੇ ਨੇੜੇ ਆ ਡਿੱਗਾ। ਇਸ ਨਾਲ ਧਰਤੀ ਧੁਖਣ ਲੱਗੀ, ਅੱਗ ਲੱਗ ਗਈ ਅਤੇ ਹਵਾ ਵਿੱਚ ਧੂੰਆਂ ਭਰ ਗਿਆ। ਇਹ ਇੱਕ ਵਿਸ਼ਵਵਿਆਪੀ ਆਫ਼ਤ ਸੀ। ਇਸ ਨਾਲ ਡਾਇਨਾਸੌਰ ਵੀ ਖ਼ਤਮ ਹੋ ਗਏ, ਜੋ ਧਰਤੀ 'ਤੇ ਦਬਦਬਾ ਰੱਖਦੇ ਸਨ। ਡਾਇਨਾਸੌਰ ਵੱਡੇ ਜਾਨਵਰ ਸਨ-ਕੁਝ ਉੱਡਦੇ, ਕੁਝ ਤੈਰਦੇ; ਉਨ੍ਹਾਂ ਨੂੰ ਭੁੱਖ ਲੱਗਦੀ ਤਾਂ ਉਹ ਸਭ ਕੁਝ ਖਾ ਜਾਂਦੇ।

ਇਸ ਆਫ਼ਤ ਨਾਲ ਬਹੁਤ ਸਾਰੀਆਂ ਜੀਵ ਕਿਸਮਾਂ ਖ਼ਤਮ ਹੋ ਗਈਆਂ, ਪਰ ਜੋ ਬਚ ਗਏ, ਉਨ੍ਹਾਂ ਨੂੰ ਨਵਾਂ ਮੌਕਾ ਮਿਲਿਆ। ਛੋਟੇ ਜਾਨਵਰ, ਜਿਹੜੇ ਚੂਹਿਆਂ ਵਾਂਗ ਸਨ, ਉਹ ਲੁਕ ਕੇ ਬਚ ਗਏ। ਇਹ ਪਹਿਲੇ ਜੀਵਾਂ ਦੇ ਪੂਰਵਜ ਸਨ। ਡਾਇਨਾਸੌਰ ਖ਼ਤਮ ਹੋਣ ਤੋਂ ਬਾਅਦ ਧਰਤੀ ਖਾਲੀ ਹੋ ਗਈ। ਪੌਦੇ ਵਧੇ, ਨਦੀਆਂ ਵਗੀਆਂ ਅਤੇ ਇਨ੍ਹਾਂ ਛੋਟੇ ਜਾਨਵਰਾਂ ਨੇ ਵਿਕਸਿਤ ਹੋਣਾ ਸ਼ੁਰੂ ਕੀਤਾ। ਲੱਖਾਂ ਸਾਲਾਂ ਵਿੱਚ ਉਹ ਵੱਡੇ ਹੋ ਗਏ, ਵੱਖ-ਵੱਖ ਰੂਪ ਲੈ ਲਏ। ਅੰਤ ਵਿੱਚ, ਇੱਕ ਸ਼ਾਖਾ ਨੇ ਮਨੁੱਖ ਬਣਾਏ। ਅੱਜ ਅਸੀਂ ਧਰਤੀ ਦੀ ਸਭ ਤੋਂ ਤਾਕਤਵਰ ਪ੍ਰਜਾਤੀ ਹਾਂ-ਅਸੀਂ ਵਿਗਿਆਨ ਦੇ ਸਹਾਰੇ ਨਵੀਂ ਤਕਨੀਕ ਅਤੇ ਸ਼ਹਿਰ ਬਣਾ ਰਹੇ ਹਾਂ।

**ਪਰ ਜੇ ਉਹ ਉਲਕਾ ਨਾ ਡਿੱਗੀ ਹੁੰਦੀ ਤਾਂ?**

ਸ਼ਾਇਦ ਡਾਇਨਾਸੌਰ ਅੱਜ ਵੀ ਰਹਿੰਦੇ ਹੁੰਦੇ ਅਤੇ ਅਸੀਂ ਨਾ ਹੁੰਦੇ। ਇਹ ਵਿਕਾਸ ਦੀ ਇੱਕ ਚੰਗਿਆੜੀ ਵਾਂਗ ਹੈ- ਛੋਟੀਆਂ ਘਟਨਾਵਾਂ ਵੱਡੇ ਬਦਲਾਅ ਲਿਆਉਂਦੀਆਂ ਹਨ। ਵਿਗਿਆਨੀ ਇਨ੍ਹਾਂ ਬਦਲਾਵਾਂ ਤੋਂ ਹੀ ਪੜ੍ਹਦੇ ਹਨ ਕਿ ਕਿਵੇਂ ਪ੍ਰਜਾਤੀਆਂ ਬਦਲੀਆਂ। ਇਹ ਕਹਾਣੀ ਸਾਨੂੰ ਸਿਖਾਉਂਦੀ ਹੈ ਕਿ ਜੀਵਨ ਨਾ ਸਿਰਫ਼ ਅਜੀਬ ਹੈ ਬਲਕਿ ਨਾਜ਼ੁਕ ਵੀ ਹੈ।

ਅੱਜ ਵੀ ਵਿਗਿਆਨੀ ਜੀਵਨ ਦੀ ਉਪਜ ਨੂੰ ਸਮਝਣ ਲਈ ਲੈਬਾਂ ਵਿੱਚ ਕੰਮ ਕਰ ਰਹੇ ਹਨ। ਨਾਸਾ ਵਰਗੀਆਂ ਸੰਸਥਾਵਾਂ ਮੰਗਲ ਗ੍ਰਹਿ 'ਤੇ ਜੀਵਨ ਦੀ ਖੋਜ ਕਰ ਰਹੀਆਂ ਹਨ। ਜੇ ਅਸੀਂ ਧਰਤੀ 'ਤੇ ਜੀਵਨ ਨੂੰ ਸਮਝ ਲਈਏ ਤਾਂ ਸ਼ਾਇਦ ਬ੍ਰਹਿਮੰਡ ਵਿੱਚ ਹੋਰਨਾਂ ਨੂੰ ਵੀ ਲੱਭ ਸਕੀਏ। ਇਹ ਕਹਾਣੀ ਅਜੇ ਅਧੂਰੀ ਹੈ, ਪਰ ਇਹ ਸਾਨੂੰ ਉਮੀਦ ਦਿੰਦੀ ਹੈ ਕਿ ਜੀਵਨ ਇੱਕ ਅਦਭੁਤ ਰਹੱਸ ਹੈ।

---

*(ਲੇਖਕ ਆਈ.ਆਈ.ਟੀ. ਬੰਬਈ ਵਿੱਚ ਪ੍ਰੋਫੈਸਰ ਹਨ)*

## ਸਿਰ ਦੀ ਪੀੜ

**ਪੰਜਾਬੀ ਪਰਵਾਜ਼ ਬਿਊਰੋ**

**ਆਬਾਦੀ ਕਰਵਾਏਗੀ ਬਰਬਾਦੀ!..........**

# ਆਪਣੇ ਹੀ ਬੋਝ ਹੇਠ ਦੱਬ ਸਕਦੈ ਪਾਕਿਸਤਾਨ

ਪਾਕਿਸਤਾਨ ਭੂਗੋਲਿਕ ਅਤੇ ਸੱਭਿਆਚਾਰਕ ਤੌਰ 'ਤੇ ਭਾਰਤ ਨਾਲ ਜੁੜਿਆ ਹੋਇਆ ਹੈ, ਅੱਜ ਕੱਲ੍ਹ ਇੱਕ ਅਜਿਹੇ ਸੰਕਟ ਨਾਲ ਜੂਝ ਰਿਹਾ ਹੈ ਜੋ ਉਸ ਦੀ ਆਬਾਦੀ ਨਾਲ ਸਿੱਧਾ ਜੁੜਿਆ ਹੋਇਆ ਹੈ। ਵਿਸ਼ਵ ਵਿੱਚ ਆਬਾਦੀ ਵਿੱਚ ਵਾਧੇ ਦੀ ਗਤੀ ਘੱਟ ਹੋ ਰਹੀ ਹੈ, ਪਰ ਪਾਕਿਸਤਾਨ ਵਿੱਚ ਇਹ ਵਿਸਫੋਟਕ ਰੂਪ ਵਿੱਚ ਵਧ ਰਹੀ ਹੈ। ਯੂਨਾਈਟਡ ਨੇਸ਼ਨਜ਼ ਪੌਪੂਲੇਸ਼ਨ ਫੰਡ (ਯੂ.ਐਨ.ਐਫ.ਪੀ.ਏ.) ਅਨੁਸਾਰ 2025 ਵਿੱਚ ਪਾਕਿਸਤਾਨ ਦੀ ਆਬਾਦੀ 255.2 ਮਿਲੀਅਨ ਹੈ, ਜੋ ਵਿਸ਼ਵ ਦੀ ਕੁੱਲ ਆਬਾਦੀ ਦੇ 3.1 ਫ਼ੀਸਦੀ ਹੈ। ਇਹ ਰਿਕਾਰਡ ਇੱਕ ਅਜਿਹੇ ਦੇਸ਼ ਲਈ ਚਿੰਤਾਜਨਕ ਹੈ, ਜੋ ਪਹਿਲਾਂ ਹੀ ਭਿਆਨਕ ਆਰਥਕ ਸੰਕਟ 'ਚੋਂ ਲੰਘ ਰਿਹਾ ਹੈ। ਪਾਕਿਸਤਾਨੀ ਅਖ਼ਬਾਰ 'ਦ ਡੌਨ' ਨੇ ਆਪਣੀ ਇੱਕ ਵਿਸਥਾਰਤ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਹੈ ਕਿ ਪਾਕਿਸਤਾਨ ਦੀ ਆਬਾਦੀ ਵਿੱਚ ਇਹ ਵਾਧਾ ਨਵੇਂ ਆਰਥਕ ਅਤੇ ਸਮਾਜਿਕ ਸੰਕਟਾਂ ਪੈਦਾ ਕਰ ਰਿਹਾ ਹੈ। ਅੰਦਾਜ਼ੇ ਅਨੁਸਾਰ 2030 ਤੱਕ ਪਾਕਿਸਤਾਨ ਦੀ ਆਬਾਦੀ 300 ਮਿਲੀਅਨ ਨੂੰ ਪਾਰ ਕਰ ਲਵੇਗੀ ਅਤੇ 2050 ਤੱਕ 400 ਮਿਲੀਅਨ ਦੇ ਨੇੜੇ ਪਹੁੰਚ ਜਾਵੇਗੀ। ਇਸ ਤਰ੍ਹਾਂ ਪਾਕਿਸਤਾਨ 2050 ਤੱਕ ਭਾਰਤ ਅਤੇ ਚੀਨ ਤੋਂ ਬਾਅਦ ਵਿਸ਼ਵ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਬਣ ਜਾਵੇਗਾ।

ਆਬਾਦੀ ਵਿੱਚ ਇਹ ਵਾਧਾ ਇੱਕ ਅਜਿਹੇ ਸਮੇਂ ਵਿੱਚ ਹੋ ਰਿਹਾ ਹੈ, ਜਦੋਂ ਚੀਨ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਆਬਾਦੀ ਵਾਧੇ ਦੀ ਗਤੀ ਘੱਟ ਹੋ ਰਹੀ ਹੈ। ਪਾਕਿਸਤਾਨ ਵਿੱਚ ਔਸਤਨ ਇੱਕ ਔਰਤ ਨੂੰ ਤਿੰਨ ਬੱਚੇ ਹਨ, ਜਿਸ ਕਾਰਨ ਜਨਮ ਦਰ ਮੌਤ ਦਰ ਨਾਲੋਂ ਵੱਧ ਹੈ। ਵਰਲਡ ਬੈਂਕ ਦੇ ਅੰਕੜਿਆਂ ਅਨੁਸਾਰ ਪਾਕਿਸਤਾਨ ਦੀ ਆਬਾਦੀ ਵਿਕਾਸ ਦਰ 2025 ਵਿੱਚ 1.8% ਤੋਂ ਵੱਧ ਹੈ, ਜੋ ਵਿਸ਼ਵ ਔਸਤ ਤੋਂ ਉਪਰ ਹੈ। ਇਹ ਸਥਿਤੀ 'ਡੈਮੋਗ੍ਰਾਫਿਕ ਡਿਵੀਡੈਂਡ' ਨੂੰ ਡੈਮੋਗ੍ਰਾਫਿਕ ਬੰਬ ਵਿੱਚ ਬਦਲ ਰਹੀ ਹੈ। ਵੱਡੀ ਆਬਾਦੀ ਕਿਸੇ ਦੋ-ਧਾਰੀ ਤਲਵਾਰ ਵਾਂਗ ਹੁੰਦੀ ਹੈ- ਇੱਕ ਪਾਸੇ ਇਹ ਘਰੇਲੂ ਖਪਤ ਨੂੰ ਵਧਾਉਂਦੀ ਹੈ ਅਤੇ ਵਪਾਰ ਨੂੰ ਉਤਸ਼ਾਹਿਤ ਕਰਦੀ ਹੈ, ਜਿਵੇਂ ਚੀਨ ਤੇ ਭਾਰਤ ਵਿੱਚ ਹੋਇਆ ਹੈ। ਪਰ ਪਾਕਿਸਤਾਨ ਲਈ ਇਹ ਸੰਕਟ ਨੂੰ ਵਧਾ ਰਹੀ ਹੈ, ਕਿਉਂਕਿ ਉਸ ਦੀ ਅਰਥਵਿਵਸਥਾ ਪਹਿਲਾਂ ਹੀ ਵਿਦੇਸ਼ੀ ਕਰਜ਼ਿਆਂ 'ਤੇ ਚੱਲ ਰਹੀ ਹੈ।

ਪਾਕਿਸਤਾਨ ਦੀ ਅਰਥਵਿਵਸਥਾ ਅੱਜ ਇੱਕ ਅਜਿਹੇ ਚੱਕਰ ਵਿੱਚ ਫਸੀ ਹੋਈ ਹੈ, ਜਿੱਥੇ ਵੱਡੀ ਆਬਾਦੀ ਨਾਲ ਜੁੜੀਆਂ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ।

ਵਰਲਡ ਬੈਂਕ ਦੀ ਰਿਪੋਰਟ ਅਨੁਸਾਰ ਐਫ.ਵਾਈ.-2025 ਵਿੱਚ ਪਾਕਿਸਤਾਨ ਦੀ ਜੀ.ਡੀ.ਪੀ. ਵਿਕਾਸ ਦਰ 3.0% ਰਹੀ, ਜੋ ਪਿਛਲੇ ਸਾਲ ਦੀ 2.6% ਤੋਂ ਥੋੜ੍ਹੀ ਵਧੀ ਹੈ; ਪਰ ਇਹ ਵਿਕਾਸ ਪੰਜ ਸਾਲਾਂ ਤੋਂ ਘੱਟ 3% ਵਿੱਚ ਸੀਮਿਤ ਹੈ, ਜੋ ਵਿਸ਼ਵ ਔਸਤ (3.2%) ਤੋਂ ਘੱਟ ਹੈ।



ਏਸ਼ੀਆਨ ਡਿਵੈਲਪਮੈਂਟ ਬੈਂਕ (ਏ.ਡੀ.ਬੀ.) ਨੇ ਐਫ.ਵਾਈ. 2025 ਲਈ 2.5% ਵਿਕਾਸ ਦੀ ਭਵਿੱਖਬਾਣੀ ਕੀਤੀ ਹੈ, ਜੋ ਸੁਧਾਰਾਂ ਦੇ ਬਾਵਜੂਦ ਘੱਟ ਹੈ। ਇਸ ਨਾਲ ਜੁੜੀ ਸਭ ਤੋਂ ਵੱਡੀ ਸਮੱਸਿਆ ਹੈ ਬੇਰੁਜ਼ਗਾਰੀ। ਸਟੈਟਿਸਟਾ ਅਨੁਸਾਰ 2025 ਵਿੱਚ ਬੇਰੁਜ਼ਗਾਰੀ ਦਰ 8.00% ਹੈ, ਜਿਸ ਨਾਲ 6.81 ਮਿਲੀਅਨ ਲੋਕ ਬੇਰੁਜ਼ਗਾਰ ਹਨ। ਇਹ ਰੇਟ ਨੌਜਵਾਨਾਂ ਵਿੱਚ ਹੋਰ ਵੱਧ ਹੈ, ਜਿੱਥੇ 60% ਆਬਾਦੀ 30 ਸਾਲ ਤੋਂ ਘੱਟ ਉਮਰ ਦੀ ਹੈ। ਵੱਡੀ ਆਬਾਦੀ ਲੇਬਰ ਫੋਰਸ ਪ੍ਰਦਾਨ ਕਰ ਸਕਦੀ ਹੈ, ਪਰ ਬਿਨਾ ਹੁਨਰ ਅਤੇ ਨੌਕਰੀਆਂ ਤੋਂ ਇਹ ਸਮਾਜਿਕ ਅਸਥਿਰਤਾ ਨੂੰ ਜਨਮ ਦਿੰਦੀ ਹੈ।

ਅਰਥਵਿਵਸਥਾ ਦੀ ਖਰਾਬੀ ਦਾ ਇੱਕ ਵੱਡਾ ਕਾਰਨ ਹੈ ਵਿਸ਼ਾਲ ਕਰਜ਼ਾ। ਟ੍ਰੇਡਿੰਗ ਇਕਨਾਮਿਕਸ ਅਨੁਸਾਰ 2025 ਦੇ ਅੰਤ ਤੱਕ ਪਾਕਿਸਤਾਨ ਦਾ ਗਵਰਨਮੈਂਟ ਡੈਟ ਟੂ ਜੀ.ਡੀ.ਪੀ. ਰੇਸ਼ੋ 74.60% ਹੋ ਜਾਵੇਗਾ। ਸੀ.ਈ.ਆਈ.ਸੀ. ਡਾਟਾ ਅਨੁਸਾਰ ਜੂਨ 2024 ਵਿੱਚ ਇਹ 65.2% ਸੀ, ਜੋ ਪਿਛਲੇ ਸਾਲ ਦੇ 72.3% ਤੋਂ ਘੱਟ ਹੈ, ਪਰ ਅਜੇ ਵੀ ਚਿੰਤਾਜਨਕ ਹੈ। ਪਬਲਿਕ ਡੈਟ 286.8 ਬਿਲੀਅਨ ਡਾਲਰ ਨੂੰ ਪਹੁੰਚ ਗਿਆ ਹੈ ਅਤੇ ਡੈਟ ਟੂ ਜੀ.ਡੀ.ਪੀ. ਰੇਸ਼ੋ ਜੂਨ 2025 ਵਿੱਚ 70% ਹੋ ਗਿਆ ਹੈ। ਇਹ ਕਰਜ਼ਾ ਖਾਸ ਕਰ ਕੇ ਚੀਨ, ਸਾਉਦੀ ਅਰਬ ਅਤੇ ਆਈ.ਐਮ.ਐਫ. ਤੋਂ ਲਿਆ ਗਿਆ ਹੈ, ਜੋ ਵਿਦੇਸ਼ੀ ਮਦਦ 'ਤੇ ਨਿਰਭਰਤਾ ਨੂੰ ਵਧਾਉਂਦਾ ਹੈ। ਪਾਕਿਸਤਾਨ ਆਪਣਾ ਖਰਚਾ ਵਿਦੇਸ਼ੀ ਕਰਜ਼ਿਆਂ ਨਾਲ ਚਲਾ ਰਿਹਾ ਹੈ, ਜਿਸ ਨਾਲ

⇒ *ਬਾਕੀ ਅਗਲੇ ਸਫੇ ਉਤੇ ਪੜ੍ਹੋ*

# ਸਮੂਹ ਧਰਤ ਪ੍ਰਣਾਲੀਆਂ ਲਈ ਅਹਿਮ ਹਨ ਮੂੰਗਾ ਜੀਵ

**ਜਾਣਕਾਰੀ**

**ਅਸ਼ਵਨੀ ਚਤਰਥ**
ਫੋਨ:+91-6284220595



ਦੁਨੀਆਂ ਦਾ ਛੇਵਾਂ ਸਭ ਤੋਂ ਵੱਡਾ ਦੇਸ਼ ਆਸਟਰੇਲੀਆ ਜ਼ਮੀਨ ਦੀ ਵਿਭਿੰਨਤਾ ਪੱਖੋਂ ਬੇਹੱਦ ਵਿਲੱਖਣਤਾ ਭਰਪੂਰ ਦੇਸ਼ ਹੈ, ਜਿਸ ਵਿੱਚ ਮਾਰੂਥਲ, ਘਾਹ ਦੇ ਮੈਦਾਨ, ਬਰਸਾਤੀ ਜੰਗਲਾਂ ਤੋਂ ਇਲਾਵਾ ਵੰਨ-ਸੁਵੰਨੀਆਂ ਪਹਾੜੀਆਂ ਵੀ ਮੌਜੂਦ ਹਨ। ਇਸ ਮੁਲਕ ਦੀ ਸੈਰ 'ਤੇ ਗਏ ਸੈਲਾਨੀਆਂ ਲਈ 'ਦਿ ਗ੍ਰੇਟ ਬੈਰੀਅਰ ਰੀਫ਼', ਜੋ ਕਿ ਇਸ ਦੇਸ਼ ਨੇੜੇ ਸਮੁੰਦਰ ਵਿੱਚ ਮੌਜੂਦ ਰੰਗਦਾਰ ਅਤੇ ਬੇਹੱਦ ਖ਼ੂਬਸੂਰਤ 'ਮੂੰਗਾ' ਨਾਮੀ ਸਮੁੰਦਰੀ ਜੀਵਾਂ ਦੇ ਪਹਾੜ ਹਨ, ਹਮੇਸ਼ਾ ਹੀ ਖਿੱਚ ਦਾ ਕੇਂਦਰ ਬਣੇ ਰਹੇ ਹਨ। ਕੋਰਲ ਜਾਂ ਮੂੰਗਾ ਜੀਵਾਂ ਦੇ ਇਹ ਪਹਾੜ ਆਸਟਰੇਲੀਆ ਦੇ ਕੁਈਨਜ਼ਲੈਂਡ ਪ੍ਰਾਂਤ ਨੇੜੇ ਪੈਂਦੇ ਕੋਰਲ ਸਮੁੰਦਰ ਵਿੱਚ ਵੇਖੇ ਜਾ ਸਕਦੇ ਹਨ। ਗਿਣਤੀ ਪੱਖੋਂ ਅਰਬਾਂ ਮੂੰਗਾ ਜੀਵਾਂ ਤੋਂ ਬਣੇ ਇਹ ਪਹਾੜ ਸਮੁੰਦਰ ਵਿੱਚ ਕਰੀਬ 3,44,000 ਵਰਗ ਕਿਲੋਮੀਟਰ ਵਿੱਚ ਫੈਲੇ ਹੋਏ ਹਨ, ਜੋ ਕਿ ਭਾਰਤ ਦੇ ਸਭ ਤੋਂ ਵੱਡੇ ਪ੍ਰਾਂਤ ਰਾਜਸਥਾਨ ਦੇ ਖੇਤਰਫ਼ਲ ਦੇ ਬਰਾਬਰ ਹੈ। ਇਨ੍ਹਾਂ ਪਹਾੜਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਪੁਲਾੜ ਤੋਂ ਧਰਤੀ 'ਤੇ ਨਜ਼ਰ ਆਉਣ ਵਾਲੀ ਇਹ ਇੱਕੋ ਇੱਕ ਕੁਦਰਤੀ ਚੀਜ਼ ਹੈ। ਮੂੰਗਾ ਪਹਾੜ ਉਂਜ ਤਾਂ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਪਾਏ ਜਾਂਦੇ ਹਨ, ਪਰ ਆਸਟਰੇਲੀਆ ਦੇ ਉੱਤਰ ਪੂਰਬੀ ਕਿਨਾਰੇ 'ਤੇ 2300 ਕਿਲੋਮੀਟਰ ਲੰਬਾਈ ਤੱਕ ਫ਼ੈਲਿਆ 'ਦਿ ਗ੍ਰੇਟ ਬੈਰੀਅਰ ਰੀਫ' ਮੂੰਗਾ ਜੀਵਾਂ ਦਾ ਸਭ ਤੋਂ ਵੱਡਾ ਇਕੱਠ ਹੈ, ਜੋ ਕਿ ਨਿੱਕੇ-ਨਿੱਕੇ ਤਿੰਨ ਹਜ਼ਾਰ ਮੂੰਗਾ ਪਹਾੜਾਂ ਦਾ ਸਮੂਹ ਹੈ ਅਤੇ ਇਸ ਵਿੱਚ 9000 ਪ੍ਰਜਾਤੀਆਂ ਦੇ ਅਰਬਾਂ-ਖਰਬਾਂ ਜੀਵ ਨਿਵਾਸ ਕਰਦੇ ਹਨ। ਗੱਲ ਕਰੀਏ ਜੇਕਰ ਮੂੰਗਾ ਜੀਵ ਦੀ ਸਰੀਰਕ ਬਣਤਰ ਦੀ, ਤਾਂ ਇੱਕ ਇਕੱਲਾ ਮੂੰਗਾ ਜੀਵ ਜਿਸ ਨੂੰ 'ਕੋਰਲ ਪੋਲਿਪ' ਕਹਿੰਦੇ ਹਨ, ਕੁਝ ਸੈਂਟੀਮੀਟਰ ਲੰਮਾ, ਵੇਲਣਾਕਾਰ, ਚਾਕ ਜਿਹੇ ਪਦਾਰਥ ਦਾ ਬਣਿਆ ਜੀਵ ਹੁੰਦਾ ਹੈ, ਜਿਸ ਵਿੱਚ ਵੱਖ-ਵੱਖ ਰੰਗਾਂ ਦੀਆਂ ਕਾਈਆਂ ਨਿਵਾਸ ਕਰਦੀਆਂ ਹਨ। ਇਹ ਕਾਈਆਂ ਸੂਰਜੀ ਕਿਰਨਾਂ ਦੀ ਮਦਦ ਨਾਲ ਭੋਜਨ ਤਿਆਰ ਕਰਕੇ ਮੂੰਗਾ ਜੀਵਾਂ ਨੂੰ ਖ਼ੁਰਾਕ ਮੁਹੱਈਆ ਕਰਦੀਆਂ ਹਨ ਤੇ ਆਕਸੀਜਨ ਪੈਦਾ ਕਰਕੇ ਹਵਾ ਵਿੱਚ ਛੱਡਦੀਆਂ ਹਨ। ਇਨ੍ਹਾਂ ਜੀਵਾਂ ਦੀ ਧਰਤੀ ਵਾਸੀਆਂ ਨੂੰ ਕਿੰਨੀ ਵੱਡੀ ਦੇਣ ਹੈ ਕਿ ਇਹ ਧਰਤੀ 'ਤੇ ਮੌਜੂਦ ਸਮੂਹ ਜੀਵਾਂ ਲਈ ਲੋੜੀਂਦੀ ਆਕਸੀਜਨ ਦਾ ਪੰਜਾਹ ਫ਼ੀਸਦੀ ਤੋਂ ਵੱਧ ਹਿੱਸਾ ਪੈਦਾ ਕਰਕੇ ਇਹ ਸਭ ਨੂੰ ਜੀਵਨਦਾਨ ਦਿੰਦੇ ਹਨ। ਮੂੰਗਾ ਪਹਾੜੀਆਂ ਦੀ ਸਾਡੇ ਵਾਤਾਵਰਣ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਵੱਡੀ ਤੇ ਅਹਿਮ ਭੂਮਿਕਾ ਇਹ ਵੀ ਹੈ ਕਿ ਸਮੁੰਦਰੀ ਜੀਵਾਂ ਦਾ ਇੱਕ ਚੌਥਾਈ ਹਿੱਸਾ ਇਨ੍ਹਾਂ ਮੂੰਗਾ ਪਹਾੜੀਆਂ ਵਿੱਚ ਨਿਵਾਸ ਕਰਕੇ ਆਪਣੇ ਜੀਵਨ ਦੀਆਂ ਸਾਰੀਆਂ ਕਿਰਿਆਵਾਂ ਨੂੰ ਅੰਜਾਮ ਦਿੰਦਾ ਹੈ। ਸਮੁੰਦਰੀ ਮੂੰਗਿਆਂ ਵਿਚਲੀਆਂ ਕਾਈਆਂ ਹਵਾ ਵਿੱਚੋਂ ਕਾਰਬਨ ਡਾਈਆਕਸਾਈਡ ਸੋਖ ਕੇ ਸਾਡੇ ਵਾਤਾਵਰਣ ਨੂੰ ਸਾਫ਼ ਸੁਥਰਾ ਕਰਦੀਆਂ ਹਨ, ਜਿਸ ਨਾਲ ਸਾਡੇ ਚੌਗਿਰਦੇ ਵਿੱਚ ਪੈਦਾ ਆਲਮੀ ਤਪਸ਼ ਨੂੰ ਕੰਟਰੋਲ ਕਰਨ ਵਿੱਚ ਮਦਦ ਮਿਲਦੀ ਹੈ। ਹਰ ਸਾਲ ਵੀਹ ਲੱਖ ਦੇ ਕਰੀਬ ਸੈਲਾਨੀ ਮੂੰਗਾ ਪਹਾੜੀਆਂ ਦੇ ਨੇੜੇ ਸੈਰ ਸਪਾਟੇ ਲਈ ਜਾਂਦੇ ਹਨ, ਜਿਸ ਕਰਕੇ ਸਬੰਧਿਤ ਖੇਤਰ ਦੇ ਲੋਕਾਂ ਨੂੰ ਰੁਜ਼ਗਾਰ ਵੀ ਮਿਲਦਾ ਹੈ ਤੇ ਉਸ ਖਿੱਤੇ ਦੇ ਲੋਕਾਂ ਦੀ ਆਮਦਨ ਵਿੱਚ ਵਾਧਾ ਵੀ ਹੁੰਦਾ ਹੈ। ਇਕੱਲੇ ਆਸਟਰੇਲੀਆ ਵਿੱਚ ਹੀ 64,000 ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ ਤੇ ਸੱਤ ਬਿਲੀਅਨ ਡਾਲਰ ਦੀ ਆਮਦਨੀ ਪੈਦਾ ਹੁੰਦੀ ਹੈ। ਇਨ੍ਹਾਂ ਪਹਾੜਾਂ ਦਾ ਇੱਕ ਵੱਡਾ ਲਾਭ ਇਹ ਵੀ ਹੈ ਕਿ ਇਹ ਆਸਟਰੇਲੀਆ ਦੇ ਵੱਸੋਂ ਵਾਲੇ ਭਾਗਾਂ ਨੂੰ ਸਮੁੰਦਰ ਤੋਂ ਆਉਣ ਵਾਲੀਆਂ ਜਲ ਲਹਿਰਾਂ ਤੋਂ ਇੱਕ ਮਜਬੂਤ ਦੀਵਾਰ ਬਣ ਕੇ ਬਚਾਉਂਦੇ ਹਨ, ਜਿਸ ਨਾਲ ਲੋਕਾਂ ਦੇ ਜਾਨ-ਮਾਲ ਅਤੇ ਸਰਕਾਰੀ ਪੈਸੇ ਦੀ ਵੀ ਬਚਤ ਹੁੰਦੀ ਹੈ। ਇੱਥੇ ਹੀ ਬਸ ਨਹੀਂ, ਇਹ ਪਹਾੜ ਆਪਣੇ ਆਸ-ਪਾਸ ਦੇ ਖੇਤਰਾਂ ਨੂੰ 'ਸੁਨਾਮੀ, ਹੜ੍ਹ ਅਤੇ ਤੂਫ਼ਾਨਾਂ' ਆਦਿ ਜਿਹੀਆਂ ਕੁਦਰਤੀ ਆਫ਼ਤਾਂ ਤੋਂ ਬਚਾਉਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਸੇ ਕਰਕੇ ਹੀ 'ਦਿ ਗ੍ਰੇਟ ਬੈਰੀਅਰ ਰੀਫ਼' ਨੂੰ ਸੰਸਾਰ ਦੇ ਸੱਤ ਕੁਦਰਤੀ ਅਜੂਬਿਆਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ ਤੇ ਯੂਨੈਸਕੋ ਵੱਲੋਂ ਵੀ ਸੰਨ 1981 ਵਿੱਚ ਇਨ੍ਹਾਂ ਵਚਿੱਤਰ ਪਹਾੜਾਂ ਨੂੰ ਵਿਸ਼ਵ ਦੀ 'ਵਿਰਾਸਤੀ ਲੜੀ' ਵਿੱਚ ਸ਼ਾਮਿਲ ਕੀਤਾ ਗਿਆ ਸੀ। ਆਸਟ੍ਰੇਲੀਆ ਤੋਂ ਇਲਾਵਾ ਇਹ ਮਾਲਦੀਵ, ਫਿਲੀਪੀਨਜ਼, ਇੰਡੋਨੇਸੀਆ, ਬਰਮੂਡਾ, ਬ੍ਰਿਟਿਸ਼ ਕੋਲੰਬੀਆ, ਬਾਹਾਮਾਸ, ਫਲੋਰਿਡਾ, ਇਜ਼ਰਾਈਲ ਅਤੇ ਨਾਰਵੇ ਨੇੜੇ ਪੈਂਦੇ ਸਮੁੰਦਰਾਂ ਵਿੱਚ ਪਾਏ ਜਾਂਦੇ ਹਨ।



*'ਦਿ ਗ੍ਰੇਟ ਬੈਰੀਅਰ ਰੀਫ਼' ਨੂੰ ਸੰਸਾਰ ਦੇ ਸੱਤ ਕੁਦਰਤੀ ਅਜੂਬਿਆਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ ਤੇ ਯੂਨੈਸਕੋ ਵੱਲੋਂ ਵੀ ਸੰਨ 1981 ਵਿੱਚ ਇਨ੍ਹਾਂ ਵਚਿੱਤਰ ਪਹਾੜਾਂ ਨੂੰ ਵਿਸ਼ਵ ਦੀ 'ਵਿਰਾਸਤੀ ਲੜੀ' ਵਿੱਚ ਸ਼ਾਮਿਲ ਕੀਤਾ ਗਿਆ ਸੀ।*

ਮੂੰਗਾ ਜੀਵਾਂ ਦੀਆਂ ਦਿਲਚਸਪ ਗੱਲਾਂ: ਮੂੰਗਾ ਪਹਾੜੀਆਂ ਸੰਸਾਰ ਵਿੱਚ ਹਰ ਸਾਲ 2300 ਖਰਬ ਰੁਪਿਆਂ ਦੀਆਂ ਵਸਤਾਂ ਅਤੇ ਸੈਰ-ਸਪਾਟੇ ਦੀ ਆਮਦਨ ਦੇ ਰੂਪ ਵਿੱਚ ਪੈਦਾ ਕਰਦੇ ਹਨ। ਮੂੰਗਾ ਜੀਵ ਸਮੁੰਦਰਾਂ ਵਿੱਚ ਪਾਏ ਜਾਂਦੇ ਕੁੱਲ ਜੀਵਾਂ ਦਾ ਮਹਿਜ ਇੱਕ ਫੀਸਦ ਹਿੱਸਾ ਹੀ ਬਣਦੇ ਹਨ, ਪਰ ਇਹ ਇੱਥੇ ਰਹਿੰਦੇ ਕੁੱਲ ਜੀਵਾਂ ਦੇ 25 ਫੀਸਦ ਹਿੱਸੇ ਨੂੰ ਰਹਿਣ ਲਈ ਨਿਵਾਸ ਸਥਾਨ ਅਤੇ ਭੋਜਨ ਮੁਹੱਈਆ ਕਰਾਉਂਦੇ ਹਨ। ਮੂੰਗਾ ਜੀਵ ਸਮੁੰਦਰ ਦੇ ਬਾਕੀ ਜੀਵਾਂ ਨੂੰ ਸ਼ਿਕਾਰੀਆਂ ਤੋਂ ਵੀ ਬਚਾਉਂਦੇ ਹਨ। ਚਾਰ ਹਜ਼ਾਰ ਤੋਂ ਵੱਧ ਮੱਛੀਆਂ ਦੀਆਂ ਪ੍ਰਜਾਤੀਆਂ ਆਪਣੇ ਜੀਵਨ ਦੀਆਂ ਕ੍ਰਿਆਵਾਂ ਨੂੰ ਪੂਰਾ ਕਰਨ ਲਈ ਮੂੰਗਾ ਜੀਵਾਂ 'ਤੇ ਹੀ ਨਿਰਭਰ ਕਰਦੀਆਂ ਹਨ। ਮੂੰਗਾ ਜੀਵ ਵੱਡੇ-ਵੱਡੇ ਸਮੂਹਾਂ ਵਿੱਚ ਰਹਿੰਦੇ ਹਨ, ਜਿਨ੍ਹਾਂ ਨੂੰ 'ਮੂੰਗਾ ਕਲੋਨੀਆਂ' ਆਖਿਆ ਜਾਂਦਾ ਹੈ। ਇਨ੍ਹਾਂ ਕਲੋਨੀਆਂ ਵਿੱਚ ਨਿਵਾਸ ਕਰਦੀਆਂ ਮੱਛੀਆਂ ਸੰਸਾਰ ਦੇ 50 ਕਰੋੜ ਲੋਕਾਂ ਨੂੰ ਭੋਜਨ ਮੁਹੱਈਆ ਕਰਾਉਂਦੀਆਂ ਹਨ। ਮੂੰਗਾ ਜੀਵ ਆਪਣੇ ਨੇੜੇ-ਤੇੜੇ ਦੇ ਸਭ ਤਰ੍ਹਾਂ ਦੇ ਛੋਟੇ ਕਣਾਂ ਨੂੰ ਖਾ ਜਾਂਦੇ ਹਨ, ਇਸ ਲਈ ਆਪਣੇ ਲਾਗੇ ਦੇ ਪਾਣੀ ਨੂੰ ਸਾਫ਼ ਸੁਥਰਾ ਬਣਾਈ ਰੱਖਦੇ ਹਨ। ਮੂੰਗੇ ਸਮੁੰਦਰ ਦੇ ਖਣਿਜ ਤੱਤਾਂ ਦੇ ਚੱਕਰ ਨੂੰ ਬਣਾਈ ਰੱਖ ਕੇ ਸਮੁੰਦਰੀ ਵਾਤਾਵਰਨ ਅਤੇ ਜੀਵ-ਵਿਭਿੰਨਤਾ ਨੂੰ ਕਾਇਮ ਰੱਖਦੇ ਹਨ। ਮੂੰਗਿਆਂ ਦੇ ਰੰਗਾਂ ਵਿੱਚ ਤਬਦੀਲੀ ਆਉਣ ਨਾਲ ਸਮੁੰਦਰ ਦੇ ਕੁੱਲ ਵਾਤਾਵਰਨ ਵਿੱਚ ਆ ਰਹੀ ਤਬਦੀਲੀ ਦਾ ਪਤਾ ਚੱਲ ਜਾਂਦਾ ਹੈ। ਇਸ ਤਰ੍ਹਾਂ ਇਹ ਮਨੁੱਖੀ ਕ੍ਰਿਆਵਾਂ ਦਾ ਸਮੁੰਦਰੀ ਪਾਣੀਆਂ ਉੱਤੇ ਪੈਂਦੇ ਮਾੜੇ ਪ੍ਰਭਾਵਾਂ ਦੀ ਜਾਣਕਾਰੀ ਦਿੰਦੇ ਹਨ।

ਚਿੰਤਾ ਦਾ ਵਿਸ਼ਾ ਹੈ ਮੂੰਗਿਆਂ ਦਾ ਬਦਰੰਗੇ ਹੋਣਾ: ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਸਰਵੇਖਣ ਤੋਂ ਬਾਅਦ ਜ਼ਿਆਦਾਤਰ ਵਿਗਿਆਨੀ ਇਸ ਗੱਲ ਨੂੰ ਲੈ ਕੇ ਬੇਹੱਦ ਪ੍ਰੇਸ਼ਾਨ ਅਤੇ ਫ਼ਿਕਰਮੰਦ ਹਨ ਕਿ ਕੁਦਰਤ ਵੱਲੋਂ ਮਨੁੱਖ ਨੂੰ ਬਖ਼ਸ਼ੀ ਇਸ ਨਿਆਮਤ ਨੂੰ ਮਨੁੱਖੀ ਅਣਗਹਿਲੀਆਂ ਤੇ ਗ਼ਲਤੀਆਂ ਕਰਕੇ ਵੱਡੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਨੁੱਖ ਵੱਲੋਂ ਬੇਮਸਝੀ ਕਾਰਨ ਕੀਤੀਆਂ ਜਾ ਰਹੀਆਂ ਵੱਡੀਆਂ ਗ਼ਲਤੀਆਂ ਵਿੱਚ ਪ੍ਰਦੂਸ਼ਣ, ਜ਼ਰੂਰਤ ਤੋਂ ਜ਼ਿਆਦਾ ਮੱਛੀਆਂ ਫ਼ੜ੍ਹਨਾ, ਆਲਮੀ ਤਪਸ਼, ਦੁਰਘਟਨਾਵਾਂ ਕਾਰਨ ਸਮੁੰਦਰੀ ਜਹਾਜ਼ਾਂ ਵਿੱਚੋਂ ਪੈਟਰੋਲ ਜਾਂ ਹੋਰ ਤੇਲਾਂ ਦਾ ਰਿਸਣਾ ਅਤੇ ਜ਼ਹਿਰੀਲੇ ਪਾਣੀ ਦੀ ਸਮੁੰਦਰਾਂ ਵਿੱਚ ਨਿਕਾਸੀ ਆਦਿ ਪ੍ਰਮੁੱਖ ਹਨ। ਉਕਤ ਕਾਰਨਾਂ ਕਰਕੇ ਮੂੰਗਾ ਪਹਾੜਾਂ ਅੰਦਰ ਮੌਜੂਦ ਕਾਈ ਜ਼ਹਿਰੀਲੇ ਪਦਾਰਥ ਪੈਦਾ ਕਰਦੀ ਹੈ, ਜਿਨ੍ਹਾਂ ਨੂੰ ਮੂੰਗੇ ਬਾਹਰ ਸੁੱਟ ਦਿੰਦੇ ਹਨ ਤੇ ਸਿੱਟੇ ਵਜੋਂ ਮੂੰਗੇ ਬਦਰੰਗੇ ਹੋ ਜਾਂਦੇ ਹਨ। ਇਸ ਘਟਨਾਕ੍ਰਮ ਨੂੰ ਵਿਗਿਆਨਕ ਜਗਤ ਵਿੱਚ 'ਕੋਰਲ ਬਲੀਚਿੰਗ' ਕਿਹਾ ਜਾਂਦਾ ਹੈ। ਮੂੰਗਿਆਂ ਦਾ ਬਦਰੰਗ ਹੋ ਜਾਣਾ, ਵਾਤਾਵਰਣ ਦੇ ਵਿਗਾੜ ਲਈ ਇੱਕ ਬਹੁਤ ਵੱਡਾ ਵਰਤਾਰਾ ਹੈ।

ਸਾਲ 2020 ਵਿੱਚ ਵਿਗਿਆਨੀਆਂ ਵੱਲੋਂ ਕੀਤੇ ਗਏ ਇੱਕ ਅਧਿਐਨ ਅਨੁਸਾਰ ਬੀਤੇ ਲਗਪਗ 25 ਕੁ ਸਾਲਾਂ ਵਿੱਚ ਸਮੁੰਦਰਾਂ ਅੰਦਰ ਸਥਿਤ ਮੂੰਗਾ ਪਹਾੜੀਆਂ ਦਾ ਤਕਰੀਬਨ ਅੱਧਾ ਹਿੱਸਾ ਬਦਰੰਗ ਹੋ ਚੁੱਕਾ ਹੈ, ਜੋ ਕਿ ਚਿੰਤਾ ਦਾ ਇੱਕ ਵੱਡਾ ਵਿਸ਼ਾ ਹੈ। ਸਾਲ 1998 ਤੋਂ ਲੈ ਕੇ ਹੁਣ ਤੱਕ ਛੇ ਵਾਰ ਮੂੰਗਿਆਂ ਦੇ ਬਦਰੰਗ ਹੋਣ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਵਿਗਿਆਨੀ ਇਨ੍ਹਾਂ ਘਟਨਾਵਾਂ ਲਈ ਸਮੁੰਦਰੀ ਤਾਪਮਾਨ ਦੇ ਵਧਣ, ਸਮੁੰਦਰਾਂ ਵਿੱਚ ਤੇਜ਼ਾਬੀਪਣ ਦੇ ਵਧਣ, ਸੂਰਜੀ ਕਿਰਨਾਂ, ਲਾਗ ਦੇ ਰੋਗਾਂ, ਪ੍ਰਦੂਸ਼ਣ, ਵਧੇਰੇ ਮਾਤਰਾ ਵਿੱਚ ਮੱਛੀਆਂ ਫੜਨਾ ਅਤੇ ਸਮੁੰਦਰਾਂ ਨੇੜੇ ਉਦਯੋਗਾਂ ਦੇ ਲੱਗਣ ਨੂੰ ਜ਼ਿੰਮੇਵਾਰ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਉੱਪਰ ਦੱਸੇ ਕਾਰਨਾਂ ਨੂੰ ਨਾ ਰੋਕਿਆ ਗਿਆ ਤਾਂ ਕੁਦਰਤੀ ਅਮਾਨਤ ਵਿੱਚ ਕੀਤੀ ਗਈ ਇਸ ਖ਼ਿਆਨਤ ਦੇ ਸਮੁੱਚੀ ਮਨੁੱਖ ਜਾਤੀ ਨੂੰ ਭਿਆਨਕ ਨਤੀਜੇ ਭੁਗਤਣੇ ਪੈਣਗੇ, ਜਿਵੇਂ ਕਿ ਮੱਛੀਆਂ ਸਮੇਤ ਸਾਰੇ ਸਮੁੰਦਰੀ ਭੋਜਨਾਂ ਦੇ ਉਤਪਾਦਨ ਵਿੱਚ ਕਮੀ ਆਏਗੀ, ਵਾਤਾਵਰਣ ਵਿੱਚ ਆਕਸੀਜਨ ਦੀ ਮਾਤਰਾ ਘਟੇਗੀ, ਸਮੁੰਦਰੀ ਤੂਫ਼ਾਨਾਂ ਅਤੇ ਸੁਨਾਮੀਆਂ ਦੀ ਗਿਣਤੀ ਵਧੇਗੀ, ਸਮੁੰਦਰ ਕੰਢੇ ਵੱਸੇ ਸ਼ਹਿਰਾਂ ਦੀ ਹੋਂਦ ਨੂੰ ਖ਼ਤਰਾ ਵਧੇਗਾ, ਲੋਕਾਂ ਲਈ ਰੁਜ਼ਗਾਰ ਦੇ ਮੌਕੇ ਘਟਣਗੇ, ਵਾਤਾਵਰਣ ਵਿੱਚ ਗਰਮੀ ਲਗਾਤਾਰ ਵਧੇਗੀ, ਸੰਸਾਰ ਦਾ ਕੁੱਲ ਭੋਜਨ ਉਤਪਾਦਨ ਘਟੇਗਾ ਅਤੇ ਸਮੁੰਦਰਾਂ ਅੰਦਰ ਵਿਚਰਦੇ ਜੀਵਾਂ ਦੀਆਂ ਅਨੇਕਾਂ ਪ੍ਰਜਾਤੀਆਂ ਅਲੋਪ ਹੋਣ ਦਾ ਖ਼ਤਰਾ ਵਧ ਜਾਏਗਾ।

ਇੱਥੇ ਇਹ ਜ਼ਿਕਰਯੋਗ ਹੈ ਕਿ ਮੂੰਗਿਆਂ ਤੋਂ ਕੈਂਸਰ ਅਤੇ ਦਿਲ ਦੇ ਰੋਗਾਂ ਨੂੰ ਠੀਕ ਕਰਨ ਲਈ ਜੋ ਦਵਾਈਆਂ ਬਣਦੀਆਂ ਹਨ, ਉਨ੍ਹਾਂ ਦੇ ਉਤਪਾਦਨ ਵਿੱਚ ਕਮੀ ਆਏਗੀ, ਸਬੰਧਿਤ ਖੇਤਰਾਂ ਵਿੱਚ ਸੈਲਾਨੀ ਗਤੀਵਿਧੀਆਂ ਘਟਣਗੀਆਂ ਅਤੇ ਉਸ ਖਿੱਤੇ ਅਤੇ ਕਿੱਤੇ ਨਾਲ ਜੁੜੇ ਲੋਕਾਂ ਦੀ ਆਮਦਨੀ ਵੀ ਘਟੇਗੀ। ਸੋ, ਅੱਜ ਲੋੜ ਹੈ ਕਿ ਅੰਧਾਧੁੰਦ ਤਰੱਕੀ 'ਚ ਰੁੱਝਿਆ ਮਨੁੱਖ ਜ਼ਰਾ ਹੋਸ਼ 'ਚ ਆਵੇ ਤੇ ਇਹ ਸਮਝਣ ਦਾ ਯਤਨ ਕਰੇ ਕਿ ਮੂੰਗਾ ਜੀਵਾਂ ਪ੍ਰਤੀ ਅਣਗਹਿਲੀ ਵਰਤ ਕੇ ਉਹ ਕੇਵਲ ਮੂੰਗਾ ਜੀਵਾਂ ਦਾ ਹੀ ਨੁਕਸਾਨ ਨਹੀਂ ਕਰ ਰਿਹਾ ਹੈ, ਸਗੋਂ ਆਪਣੇ ਪੈਰਾਂ ਉਤੇ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਉਤੇ ਵੀ ਕੁਹਾੜੀ ਮਾਰ ਰਿਹਾ ਹੈ।

*ਗੱਲ ਕਰੀਏ ਜੇਕਰ ਮੂੰਗਾ ਜੀਵ ਦੀ ਸਰੀਰਕ ਬਣਤਰ ਦੀ, ਤਾਂ ਇੱਕ ਇਕੱਲਾ ਮੂੰਗਾ ਜੀਵ ਜਿਸ ਨੂੰ 'ਕੋਰਲ ਪੋਲਿਪ' ਕਹਿੰਦੇ ਹਨ, ਕੁਝ ਸੈਂਟੀਮੀਟਰ ਲੰਮਾ, ਵੇਲਣਾਕਾਰ, ਚਾਕ ਜਿਹੇ ਪਦਾਰਥ ਦਾ ਬਣਿਆ ਜੀਵ ਹੁੰਦਾ ਹੈ, ਜਿਸ ਵਿੱਚ ਵੱਖ-ਵੱਖ ਰੰਗਾਂ ਦੀਆਂ ਕਾਈਆਂ ਨਿਵਾਸ ਕਰਦੀਆਂ ਹਨ। ਇਹ ਕਾਈਆਂ ਸੂਰਜੀ ਕਿਰਨਾਂ ਦੀ ਮਦਦ ਨਾਲ ਭੋਜਨ ਤਿਆਰ ਕਰਕੇ ਮੂੰਗਾ ਜੀਵਾਂ ਨੂੰ ਖ਼ੁਰਾਕ ਮੁਹੱਈਆ ਕਰਦੀਆਂ ਹਨ ਤੇ ਆਕਸੀਜਨ ਪੈਦਾ ਕਰਕੇ ਹਵਾ ਵਿੱਚ ਛੱਡਦੀਆਂ ਹਨ। ਇਨ੍ਹਾਂ ਜੀਵਾਂ ਦੀ ਧਰਤੀ ਵਾਸੀਆਂ ਨੂੰ ਕਿੰਨੀ ਵੱਡੀ ਦੇਣ ਹੈ ਕਿ ਇਹ ਧਰਤੀ 'ਤੇ ਮੌਜੂਦ ਸਮੂਹ ਜੀਵਾਂ ਲਈ ਲੋੜੀਂਦੀ ਆਕਸੀਜਨ ਦਾ ਪੰਜਾਹ ਫ਼ੀਸਦੀ ਤੋਂ ਵੱਧ ਹਿੱਸਾ ਪੈਦਾ ਕਰਕੇ ਇਹ ਸਭ ਨੂੰ ਜੀਵਨਦਾਨ ਦਿੰਦੇ ਹਨ।*



## ਆਪਣੇ ਹੀ ਬੋਝ ਹੇਠ ਦੱਬ ਸਕਦੈ ਪਾਕਿਸਤਾਨ

ਬਜਟ ਘਾਟਾ ਵਧ ਰਿਹਾ ਹੈ। ਫਾਈਨੈਂਸ ਡਿਵੀਜ਼ਨ ਦੀ ਰਿਪੋਰਟ ਅਨੁਸਾਰ ਜੁਲਾਈ-ਮਾਰਚ ਐਫ.ਆਈ.-2025 ਵਿੱਚ ਪ੍ਰਾਈਮਰੀ ਸਰਪਲੱਸ 3.0% ਜੀ.ਡੀ.ਪੀ. ਦਾ ਹੋਇਆ, ਜੋ ਪਿਛਲੇ ਸਾਲ ਦੇ 1.5% ਤੋਂ ਵਧੀ ਹੈ, ਪਰ ਇਹ ਲੰਬੇ ਸਮੇਂ ਲਈ ਕਾਫ਼ੀ ਨਹੀਂ। ਵੱਡੀ ਆਬਾਦੀ ਨਾਲ ਘਰੇਲੂ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਵਧੇਗੀ, ਪਰ ਬਿਨਾ ਉਤਪਾਦਨ ਵਧਾਉਣ ਦੇ ਇਹ ਮਹਿੰਗਾਈ ਨੂੰ ਹੀ ਵਧਾਏਗੀ।

ਵੱਡੀ ਆਬਾਦੀ ਨਾਲ ਜੁੜੀਆਂ ਸਭ ਤੋਂ ਗੰਭੀਰ ਸਮੱਸਿਆਵਾਂ ਹਨ ਖੁਰਾਕ ਅਤੇ ਊਰਜਾ ਦੀ ਕਮੀ। ਵਰਲਡ ਫੂਡ ਪ੍ਰੋਗਰਾਮ ਅਨੁਸਾਰ ਪਾਕਿਸਤਾਨ 2024 ਗਲੋਬਲ ਹੰਗਰ ਇੰਡੈਕਸ (ਜੀ.ਐਚ.ਆਈ.) ਵਿੱਚ 127 ਦੇਸ਼ਾਂ ਵਿੱਚੋਂ 109ਵੇਂ ਥਾਂ 'ਤੇ ਰਿਹਾ, ਜਿੱਥੇ 21% ਆਬਾਦੀ ਅਨਡਰਨੌਰਿਸ਼ਡ ਹੈ ਅਤੇ 45% ਗਰੀਬੀ ਰੇਖਾ ਹੇਠਾਂ ਜੀਵਨ ਬਤੀਤ ਕਰ ਰਹੀ ਹੈ। ਇੰਟੀਗ੍ਰੇਟਿਡ ਫੂਡ ਸਿਕਿਉਰਿਟੀ ਫੇਜ਼ ਕਲਾਸੀਫਿਕੇਸ਼ਨ (ਆਈ.ਪੀ.ਸੀ.) ਰਿਪੋਰਟ ਅਨੁਸਾਰ ਅਪ੍ਰੈਲ-ਜੁਲਾਈ 2025 ਵਿੱਚ 68 ਦੇਹਾਤੀ ਜ਼ਿਲ੍ਹਿਆਂ ਵਿੱਚੋਂ 9 ਫੇਜ਼-2 (ਸਟ੍ਰੈਸਡ) ਅਤੇ 59 ਫੇਜ਼-3 (ਕ੍ਰਾਈਸਿਸ) ਵਿੱਚ ਵਰਗੀਕ੍ਰਿਤ ਹਨ। 2025 ਦੇ ਹੜ੍ਹਾਂ ਨੇ ਖੁਰਾਕ ਸੁਰੱਖਿਆ ਨੂੰ ਹੋਰ ਖ਼ਰਾਬ ਕੀਤਾ ਹੈ। ਫੀਡਰ ਨੈਸ਼ਨਲ ਅਨੁਸਾਰ ਇਨ੍ਹਾਂ ਹੜ੍ਹਾਂ ਨੇ ਸਥਾਨਕ ਪੱਧਰ 'ਤੇ ਤੀਬਰ ਖੁਰਾਕ ਅਸੁਰੱਖਿਆ ਪੈਦਾ ਕੀਤੀ ਹੈ। ਇਸ ਤੋਂ ਇਲਾਵਾ ਮਿੱਟੀ ਦੀ ਗੁਣਵੱਤਾ ਵਿੱਚ ਗਿਰਾਵਟ ਭਵਿੱਖੀ ਖੁਰਾਕ ਸੰਕਟ ਨੂੰ ਸੱਦਾ ਦੇ ਰਹੀ ਹੈ। ਰਾਇਟਰਜ਼ ਅਨੁਸਾਰ ਸੋਲਰ-ਪਾਵਰਡ ਫਾਰਮਿੰਗ ਨੇ ਪਾਣੀ ਦੀ ਖਪਤ ਵਧਾ ਦਿੱਤੀ ਹੈ, ਜਿਸ ਨਾਲ ਗਰਿੱਡ ਊਰਜਾ ਵਿੱਚ 45% ਗਿਰਾਵਟ ਆਈ ਹੈ।

ਊਰਜਾ ਸੰਕਟ ਵੀ ਇੱਕ ਵੱਡੀ ਚੁਣੌਤੀ ਹੈ। ਬਰਕਲੇ ਦੀ ਰਿਪੋਰਟ ਅਨੁਸਾਰ 2025 ਦੇ ਅੰਤ ਤੱਕ ਪਾਕਿਸਤਾਨ ਵਿੱਚ ਪਾਵਰ ਆਊਟੇਜ਼ ਜਾਰੀ ਹਨ ਅਤੇ ਸਰਕੂਲਰ ਡੈਟ 2.7 ਟ੍ਰਿਲੀਅਨ ਰੁਪਏ ਨੂੰ ਪਾਰ ਕਰ ਗਿਆ ਹੈ। ਵੱਡੀ ਆਬਾਦੀ ਨਾਲ ਊਰਜਾ ਦੀ ਮੰਗ ਵਧੇਗੀ, ਪਰ ਬਿਜਲੀ ਉਤਪਾਦਨ ਅਜੇ ਵੀ ਬਹੁਤ ਘੱਟ ਹੈ। 2022 ਦੇ ਹੜ੍ਹਾਂ ਤੋਂ ਬਾਅਦ ਸ਼ੁਰੂ ਹੋਇਆ ਆਰਥਿਕ ਦਾ ਸੰਕਟ ਅੱਜ ਵੀ ਜਾਰੀ ਹੈ, ਜਿੱਥੇ ਖਾਣ-ਪੀਣ ਦੀਆਂ ਚੀਜ਼ਾਂ ਮਹਿੰਗੀਆਂ ਹੋਈਆਂ ਹਨ ਅਤੇ ਊਰਜਾ ਕਮੀ ਨੇ ਉਦਯੋਗਾਂ ਨੂੰ ਪ੍ਰਭਾਵਿਤ ਕੀਤਾ ਹੈ। ਇਹ ਸਭ ਗਰੀਬੀ ਨੂੰ ਵਧਾਉਂਦਾ ਹੈ, ਜੋ ਪਹਿਲਾਂ ਹੀ ਵਧ ਰਹੀ ਹੈ।

ਹੋਰ ਦੇਸ਼ਾਂ ਨਾਲ ਤੁਲਨਾ ਕਰੀਏ ਤਾਂ ਪਾਕਿਸਤਾਨ ਦੀ ਸਥਿਤੀ ਵਧੇਰੇ ਚਿੰਤਾਜਨਕ ਲੱਗਦੀ ਹੈ। ਚੀਨ ਨੇ ਆਬਾਦੀ ਕੰਟਰੋਲ ਨੀਤੀਆਂ ਨਾਲ ਅਰਥਵਿਵਸਥਾ ਨੂੰ ਮਜ਼ਬੂਤ ਕੀਤਾ ਹੈ, ਇੱਥੇ ਵੱਡੀ ਆਬਾਦੀ ਨੇ ਘਰੇਲੂ ਖਪਤ ਨੂੰ ਵਧਾਇਆ। ਭਾਰਤ ਵੀ ਡੈਮੋਗ੍ਰਾਫਿਕ ਡਿਵੀਡੈਂਡ ਤੋਂ ਲਾਭ ਲੈ ਰਿਹਾ ਹੈ, ਪਰ ਪਾਕਿਸਤਾਨ ਵਿੱਚ ਉਚਿੱਤ ਸਿੱਖਿਆ ਅਤੇ ਹੁਨਰ ਵਿਕਾਸ ਦੀ ਘਾਟ ਹੈ। ਆਮ ਚਰਚਾ ਵਿੱਚ ਵੀ ਇਹ ਵਿਚਾਰ ਆਉਂਦਾ ਹੈ ਕਿ ਵਿਕਸਿਤ ਦੇਸ਼ਾਂ ਵਿੱਚ ਆਬਾਦੀ ਵਿਕਾਸ ਆਪਣੇ ਆਪ ਘੱਟ ਜਾਂਦਾ ਹੈ, ਪਰ ਪਾਕਿਸਤਾਨ ਨੂੰ ਨੀਤੀਗਤ ਉਪਾਵਾਂ ਦੀ ਲੋੜ ਹੈ।

ਇਸ ਸੰਕਟ ਨੂੰ ਹੱਲ ਕਰਨ ਲਈ ਪਾਕਿਸਤਾਨ ਨੂੰ ਤੁਰੰਤ ਕਦਮ ਚੁੱਕਣੇ ਪੈਣਗੇ। ਪਹਿਲਾ, ਜਨਮ ਦਰ ਘਟਾਉਣ ਲਈ ਸਿੱਖਿਆ ਅਤੇ ਔਰਤਾਂ ਦੇ ਅਧਿਕਾਰਾਂ 'ਤੇ ਜ਼ੋਰ ਦੇਣਾ ਚਾਹੀਦਾ ਹੈ। ਦੂਜਾ, ਹੁਨਰ-ਆਧਾਰਿਤ ਨੌਕਰੀਆਂ ਪੈਦਾ ਕਰਨ ਲਈ ਵੋਕੇਸ਼ਨਲ ਟ੍ਰੇਨਿੰਗ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ। ਤੀਜਾ, ਖੁਰਾਕ ਅਤੇ ਊਰਜਾ ਸੁਰੱਖਿਆ ਲਈ ਸਥਿਰ ਖੇਤੀਬਾੜੀ ਅਤੇ ਨਵੀਨੀਕਰਨੀ ਊਰਜਾ ਵਿੱਚ ਨਿਵੇਸ਼ ਕਰਨਾ ਜ਼ਰੂਰੀ ਹੈ। ਆਈ.ਐਮ.ਐਫ. ਅਤੇ ਵਰਲਡ ਬੈਂਕ ਨੇ ਸੁਝਾਅ ਦਿੱਤੇ ਹਨ ਕਿ ਸੁਧਾਰਾਂ ਨਾਲ ਵਿਕਾਸ ਹੋ ਸਕਦਾ ਹੈ, ਪਰ ਇਹ ਤੁਰੰਤ ਅਮਲ ਵਿੱਚ ਲਿਆਉਣੇ ਪੈਣਗੇ।

ਸੋ, ਪਾਕਿਸਤਾਨ ਦੀ ਵਧਦੀ ਆਬਾਦੀ ਇੱਕ ਅਜਿਹੀ ਚੁਣੌਤੀ ਹੈ ਜੋ ਅਰਥਵਿਵਸਥਾ, ਖੁਰਾਕ ਅਤੇ ਊਰਜਾ ਨੂੰ ਖ਼ਤਰੇ ਵਿੱਚ ਪਾ ਰਹੀ ਹੈ। ਜੇਕਰ ਨੀਤੀਆਂ ਨੂੰ ਨਾ ਬਦਲਿਆ ਗਿਆ ਤਾਂ ਇਹ ਵਿਕਾਸ ਨਹੀਂ, ਸੰਕਟ ਨੂੰ ਹੀ ਵਧਾਏਗਾ। ਪਾਕਿਸਤਾਨ ਨੂੰ ਆਪਣੇ ਨੌਜਵਾਨਾਂ ਨੂੰ ਤਾਕਤ ਵਿੱਚ ਬਦਲਣ ਲਈ ਕੰਮ ਕਰਨਾ ਹੋਵੇਗਾ, ਨਾ ਕਿ ਬੋਝ ਵਿੱਚ। ਇਹ ਨਾ ਸਿਰਫ਼ ਪਾਕਿਸਤਾਨ ਲਈ, ਸਗੋਂ ਇਸ ਦੇ ਗੁਆਂਢੀ ਦੇਸ਼ਾਂ ਲਈ ਵੀ ਇੱਕ ਚੇਤਾਵਨੀ ਹੈ।

# ਸਿੱਖ ਭਾਈਚਾਰੇ ਨੇ ਥੈਂਕਸਗਿਵਿੰਗ ਮੌਕੇ ਲੋੜਵੰਦਾਂ ਨੂੰ ਭੋਜਨ ਪਰੋਸਿਆ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸ਼ਿਕਾਗੋ ਦੇ ਮੈਟਰੋਪਾਲੀਟਨ ਖੇਤਰ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ 825 ਨਾਰਥ ਕ੍ਰਿਸਟੀਆਨਾ ਐਵੇਨਿਊ, ਸ਼ਿਕਾਗੋ ਵਿਖੇ ਸਥਿਤ ਸਾਲਵੇਸ਼ਨ ਆਰਮੀ ਵਿੱਚ ਥੈਂਕਸਗਿਵਿੰਗ ਡੇਅ ਮੌਕੇ ਲੋੜਵੰਦਾਂ ਨੂੰ ਭੋਜਨ ਪਰੋਸਿਆ ਅਤੇ ਸਾਲਵੇਸ਼ਨ ਆਰਮੀ ਨੂੰ ਵਿੱਤੀ ਇਮਦਾਦ ਦਿੱਤੀ। ਇਸ ਮੌਕੇ ਆਪਣੇ ਪਰਿਵਾਰਾਂ ਲਈ ਰਵਾਇਤੀ ਥੈਂਕਸਗਿਵਿੰਗ ਡੇਅ ਭੋਜਨ ਲੈਣ ਆਏ






ਪਰਿਵਾਰਾਂ ਅਤੇ ਲੋੜਵੰਦਾਂ ਲਈ ਭੋਜਨ ਪੈਕ ਕੀਤਾ ਗਿਆ ਤੇ ਉਨ੍ਹਾਂ ਨੂੰ ਸੌਂਪਿਆ ਗਿਆ। ਮਾਣ ਵਾਲੀ ਗੱਲ ਇਹ ਸੀ ਕਿ ਵੱਖ-ਵੱਖ ਧਰਮਾਂ ਦੇ ਵਾਲੰਟੀਅਰਾਂ ਨੇ ਇਸ ਸਮਾਗਮ ਲਈ ਵਿੱਤੀ ਮਦਦ ਤਾਂ ਦਿੱਤੀ ਹੀ, ਸਗੋਂ ਸੇਵਾ ਵਿੱਚ ਵੀ ਯੋਗਦਾਨ ਪਾਇਆ। ਜ਼ਿਕਰਯੋਗ ਹੈ ਕਿ ਲੋੜਵੰਦ ਪਰਿਵਾਰ ਹਫ਼ਤੇ ਦੇ ਦਿਨਾਂ ਦੌਰਾਨ ਵੀ ਉਸੇ ਇਮਾਰਤ ਵਿੱਚ ਸਥਿਤ ਪੈਂਟਰੀ ਤੋਂ ਭੋਜਨ ਪ੍ਰਾਪਤ ਕਰਨ ਲਈ ਆਉਂਦੇ ਹਨ।

ਸਾਲਵੇਸ਼ਨ ਆਰਮੀ ਵਿਖੇ ਗਰਮ ਭੋਜਨ (ਟਰਕੀ, ਮੈਸ਼ਡ ਆਲੂ, ਬੀਨਜ਼, ਸਟਫਿੰਗ, ਬਰੈੱਡ ਰੋਲ ਅਤੇ ਕੱਦੂ ਪਾਈ ਆਦਿ) ਤਿਆਰ ਕੀਤਾ ਗਿਆ। ਸਿੱਖ ਭਾਈਚਾਰੇ ਦੇ ਪਰਿਵਾਰਾਂ ਅਤੇ ਦੋਸਤਾਂ ਦੁਆਰਾ ਖਰੀਦੀਆਂ ਗਈਆਂ ਡੱਬਾਬੰਦ ਭੋਜਨ ਤੇ ਹੋਰ ਚੀਜ਼ਾਂ ਨਾਲ ਭਰੀ ਇੱਕ ਕਾਰਗੋ ਵੈਨ ਇਟਾਸਕਾ ਤੇ ਸ਼ਾਮਬਰਗ ਦੀਆਂ ਪੈਂਟਰੀਆਂ ਅਤੇ ਸਾਲਵੇਸ਼ਨ ਆਰਮੀ ਲਈ ਦਾਨ ਕੀਤੀ ਗਈ। ਇਸ ਮੌਕੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ 1600 ਡਾਲਰ ਵੀ ਇਕੱਠੇ ਕੀਤੇ ਅਤੇ ਸਾਲਵੇਸ਼ਨ ਆਰਮੀ ਦੇ ਕੈਪਟਨ ਨਿੱਕੀ ਹਿਊਜ਼ ਅਤੇ ਕੈਪਟਨ ਕੋਰੀ ਹਿਊਜ਼ ਨੂੰ ਸੌਂਪੇ। ਦੋਹਾਂ ਕੈਪਟਨਾਂ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਉਨ੍ਹਾਂ ਦੀਆਂ ਨਿਰੰਤਰ ਸੇਵਾਵਾਂ, ਪੈਂਟਰੀ ਲਈ ਭੋਜਨ ਅਤੇ ਨਕਦ ਯੋਗਦਾਨ ਲਈ ਧੰਨਵਾਦ ਕੀਤਾ।

ਇਸ ਮੌਕੇ ਸਿੱਖ ਫੌਜੀਆਂ ਸਬੰਧੀ ਜਾਣਕਾਰੀ ਵਾਲੇ ਪੋਸਟਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ ਸੀ। ਕੈਪਟਨ ਨਿੱਕੀ ਹਿਊਜ਼ ਅਤੇ ਕੈਪਟਨ ਕੋਰੀ ਹਿਊਜ਼ ਪਹਿਲੇ ਵਿਸ਼ਵ ਯੁੱਧ ਦੌਰਾਨ ਅਮਰੀਕੀ ਫੌਜ ਵਿੱਚ ਸੇਵਾ ਕਰਨ ਵਾਲੇ ਸਾਰਜੈਂਟ ਭਗਤ ਸਿੰਘ ਥਿੰਦ ਦਾ ਪੋਸਟਰ ਪੜ੍ਹ ਕੇ ਹੈਰਾਨ ਰਹਿ ਗਏ। ਸਿੱਖ ਭਾਈਚਾਰੇ ਵੱਲੋਂ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ ਇਸ ਨੇਕ ਕਾਰਜ ਲਈ ਆਪਣਾ ਸਮਾਂ ਅਤੇ ਮਿਹਨਤ ਦੀ ਕਮਾਈ ਦਾ ਯੋਗਦਾਨ ਪਾਇਆ ਅਤੇ ਉਮੀਦ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਅਜਿਹਾ ਕਰਦੇ ਰਹਿਣਗੇ।

ਚੇਤੇ ਰਹੇ, ਸਿੱਖ ਰਿਲੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ) ਸ਼ਿਕਾਗੋ ਨੂੰ ਜੁਲਾਈ 2019 ਵਿੱਚ ਸਾਲਵੇਸ਼ਨ ਆਰਮੀ ਵੱਲੋਂ 'ਲਾਈਫਟਾਈਮ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਮਾਨਤਾ ਨੇ ਸਾਲਵੇਸ਼ਨ ਆਰਮੀ ਨਾਲ ਭਾਈਚਾਰੇ ਦੇ ਰਿਸ਼ਤੇ ਨੂੰ ਹੋਰ ਡੂੰਘਾ ਕੀਤਾ। ਇਸਨੇ ਭਾਈਚਾਰੇ ਨੂੰ ਮਨੁੱਖਤਾ ਦੀ ਸੇਵਾ ਕਰਦੇ ਰਹਿਣ ਲਈ ਵੀ ਉਤਸ਼ਾਹਿਤ ਕੀਤਾ। ਇਹ ਇੱਕ ਸਨਮਾਨ ਸੀ ਅਤੇ ਲੋੜਵੰਦਾਂ ਨੂੰ ਭੋਜਨ ਦੇਣ ਤੇ ਲੋੜਵੰਦਾਂ ਦੀ ਸੇਵਾ ਕਰਨ ਵਿੱਚ ਬਹੁਤ ਨਿੱਜੀ ਸੰਤੁਸ਼ਟੀ ਪ੍ਰਦਾਨ ਕੀਤੀ।

ਸੇਵਾਦਾਰਾਂ ਅਨੁਸਾਰ ਗੁਰੂ ਗ੍ਰੰਥ ਸਾਹਿਬ ਸਾਨੂੰ ਸਿਖਾਉਂਦੇ ਹਨ ਕਿ ਸੇਵਾ ਕਰਦੇ ਸਮੇਂ ਇਨਸਾਨ ਅੰਦਰ ਨਿਮਰਤਾ ਦੀ ਭਾਵਨਾ ਪੈਦਾ ਹੁੰਦੀ ਹੈ। ਸੇਵਾ ਕਰਨ ਨਾਲ ਮਨੁੱਖ ਜੀਵਨ ਵਿੱਚ ਆਪਣਾ ਹਉਮੈਵਾਦੀ ਸੁਭਾਅ ਤਿਆਗ ਕੇ ਹਲੀਮ ਹੁੰਦਾ ਹੈ ਅਤੇ ਇਸ ਤਰ੍ਹਾਂ ਸਮਾਜ ਤੋਂ ਸਤਿਕਾਰ ਪ੍ਰਾਪਤ ਕਰਦਾ ਹੈ। ਗੁਰਬਾਣੀ ਸਾਨੂੰ ਸਿਖਾਉਂਦੀ ਹੈ ਕਿ ਰੱਬ ਦੀ ਕਿਰਪਾ ਵਿਸ਼ੇਸ਼ ਤੌਰ 'ਤੇ ਉਦੋਂ ਮੌਜੂਦ ਹੁੰਦੀ ਹੈ, ਜਦੋਂ ਗਰੀਬਾਂ ਅਤੇ ਕਥਿਤ ਤੌਰ 'ਤੇ ਨੀਚ ਸਮਝੇ ਜਾਂਦੇ ਲੋਕਾਂ ਦੀ ਦੇਖਭਾਲ ਕੀਤੀ ਜਾਂਦੀ ਹੈ। ਇੱਕ ਵਾਰ ਜਦੋਂ ਸੇਵਾ ਕਰਨੀ ਸ਼ੁਰੂ ਕਰੀਏ, ਤਾਂ ਅਹਿਸਾਸ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਸਾਡੇ ਕਿੰਨੇ ਧੰਨਭਾਗ ਹਨ। ਮੇਜ਼ 'ਤੇ ਖਾਣਾ ਹੋਣਾ, ਸਿਰ 'ਤੇ ਛੱਤ ਹੋਣਾ ਅਤੇ ਪਰਿਵਾਰ ਤੇ ਦੋਸਤਾਂ ਨਾਲ ਛੁੱਟੀਆਂ ਦਾ ਆਨੰਦ ਮਾਣਨਾ ਇੱਕ ਵਰਦਾਨ ਹੈ। ਬਹੁਤ ਸਾਰੇ ਮਹਿਮਾਨ ਆਪਣੇ ਬੱਚਿਆਂ ਨੂੰ ਆਪਣੇ ਨਾਲ ਲਿਆਉਂਦੇ ਹਨ, ਜਿਨ੍ਹਾਂ ਨੇ ਸ਼ਾਇਦ ਗਰਮ ਰਵਾਇਤੀ ਭੋਜਨ ਨਹੀਂ ਖਾਧਾ ਹੋਵੇਗਾ।

ਜ਼ਿਕਰਯੋਗ ਹੈ ਕਿ ਸ਼ਿਕਾਗੋ ਦਾ ਸਿੱਖ ਭਾਈਚਾਰਾ 1992 ਤੋਂ 2008 ਤੱਕ ਸਾਲਵੇਸ਼ਨ ਆਰਮੀ ਟੌਮ ਸੇਅ ਸੈਂਟਰ ਸ਼ਿਕਾਗੋ ਵਿਖੇ ਮਹੀਨੇ ਵਿੱਚ ਇੱਕ ਵਾਰ ਸਵੈ-ਇੱਛਾ ਨਾਲ ਭੋਜਨ ਸਪਾਂਸਰ ਕਰਦਾ ਰਿਹਾ ਹੈ। ਟੌਮ ਸੇਅ ਸੈਂਟਰ ਸ਼ਿਕਾਗੋ ਵਿੱਚ ਸਨੀਸਾਈਡ ਅਤੇ ਬ੍ਰੌਡਵੇ ਦੇ ਕਰਾਸਿੰਗ 'ਤੇ ਸਥਿਤ ਹੁੰਦਾ ਸੀ, ਪਰ 2008 ਵਿੱਚ ਸਥਾਈ ਤੌਰ 'ਤੇ ਬੰਦ ਹੋ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਤੋਂ ਪ੍ਰੇਰਿਤ ਸਿੱਖ ਭਾਈਚਾਰੇ ਨੇ 2014 ਵਿੱਚ ਸਾਲਵੇਸ਼ਨ ਆਰਮੀ ਵਿਖੇ ਸਵੈ-ਇੱਛਾ ਨਾਲ ਥੈਂਕਸਗਿਵਿੰਗ ਅਤੇ ਕ੍ਰਿਸਮਸ ਡਿਨਰ ਨੂੰ ਮੁੜ ਸ਼ੁਰੂ ਕੀਤਾ।

# ਪੀ.ਸੀ.ਐਸ. ਵੱਲੋਂ ਥੈਂਕਸਗਿਵਿੰਗ ਡੇਅ ਪਰੇਡ 'ਚ ਸ਼ਮੂਲੀਅਤ

**ਸ਼ਿਕਾਗੋ:** ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਨੇ 91ਵੀਂ ਸਾਲਾਨਾ ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਵਿੱਚ ਮਾਣ ਨਾਲ ਹਿੱਸਾ ਲਿਆ। ਪੀ.ਸੀ.ਐਸ. ਨੇ ਸਾਲ 2005 ਤੋਂ ਇਸ ਪਰੇਡ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਸੀ ਅਤੇ ਇਸ ਪਰੰਪਰਾ ਨੂੰ ਨਿਰੰਤਰ ਸ਼ਮੂਲੀਅਤ ਰਾਹੀਂ ਜਾਰੀ ਰੱਖਿਆ ਹੈ। ਇਸ ਵਾਰ ਪੀ.ਸੀ.ਐਸ. ਨੇ ਮੁੱਖ ਧਾਰਾ ਵਿੱਚ ਸਤਿਕਾਰਯੋਗ ਸਿਹਤ ਸੰਭਾਲ ਕਾਮਿਆਂ ਅਤੇ ਜੀਵੰਤ ਪੰਜਾਬੀ ਸੱਭਿਆਚਾਰ ਦਾ ਪ੍ਰਦਰਸ਼ਨ ਕੀਤਾ। ਜ਼ਿਕਰਯੋਗ ਹੈ ਕਿ ਇਹ ਪਰੇਡ ਅਮਰੀਕਾ ਵਿੱਚ ਦੂਜੀ ਸਭ ਤੋਂ ਵੱਡੀ ਟੈਲੀਵਿਜ਼ਨ ਥੈਂਕਸਗਿਵਿੰਗ ਪਰੇਡ ਵਜੋਂ ਜਾਣੀ ਜਾਂਦੀ ਹੈ, ਜੋ ਦੇਸ਼ ਭਰ ਵਿੱਚ ਲੱਖਾਂ ਦੇ ਨਾਲ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਛੁੱਟੀਆਂ ਦੇ ਸੀਜ਼ਨ ਦੀ ਸ਼ੁਰੂਆਤ ਕਰਨ ਲਈ ਸਟੇਟ ਸਟ੍ਰੀਟ 'ਤੇ ਲਾਈਨਾਂ ਵਿੱਚ ਖੜ੍ਹੇ ਉਤਸ਼ਾਹੀ ਦਰਸ਼ਕਾਂ ਨੂੰ ਆਕਰਸ਼ਿਤ ਕਰਦੀ ਹੈ।

ਇਸ ਸਾਲ ਦੀ ਪਰੇਡ ਵਿੱਚ ਕਈ ਤਰ੍ਹਾਂ ਦੇ ਪ੍ਰਦਰਸ਼ਨ ਸ਼ਾਮਲ ਸਨ, ਜਿਸ ਵਿੱਚ ਪ੍ਰਸਿੱਧ ਮਾਰਚਿੰਗ ਬੈਂਡ, ਰਚਨਾਤਮਕ ਫਲੋਟ, ਮਸ਼ਹੂਰ ਮਹਿਮਾਨ ਅਤੇ ਭਾਈਚਾਰਕ ਸੰਗਠਨ ਸ਼ਾਮਲ ਸਨ। ਪੀ.ਸੀ.ਐਸ. ਇੱਕ ਸੱਭਿਆਚਾਰਕ ਰਾਜਦੂਤ ਵਜੋਂ ਕਲਾਤਮਕ ਉਤਮਤਾ ਅਤੇ ਭਾਈਚਾਰਕ ਸ਼ਮੂਲੀਅਤ- ਦੋਵਾਂ ਨੂੰ ਪ੍ਰਦਰਸ਼ਿਤ ਕਰਦੀ ਹੈ। ਸੰਸਥਾ ਨੇ ਇੱਕ ਵਿਲੱਖਣ ਮੈਡੀਕਲ-ਥੀਮ ਵਾਲੇ ਫਲੋਟ ਰਾਹੀਂ ਹਾਜ਼ਰੀ ਲੁਆਈ, ਜੋ ਕਿ ਭਾਈਚਾਰਕ ਸਿਹਤ ਸੰਭਾਲ ਪੇਸ਼ੇਵਰਾਂ ਦੇ ਸਮਰਪਣ ਅਤੇ ਯੋਗਦਾਨ ਦਾ ਜਸ਼ਨ ਮਨਾਉਂਦਾ ਹੈ। ਪ੍ਰਤੀਕਾਤਮਕ ਸਜਾਵਟ ਅਤੇ ਰੰਗਾਂ ਨਾਲ ਸਜਾਏ ਗਏ ਫਲੋਟ ਵਿੱਚ ਸੰਸਥਾ ਦੇ ਵਾਲੰਟੀਅਰ ਸਿਹਤ ਸੰਭਾਲ ਕਰਮਚਾਰੀਆਂ ਨੂੰ ਪ੍ਰਮਾਣਿਕ ਡਾਕਟਰੀ ਪਹਿਰਾਵੇ ਵਿੱਚ ਪੇਸ਼ ਹੋਏ। ਇਹ ਪੇਸ਼ਕਾਰੀ ਸਿਹਤ ਵਕਾਲਤ ਪ੍ਰਤੀ ਪੀ.ਸੀ.ਐਸ. ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ ਅਤੇ ਡਾਕਟਰਾਂ, ਨਰਸਾਂ ਆਦਿ ਦੀ ਅਣਥੱਕ ਸੇਵਾ ਨੂੰ ਮਾਨਤਾ ਦਿੰਦੀ ਹੈ।

ਪਰੇਡ ਦੇ ਤਿਉਹਾਰੀ ਮਾਹੌਲ ਵਿੱਚ ਵਾਧਾ ਕਰਦਿਆਂ ਪੀ.ਸੀ.ਐਸ. ਕਲਾਕਾਰਾਂ ਨੇ ਰਵਾਇਤੀ ਭੰਗੜੇ ਅਤੇ ਪੰਜਾਬੀ ਸੰਗੀਤ ਦੀ ਪੇਸ਼ਕਾਰੀ ਨਾਲ ਪਰੇਡ ਵਿੱਚ ਸ਼ਾਮਲ ਅਤੇ ਦੇਖਣ ਆਏ ਲੋਕਾਂ ਨੂੰ ਜੋਸ਼ ਨਾਲ ਭਰ ਦਿੱਤਾ। ਭੰਗੜਚੀਆਂ ਨੇ ਪੰਜਾਬ ਦੀ ਅਮੀਰ ਵਿਰਾਸਤ ਦੀ ਝਲਕ ਦਿਖਾਉਂਦਿਆਂ ਦਰਸ਼ਕਾਂ ਨੂੰ ਵਿਅਕਤੀਗਤ ਤੌਰ ਉਤੇ ਅਤੇ ਰਾਸ਼ਟਰੀ ਟੈਲੀਵਿਜ਼ਨ ਉਤੇ ਮਨਮੋਹਕ ਬਣਾਇਆ। ਇਹ ਸੱਭਿਆਚਾਰਕ ਪ੍ਰਦਰਸ਼ਨ ਸ਼ਿਕਾਗੋ ਦੇ ਦਿਲ ਵਿੱਚ ਪੰਜਾਬੀ ਪਰੰਪਰਾਵਾਂ ਦੀ ਸਮਝ ਅਤੇ ਕਦਰ ਨੂੰ ਉਤਸ਼ਾਹਿਤ ਕਰਨ ਦੇ ਸੰਸਥਾ ਦੇ ਮਿਸ਼ਨ ਨੂੰ ਉਜਾਗਰ ਕਰਦੇ ਹਨ।

ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਦਾ ਸਮਾਗਮ ਸਥਾਨਕ ਅਤੇ ਰਾਸ਼ਟਰੀ ਪ੍ਰਤਿਭਾ ਦੇ ਇੱਕ ਜੀਵੰਤ ਪ੍ਰਦਰਸ਼ਨ ਵਜੋਂ ਕੰਮ ਕਰਦਾ ਹੈ, ਜਿਸ ਵਿੱਚ ਪੀ.ਸੀ.ਐਸ. ਦੀ ਭਾਗੀਦਾਰੀ ਸੱਭਿਆਚਾਰਕ ਵਿਭਿੰਨਤਾ ਅਤੇ ਏਕਤਾ ਪ੍ਰਤੀ ਪਰੇਡ ਦੀ ਵਚਨਬੱਧਤਾ ਨੂੰ ਮਜਬੂਤ ਕਰਦੀ ਹੈ। ਠੰਡ ਦੇ ਬਾਵਜੂਦ ਹਜ਼ਾਰਾਂ ਦਰਸ਼ਕ ਪਰੇਡ ਰੂਟ 'ਤੇ ਇਕੱਠੇ ਹੋਏ ਅਤੇ ਫਲੋਟਸ ਤੇ ਪ੍ਰਦਰਸ਼ਨਕਾਰੀਆਂ ਦੇ ਲੰਘਣ 'ਤੇ ਖੁਸ਼ੀ ਦਾ ਇਜ਼ਹਾਰ ਕਰਦੇ ਨਜ਼ਰ ਆਏ। ਪਰੇਡ ਦੀ ਤਿਉਹਾਰੀ ਭਾਵਨਾ ਅਤੇ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਪਰੰਪਰਾਵਾਂ ਨੂੰ ਸ਼ਿਕਾਗੋ ਵਾਸੀਆਂ ਅਤੇ ਦੇਸ਼ ਭਰ ਦੇ ਦਰਸ਼ਕਾਂ ਦੁਆਰਾ ਪਿਆਰ ਕੀਤਾ ਜਾਂਦਾ ਹੈ।

ਸੰਸਥਾ ਵੱਲੋਂ ਜਾਰੀ ਬਿਆਨ ਅਨੁਸਾਰ ਚੇਅਰਮੈਨ ਡਾ. ਪਰਮ ਪੁਨੀਤ ਸਿੰਘ ਨੇ ਕਿਹਾ ਹੈ ਕਿ ਪੀ.ਸੀ.ਐਸ. ਨੂੰ 91ਵੀਂ ਸਾਲਾਨਾ ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ ਦਾ ਹਿੱਸਾ ਬਣਨ ਦਾ ਮਾਣ ਪ੍ਰਾਪਤ ਹੈ, ਜੋ ਵਿਰਾਸਤ ਅਤੇ ਸਿਹਤ ਸੰਭਾਲ- ਦੋਵਾਂ ਦਾ ਜਸ਼ਨ ਮਨਾਉਂਦੀ ਹੈ। ਆਪਣੇ ਮੈਡੀਕਲ-ਥੀਮ ਵਾਲੇ ਫਲੋਟ ਅਤੇ ਸੱਭਿਆਚਾਰ ਸਬੰਧੀ ਪ੍ਰਦਰਸ਼ਨਾਂ ਰਾਹੀਂ ਸੰਸਥਾ ਨੇ ਭਾਈਚਾਰਿਆਂ ਨੂੰ ਇਕਜੁੱਟ ਕਰਨ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਕਰਨ ਵਿੱਚ ਭੂਮਿਕਾ ਨਿਭਾਈ ਹੈ।

ਬਿਆਨ ਅਨੁਸਾਰ ਵਿਸਾਖੀ ਤਿਉਹਾਰ ਮਨਾਉਣ ਲਈ ਪ੍ਰਦਰਸ਼ਨ ਕਲਾ, ਗੀਤ-ਸੰਗੀਤ, ਗਿੱਧਾ ਅਤੇ ਭੰਗੜਾ ਨਾਚਾਂ ਦਾ ਪੰਜਾਬੀ ਸੱਭਿਆਚਾਰਕ ਵਿਭਿੰਨ ਪ੍ਰੋਗਰਾਮ ਪੀ.ਸੀ.ਐਸ. ਦਾ 'ਰੰਗਲਾ ਪੰਜਾਬ 2026' ਸ਼ਨੀਵਾਰ, 25 ਅਪ੍ਰੈਲ 2026 ਨੂੰ ਗੇਟਵੇਅ ਥੀਏਟਰ (ਕੋਪਰਨਿਕਸ ਸੈਂਟਰ) 5216 ਵੈਸਟ ਲਾਰੈਂਸ ਐਵੇਨਿਊ, ਸ਼ਿਕਾਗੋ ਵਿਖੇ ਹੋਵੇਗਾ। ਸੰਸਥਾ ਨੇ ਪ੍ਰਦਰਸ਼ਨ ਆਈਟਮਾਂ ਦੇ ਕੋਆਰਡੀਨੇਟਰਾਂ ਅਤੇ ਭਾਗੀਦਾਰਾਂ ਨੂੰ ਪ੍ਰਦਰਸ਼ਨ ਟੀਮਾਂ ਬਣਾਉਣ ਦੀ ਬੇਨਤੀ ਕੀਤੀ ਹੈ। ਆਈਟਮਾਂ ਸਬੰਧੀ ਰਜਿਸਟ੍ਰੇਸ਼ਨ ਦਸੰਬਰ ਤੋਂ ਸ਼ੁਰੂ ਹੋ ਜਾਵੇਗੀ। ਇਸ ਤੋਂ ਇਲਾਵਾ 43ਵਾਂ ਸਾਲਾਨਾ ਏਸ਼ੀਅਨ ਅਮਰੀਕਨ ਕੋਲੀਸ਼ਨ ਆਫ਼ ਸ਼ਿਕਾਗੋ ਲੂਨਰ ਨਿਊ ਈਅਰ ਡਿਨਰ, ਸ਼ਨੀਵਾਰ 28 ਫਰਵਰੀ 2026 ਨੂੰ ਮੈਰੀਅਟ ਮਾਰਕੁਇਸ, ਸ਼ਿਕਾਗੋ ਵਿਖੇ ਹੋਵੇਗਾ, ਜਿਸਦੀ ਮੇਜ਼ਬਾਨੀ ਸ਼ਿਕਾਗੋ ਦੇ ਚੀਨੀ ਅਮਰੀਕੀ ਭਾਈਚਾਰੇ ਦੁਆਰਾ ਕੀਤੀ ਜਾ ਰਹੀ ਹੈ। ਹੋਰ ਜਾਣਕਾਰੀ ਲਈ ਪੀ.ਸੀ.ਐਸ. ਨਾਲ ਸੰਪਰਕ ਈਮੇਲ: info@pcschicago.org ਜਾਂ ਵੈੱਬਸਾਈਟ: www.PCSChicago.org ਜਾਂ ਫਿਰ ਫ਼ੋਨ: 847-359-5727 ਰਾਹੀਂ ਕੀਤਾ ਜਾ ਸਕਦਾ ਹੈ।












# ਵਿਲੱਖਣ ਤੇ ਵਧੀਆ ਉਪਰਾਲਾ ਸੀ 'ਫਿੱਟ ਪੰਜਾਬੀ' ਪ੍ਰੋਗਰਾਮ

**ਕੁਲਜੀਤ ਦਿਆਲਪੁਰੀ**


**ਸ਼ਿਕਾਗੋ:** 'ਭੰਗੜਾ ਰਾਈਮਜ਼' ਦੇ ਅਮਨ ਕੁਲਾਰ ਵੱਲੋਂ ਪਿਛਲੇ ਦਿਨੀਂ ਕਰਵਾਇਆ ਗਿਆ 'ਫਿੱਟ ਪੰਜਾਬੀ' ਪ੍ਰੋਗਰਾਮ ਇੱਕ ਵਿਲੱਖਣ ਤੇ ਵਧੀਆ ਉਪਰਾਲਾ ਹੋ ਨਿਬੜਿਆ। ਇਹ ਪ੍ਰੋਗਰਾਮ ਭਾਈਚਾਰੇ ਵਿੱਚ ਆਪਣੇ ਆਪ ਨੂੰ ਤੰਦਰੁਸਤ ਰੱਖਣ ਅਤੇ ਸਰਗਰਮ ਰਹਿਣ ਦੇ ਨਜ਼ਰੀਏ ਤੋਂ ਮੁਕਾਬਲਿਆਂ ਦੇ ਰੂਪ ਵਿੱਚ ਕਰਵਾਇਆ ਗਿਆ ਸੀ। ਹਾਲਾਂਕਿ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲੇ ਘੱਟ ਗਿਣਤੀ ਵਿੱਚ ਸਨ, ਪਰ ਉਨ੍ਹਾਂ ਜਿਸ ਉਤਸ਼ਾਹ ਨਾਲ ਵੱਖ-ਵੱਖ ਉਮਰ ਵਰਗ ਦੇ ਮੁਕਾਬਲਿਆਂ ਵਿੱਚ ਆਪਣੀ ਸਰੀਰਕ ਸਮਰੱਥਾ ਅਤੇ ਤਕਨੀਕ ਰਾਹੀਂ ਜ਼ੋਰ ਅਜ਼ਮਾਈ ਦਾ ਪ੍ਰਦਰਸ਼ਨ ਕੀਤਾ, ਉਹ ਪ੍ਰਭਾਵਸ਼ਾਲੀ ਸੀ। ਹਿੱਸਾ ਲੈਣ ਵਾਲੇ ਖਾਸਕਰ ਮਿਲਵਾਕੀ ਅਤੇ ਸ਼ਿਕਾਗੋ ਤੋਂ ਸਨ।










'ਫਿੱਟ ਪੰਜਾਬੀ' ਮੁਕਾਬਲਿਆਂ ਵਿੱਚ ਹਿੱਸਾ ਲੈਣ ਦੇ ਚਾਹਵਾਨ ਮਿੱਥੇ ਸਮੇਂ 'ਤੇ ਪਹੁੰਚ ਗਏ ਸਨ ਅਤੇ ਗਰਮਜੋਸ਼ੀ ਨਾਲ ਕਸਰਤੀ ਅਭਿਆਸ ਕਰਨ ਵਿੱਚ ਰੁੱਝ ਗਏ ਸਨ। ਜਿਉਂ ਜਿਉਂ ਔਰਤਾਂ ਤੇ ਮਰਦਾਂ ਦੇ ਵੱਖ-ਵੱਖ ਉਮਰ ਵਰਗ ਦੇ ਮੁਕਾਬਲੇ ਹੁੰਦੇ ਗਏ, ਤਿਉਂ ਤਿਉਂ ਜਿੱਤ ਦਾ ਮੈਡਲ ਪ੍ਰਾਪਤ ਕਰਨ ਦੀ ਚਾਹਤ ਨਾਲ ਪ੍ਰਤੀਯੋਗੀਆਂ ਵਿੱਚ ਮੁਕਾਬਲੇਬਾਜ਼ੀ ਦਾ ਅਮਲ ਵਧਦਾ ਦਿਖਾਈ ਦਿੱਤਾ। ਵੱਖ-ਵੱਖ ਰਾਊਂਡਾਂ ਦੌਰਾਨ ਆਪਣੀ ਸਮਰਥਾ ਤੋਂ ਵੱਧ ਜ਼ੋਰ ਲਾ ਕੇ ਘੱਟ ਤੋਂ ਘੱਟ ਸਮੇਂ ਵਿੱਚ ਮੁਕੰਮਲ ਕਰਨ ਦੀ ਇੱਕ ਤਰ੍ਹਾਂ ਦੀ ਦੌੜ ਲੱਗ ਗਈ ਸੀ। ਮੁੜ੍ਹਕੋ-ਮੁੜ੍ਹਕੀ ਤੇ ਸਾਹੋ-ਸਾਹ ਹੋਏ ਪ੍ਰਤੀਯੋਗੀ ਸਰੀਰਕ ਫੁਰਤੀ ਦਾ ਪ੍ਰਦਰਸ਼ਨ ਕਰ ਕੇ ਜਿੱਤ ਵੱਲ ਨੂੰ ਕਦਮ ਵਧਾਉਂਦੇ ਜਾ ਰਹੇ ਸਨ।

ਮੁਕਾਬਲਿਆਂ ਦੌਰਾਨ ਮਰਦਾਂ ਦੇ ਅੰਡਰ-40 ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਸੱਤਿਆ (ਸ਼ਿਕਾਗੋ), ਦੂਜੇ ਸਥਾਨ 'ਤੇ ਰਾਜਿੰਦਰ ਸਿੰਘ ਸਿੱਧੂ (ਵਿਨੀਪੈਗ, ਕੈਨੇਡਾ) ਅਤੇ ਤੀਜੇ ਸਥਾਨ 'ਤੇ ਹਰਬੀਰ ਸਿੰਘ ਮਾਹਲ (ਮਿਲਵਾਕੀ) ਰਹੇ। ਇਸੇ ਤਰ੍ਹਾਂ ਔਰਤਾਂ ਦੇ ਅੰਡਰ-40 ਮੁਕਾਬਲੇ ਵਿੱਚ ਮਿਲਵਾਕੀ ਦੀ ਰਾਜਬੀਰ ਕੌਰ ਪਹਿਲੇ, ਸ਼ਿਕਾਗੋ ਦੀ ਗੁਰਪ੍ਰੀਤ ਕੌਰ ਧਾਮੀ ਦੂਜੇ ਅਤੇ ਮਿਲਵਾਕੀ ਦੀ ਜਸਲੀਨ ਕੌਰ ਸੰਧਾਵਾਲੀਆ ਤਿੰਨੇ ਨੰਬਰ ਉਤੇ ਰਹੀ।

ਇਸ ਮੌਕੇ ਚਾਲੀ ਸਾਲ ਤੋਂ ਵੱਧ ਉਮਰ ਦੇ ਮਰਦਾਂ ਦੇ ਮੁਕਾਬਲੇ ਵਿੱਚ ਸ਼ਿਕਾਗੋ ਦੇ ਮਨਦੀਪ ਕੁਮਾਰ ਦੀ ਮਿਹਨਤ ਨੂੰ ਫਲ ਲੱਗਿਆ ਤੇ ਉਹ ਪਹਿਲਾ ਇਨਾਮ ਜਿੱਤਣ ਵਿੱਚ ਕਾਮਯਾਬ ਰਿਹਾ। ਆਖਰੀ ਰਾਊਂਡ ਵਿੱਚ ਉਹ ਜਿਸ ਫੁਰਤੀ ਤੇ ਜ਼ੋਰ ਨਾਲ ਪ੍ਰਦਰਸ਼ਨ ਕਰ ਰਿਹਾ ਸੀ, ਉਹ ਨਜ਼ਾਰਾ ਦੇਖਿਆਂ ਹੀ ਬਣਦਾ ਸੀ। ਇਸ ਮੁਕਾਬਲੇ ਵਿੱਚ ਸ਼ਿਕਾਗੋ ਦਾ ਹੀ ਸੋਨਲ ਸੂਦ ਦੂਜਾ ਇਨਾਮ ਪ੍ਰਾਪਤ ਕਰਨ ਵਿੱਚ ਸਫਲ ਰਿਹਾ। ਦਿਲਚਸਪ ਇਹ ਵੀ ਰਿਹਾ ਕਿ ਇਸ ਵਰਗ ਵਿੱਚ ਔਰਤਾਂ ਦੇ ਮੁਕਾਬਲੇ ਦੌਰਾਨ ਮਿਲਵਾਕੀ ਦੀਆਂ ਬੀਬੀਆਂ ਜੋਸ਼ਨਾ ਮਾਨ ਅਤੇ ਮਹਿਕ ਗਿੱਲ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ ਉਤੇ ਰਹੀਆਂ, ਜਦਕਿ ਪੰਜਾਹ ਸਾਲ ਤੋਂ ਉਪਰ ਬੀਬੀਆਂ ਦੇ ਮੁਕਾਬਲੇ ਵਿੱਚ ਸ਼ਿਕਾਗੋ ਦੀਆਂ ਰਾਧਿਕਾ ਅਤੇ ਮਨਪ੍ਰੀਤ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰ ਕੇ ਜੇਤੂ ਮੈਡਲ ਆਪਣੇ ਗਲੀਂ ਪੁਆਇਆ।

ਇਸ ਤੋਂ ਇਲਾਵਾ 'ਫਿੱਟ ਪੰਜਾਬੀ' ਮੁਕਾਬਲਿਆਂ ਵਿੱਚ ਸ਼ਿਕਾਗੋ ਦੇ ਨਵਜੋਤ ਸਿੰਘ, ਬਲਰਾਜ ਸਿੰਘ ਸੋਹੀ, ਮਿੰਟੂ ਰੰਗੀ ਅਤੇ ਗੁਰਬੀਰ ਸਿੰਘ ਨੇ ਵੀ ਜ਼ੋਰ-ਅਜ਼ਮਾਈ ਦਾ ਵਧੀਆ ਪ੍ਰਦਰਸ਼ਨ ਕੀਤਾ। ਇੱਕ ਰਾਊਂਡ ਵਿੱਚ ਤਾਂ ਨਵਜੋਤ ਸਿੰਘ ਨੇ ਆਪਣੇ ਪ੍ਰਦਰਸ਼ਨ ਰਾਹੀਂ ਘੱਟ ਸਮਾਂ ਲੈਂਦਿਆਂ ਸਭ ਨੂੰ ਹੈਰਾਨ ਕਰ ਦਿੱਤਾ, ਪਰ ਹੋਰਨਾਂ ਦੇ ਮੁਕਾਬਲੇ ਉਹ ਫਾਈਨਲ ਰਾਊਂਡ ਵਿੱਚ ਜਾਣੋਂ ਰਹਿ ਗਿਆ। ਪ੍ਰਤੀਯੋਗੀਆਂ ਨੂੰ ਹੌਸਲਾ ਅਫਜ਼ਾਈ ਵਜੋਂ ਪ੍ਰਮਾਣ ਪੱਤਰ ਦਿੱਤੇ ਗਏ। ਹਰ ਰਾਊਂਡ ਵਿੱਚ 'ਕੱਲੇ-'ਕੱਲੇ ਪ੍ਰਤੀਯੋਗੀ ਦੀ ਨਜ਼ਰਸਾਨੀ ਕਰਨ ਲਈ ਇੱਕ ਇੱਕ ਵਾਲੰਟੀਅਰ ਮੌਜੂਦ ਰਿਹਾ। ਇਸ ਤੋਂ ਇਲਾਵਾ ਬੱਚਿਆਂ ਵੱਲੋਂ ਵੀ ਆਪੋ-ਆਪਣੇ ਤੌਰ 'ਤੇ ਦੇਖੋ-ਦੇਖੀ ਕਸਰਤੀ ਅਭਿਆਸ ਕੀਤੇ ਜਾ ਰਹੇ ਸਨ। ਇੰਜ ਲੱਗ ਰਿਹਾ ਸੀ, ਜਿਵੇਂ ਅਗਲੀ ਵਾਰ ਬੱਚਿਆਂ ਦੇ ਮੁਕਾਬਲਿਆਂ ਦਾ ਇੱਕ ਪੂਰ ਤਿਆਰ ਹੋ ਜਾਵੇਗਾ।

ਇਸ ਮੌਕੇ ਹਾਜ਼ਰ ਸਥਾਨਕ ਭਾਈਚਾਰਕ ਪਤਵੰਤਿਆਂ- ਜੈਦੇਵ ਸਿੰਘ (ਸੱਤੀ) ਭੱਠਲ, ਪਰਮਿੰਦਰ ਸਿੰਘ ਵਾਲੀਆ, ਡਾ. ਹਰਜਿੰਦਰ ਸਿੰਘ ਖਹਿਰਾ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਲੱਕੀ ਸਹੋਤਾ, ਮੈਂਬਰ ਹਰਦੀਪ ਸਿੰਘ ਗਿੱਲ, 'ਪੰਜਾਬੀ ਪਰਵਾਜ਼' ਦੇ ਬੋਰਡ ਮੈਂਬਰ ਬਿਕਰਮ ਸਿੰਘ ਸਿੱਧੂ, ਤੇ ਸ. ਗਰੇਵਾਲ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਵਾਲਿਆਂ ਦੀ ਜਾਣ-ਪਛਾਣ ਕਰਵਾਈ ਗਈ। ਸ਼ੇਰੇ ਪੰਜਾਬ ਸਪੋਰਟਸ ਕਲੱਬ ਦੇ ਨੁਮਾਇੰਦੇ ਅੰਮ੍ਰਿਤਪਾਲ ਮਾਂਗਟ, ਗੁਰਮੁੱਖ ਸਿੰਘ ਭੁੱਲਰ, ਅਮਰੀਕਪਾਲ ਸਿੰਘ, 'ਢੋਲ ਰੇਡੀਓ' ਦੇ ਸੁਖਪਾਲ ਗਿੱਲ ਅਤੇ ਮਿਲਵਾਕੀ ਤੋਂ ਆਏ ਪਤਵੰਤਿਆਂ ਨੇ ਸਹਿਯੋਗੀ ਸੇਵਾਵਾਂ ਨਿਭਾਈਆਂ।



ਇਸ ਮੌਕੇ ਬੋਲਦਿਆਂ ਪ੍ਰਬੰਧਕ ਅਮਨ ਕੁਲਾਰ ਨੇ ਕਿਹਾ ਕਿ ਅਜਿਹੇ ਸਮਾਗਮ ਭਾਈਚਾਰਕ ਸ਼ਖਸੀਅਤਾਂ ਦੇ ਸਹਿਯੋਗ ਨਾਲ ਹੀ ਕਰਵਾਏ ਜਾਂਦੇ ਹਨ। ਉਨ੍ਹਾਂ ਇਖਲਾਕੀ ਤੌਰ 'ਤੇ ਸਹਿਯੋਗ ਕਰਨ ਵਾਲੇ ਸੱਜਣਾਂ ਅਤੇ 'ਫਿੱਟ ਪੰਜਾਬੀ' ਮੁਕਾਬਲੇ ਮੌਕੇ ਹਾਜ਼ਰ ਸਭ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਅਮਨ ਕੁਲਾਰ ਨੇ ਦੱਸਿਆ ਕਿ ਇਸ ਪਹਿਲੇ 'ਫਿੱਟ ਪੰਜਾਬੀ' ਸਮਾਗਮ ਲਈ ਲੋਕਾਂ ਨੂੰ ਨਿੱਜੀ ਤੌਰ 'ਤੇ ਸੱਦਾ ਦਿੱਤਾ ਗਿਆ ਸੀ, ਜਦਕਿ ਅਗਲੀ ਵਾਰ ਇਸ ਵਿੱਚ ਮੁਕਾਬਲਿਆਂ ਅਤੇ ਮਹਿਮਾਨਾਂ ਦਾ ਦਾਇਰਾ ਵਧਾਇਆ ਜਾਵੇਗਾ; ਇਹ ਪਹਿਲਾ ਤਜਰਬਾ ਸੀ, ਜੋ ਉਮੀਦ ਮੁਤਾਬਕ ਸਫਲ ਰਿਹਾ।

ਇਸ ਮੌਕੇ ਪਰਮਿੰਦਰ ਸਿੰਘ ਵਾਲੀਆ ਤੇ ਡਾ. ਹਰਜਿੰਦਰ ਸਿੰਘ ਖਹਿਰਾ ਨੇ ਸੰਖੇਪ ਸ਼ਬਦਾਂ ਵਿੱਚ ਅਮਨ ਕੁਲਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ 'ਫਿੱਟ ਪੰਜਾਬੀ' ਮੁਕਾਬਲਿਆਂ ਨੂੰ ਇੱਕ ਵਿਲੱਖਣ ਕੋਸ਼ਿਸ਼ ਕਰਾਰ ਦਿੱਤਾ ਅਤੇ ਭਾਈਚਾਰੇ ਨੂੰ ਅਜਿਹੇ ਸਮਾਗਮਾਂ ਨੂੰ ਹੋਰ ਹੁਲਾਰਾ ਦੇਣ ਦੀ ਗੱਲ ਆਖੀ। ਅਖੀਰ ਵਿੱਚ ਜੇਤੂਆਂ ਨੂੰ ਪ੍ਰਬੰਧਕ ਅਮਨ ਕੁਲਾਰ ਵੱਲੋਂ ਮੈਡਲ ਅਤੇ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਤੀਯੋਗੀਆਂ ਲਈ ਫਲਾਂ, ਐਨਰਜੀ ਬਾਰ ਆਦਿ ਅਤੇ ਮਹਿਮਾਨਾਂ ਲਈ ਚਾਹ-ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ।



ਸੱਚੋ-ਸੱਚ

# ਰੋਗ-ਰੋਧੀ ਦਵਾਈਆਂ ਦਾ ਇੱਕ ਜਾਲ਼


**ਵਿਜੈ ਗਰਗ, ਮਲੋਟ**
**ਸੇਵਾਮੁਕਤ ਪ੍ਰਿੰਸੀਪਲ**



ਐਂਟੀਬਾਇਓਟਿਕਸ ਨੂੰ ਕਿਸੇ ਵੀ ਬਿਮਾਰੀ ਦੇ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ, ਜਿਸ ਕਾਰਨ ਇਹ ਬਾਜ਼ਾਰ ਵਿੱਚ ਸਭ ਤੋਂ ਵੱਧ ਵਿਕਣ ਵਾਲੀਆਂ ਦਵਾਈਆਂ ਹਨ। ਹਾਲਾਂਕਿ ਇਨ੍ਹਾਂ ਦੀ ਅੰਨ੍ਹੇਵਾਹ ਵਰਤੋਂ ਨੇ ਭਾਰਤ ਵਿੱਚ 'ਸੁਪਰਬੱਗ' ਨਾਮੀ ਇੱਕ ਖ਼ਤਰਨਾਕ ਸਥਿਤੀ ਪੈਦਾ ਕਰ ਦਿੱਤੀ ਹੈ, ਜਿੱਥੇ ਦਵਾਈਆਂ ਬੇਅਸਰ ਹੋ ਜਾਂਦੀਆਂ ਹਨ ਅਤੇ ਆਮ ਬਿਮਾਰੀਆਂ ਵੀ ਜਲਦੀ ਠੀਕ ਨਹੀਂ ਹੁੰਦੀਆਂ। ਚਿੰਤਾ ਦੀ ਗੱਲ ਹੈ ਕਿ ਪੋਲਟਰੀ ਅਤੇ ਪਸ਼ੂ ਪਾਲਣ ਵਿੱਚ ਵੀ ਐਂਟੀਮਾਈਕ੍ਰੋਬਾਇਲ ਦਵਾਈਆਂ ਦੀ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ। ਨਤੀਜੇ ਵਜੋਂ, ਭਾਵੇਂ ਅਸੀਂ ਐਂਟੀਮਾਈਕ੍ਰੋਬਾਇਲ ਦਵਾਈਆਂ ਦੀ ਆਪਣੀ ਵਰਤੋਂ ਘਟਾ ਦੇਈਏ, ਇਹ ਸਮੱਸਿਆ ਸਾਨੂੰ ਹੋਰ ਰੂਪਾਂ ਵਿੱਚ ਪ੍ਰੇਸ਼ਾਨ ਕਰਦੀ ਰਹੇਗੀ। ਇਸ ਲਈ ਸਰਕਾਰ ਨੇ ਇਨ੍ਹਾਂ ਦਵਾਈਆਂ ਦੀ ਵਰਤੋਂ ਸੰਬੰਧੀ ਵਿਸਤ੍ਰਿਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

1928 ਵਿੱਚ ਲੰਡਨ ਦੇ ਇੱਕ ਮੈਡੀਕਲ ਇੰਸਟੀਚਿਊਟ ਵਿੱਚ ਕੰਮ ਕਰਦੇ ਸਕਾਟਿਸ਼ ਵਿਗਿਆਨੀ ਅਲੈਗਜ਼ੈਂਡਰ ਫਲੇਮਿੰਗ ਨੇ ਬੈਕਟੀਰੀਆ ਦੀ ਖੋਜ ਕਰਦੇ ਹੋਏ ਐਂਟੀਬਾਇਓਟਿਕ ਪੈਨਿਸਿਲਿਨ ਦੀ ਖੋਜ ਕੀਤੀ। ਦੂਜੇ ਵਿਸ਼ਵ ਯੁੱਧ ਦੌਰਾਨ ਜਦੋਂ ਲੱਖਾਂ ਜ਼ਖਮੀ ਸਿਪਾਹੀ ਇਨਫੈਕਸ਼ਨਾਂ ਨਾਲ ਮਰ ਰਹੇ ਸਨ, ਪੈਨਿਸਿਲਿਨ ਇੱਕ ਵਰਦਾਨ ਸਾਬਤ ਹੋਇਆ। ਇਸਨੇ ਅਣਗਿਣਤ ਜਾਨਾਂ ਬਚਾਈਆਂ। ਪੈਨਿਸਿਲਿਨ ਨੇ ਡਾਕਟਰੀ ਵਿਗਿਆਨ ਦਾ ਰਾਹ ਬਦਲ ਦਿੱਤਾ ਅਤੇ ਇਸਨੂੰ ਆਧੁਨਿਕ ਐਂਟੀਬਾਇਓਟਿਕ ਯੁੱਗ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਹਾਲਾਂਕਿ 1945 ਤੋਂ ਬਾਅਦ ਫਲੇਮਿੰਗ ਨੇ ਖੁਦ ਚੇਤਾਵਨੀ ਦਿੱਤੀ ਸੀ ਕਿ ਐਂਟੀਬਾਇਓਟਿਕ ਦਵਾਈਆਂ ਦੀ ਬਹੁਤ ਜ਼ਿਆਦਾ ਵਰਤੋਂ ਪ੍ਰਤੀਰੋਧ ਵੱਲ ਲੈ ਜਾਵੇਗੀ, ਤੇ ਇਹੀ ਹੋਇਆ। ਇਹ ਸਮੱਸਿਆ ਹੁਣ ਹੋਰ ਵੀ ਗੰਭੀਰ ਹੁੰਦੀ ਜਾ ਰਹੀ ਹੈ, ਕਿਉਂਕਿ ਭਾਰਤ ਵਰਗੇ ਦੇਸ਼ਾਂ ਵਿੱਚ ਡਾਕਟਰ ਦੀ ਸਲਾਹ ਤੋਂ ਬਿਨਾ ਸਾੜ ਵਿਰੋਧੀ ਦਵਾਈਆਂ ਲੈਣਾ, ਅਧੂਰੀਆਂ ਦਵਾਈਆਂ ਲੈਣਾ ਅਤੇ ਛੋਟੀਆਂ-ਮੋਟੀਆਂ ਬਿਮਾਰੀਆਂ ਲਈ ਵੀ ਇਨ੍ਹਾਂ ਦੀ ਵਰਤੋਂ ਕਰਨਾ ਆਮ ਹੋ ਗਿਆ ਹੈ। ਇਨ੍ਹਾਂ ਦਵਾਈਆਂ ਦੀ ਬਹੁਤ ਜ਼ਿਆਦਾ ਵਰਤੋਂ ਸਰੀਰ ਵਿੱਚ ਬੈਕਟੀਰੀਆ ਜਾਂ ਵਾਇਰਸ ਦਵਾਈਆਂ ਪ੍ਰਤੀ ਵਿਰੋਧ ਪੈਦਾ ਕਰਦੀ ਹੈ, ਜਿਸ ਨਾਲ 'ਸੁਪਰਬੱਗ' ਪੈਦਾ ਹੁੰਦੇ ਹਨ। ਇਹ ਇੱਕ ਅਜਿਹੀ ਸਥਿਤੀ ਹੈ, ਜਿਸ ਵਿੱਚ ਸ਼ਕਤੀਸ਼ਾਲੀ ਬੈਕਟੀਰੀਆ ਜਾਂ ਵਾਇਰਸ ਦਵਾਈਆਂ ਦੁਆਰਾ ਨਹੀਂ ਮਾਰੇ ਜਾ ਸਕਦੇ ਅਤੇ ਮਿਆਰੀ ਸਾੜ ਵਿਰੋਧੀ ਦਵਾਈਆਂ ਦੁਆਰਾ ਪ੍ਰਭਾਵਿਤ ਨਹੀਂ ਹੁੰਦੇ।

ਇਸ ਤਰ੍ਹਾਂ ਨਾ ਸਿਰਫ਼ ਮਰੀਜ਼ਾਂ ਲਈ ਦਵਾਈਆਂ ਦੀ ਕੀਮਤ ਵਧਦੀ ਹੈ, ਸਗੋਂ ਭਵਿੱਖ ਵਿੱਚ ਹੋਣ ਵਾਲੀਆਂ ਲਾਗਾਂ, ਜਿਵੇਂ ਕਿ ਖੰਘ, ਬੁਖਾਰ ਜਾਂ ਜ਼ਖ਼ਮ ਦਾ ਇਲਾਜ ਕਰਨਾ ਵੀ ਮੁਸ਼ਕਲ ਹੋ ਜਾਂਦਾ ਹੈ। ਉਹ ਬਿਮਾਰੀਆਂ ਜੋ ਪਹਿਲਾਂ ਸਧਾਰਨ, ਸਸਤੀਆਂ ਦਵਾਈਆਂ ਨਾਲ ਇਲਾਜਯੋਗ ਸਨ, ਹੁਣ ਮਹਿੰਗੀਆਂ ਦਵਾਈਆਂ ਜਾਂ ਟੀਕਿਆਂ ਦੀ ਲੋੜ ਹੁੰਦੀ ਹੈ, ਕਿਉਂਕਿ ਦਵਾਈਆਂ ਅਕਸਰ ਆਮ ਬਿਮਾਰੀਆਂ ਲਈ ਵੀ ਬੇਅਸਰ ਹੁੰਦੀਆਂ ਹਨ, ਜਿਨ੍ਹਾਂ ਦੇ ਇਲਾਜ ਲਈ ਕਈ ਟੈਸਟਾਂ ਅਤੇ ਨਵੀਆਂ ਦਵਾਈਆਂ ਦੀ ਲੋੜ ਹੁੰਦੀ ਹੈ। ਸਾੜ ਵਿਰੋਧੀ ਦਵਾਈਆਂ ਦੀ ਵਾਰ-ਵਾਰ ਵਰਤੋਂ ਐਲਰਜੀ ਤੇ ਚਮੜੀ ਦੇ ਧੱਫੜ ਦਾ ਕਾਰਨ ਵੀ ਬਣ ਸਕਦੀ ਹੈ ਅਤੇ ਲੰਬੇ ਸਮੇਂ ਵਿੱਚ ਗੁਰਦੇ, ਜਿਗਰ ਅਤੇ ਪੇਟ ਨੂੰ ਪ੍ਰਭਾਵਿਤ ਕਰ ਸਕਦੀ ਹੈ। ਸਭ ਤੋਂ ਮਹੱਤਵਪੂਰਨ, ਇਹ ਦਵਾਈਆਂ ਲਾਭਦਾਇਕ ਬੈਕਟੀਰੀਆ ਅਤੇ ਨੁਕਸਾਨਦੇਹ ਬੈਕਟੀਰੀਆ-ਦੋਹਾਂ ਨੂੰ ਮਾਰਦੀਆਂ ਹਨ।



ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਵਿੱਚ ਲਗਭਗ 700,000 ਲੋਕ ਹਰ ਸਾਲ ਐਂਟੀਬਾਇਓਟਿਕ-ਰੋਧਕ ਬਿਮਾਰੀਆਂ ਤੋਂ ਪ੍ਰਭਾਵਿਤ ਹੁੰਦੇ ਹਨ। ਵਿਸ਼ਵ ਸਿਹਤ ਸੰਗਠਨ ਦਾ ਅਨੁਮਾਨ ਹੈ ਕਿ ਜੇਕਰ ਇਸ ਸਮੱਸਿਆ ਨੂੰ ਹੱਲ ਨਾ ਕੀਤਾ ਗਿਆ ਤਾਂ 2050 ਤੱਕ ਭਾਰਤ ਸਮੇਤ ਦੁਨੀਆ ਭਰ ਵਿੱਚ ਲਗਭਗ 10 ਮਿਲੀਅਨ ਲੋਕ ਇਸ ਸਥਿਤੀ ਤੋਂ ਹਰ ਸਾਲ ਮਰ ਸਕਦੇ ਹਨ। ਇਹ ਸਥਿਤੀ ਕਈ ਹੋਰ ਬਿਮਾਰੀਆਂ ਨੂੰ ਸੱਦਾ ਦਿੰਦੀ ਹੈ ਅਤੇ ਇੱਕ ਆਮ ਸਮੱਸਿਆ ਹੈ। ਲੱਗਦਾ ਹੈ, ਭਾਰਤ ਵਿੱਚ ਸਾੜ ਵਿਰੋਧੀ ਦਵਾਈਆਂ ਦਾ ਬਾਜ਼ਾਰ ਬਹੁਤ ਵੱਡਾ ਹੈ, ਕਿਉਂਕਿ ਇੱਥੇ ਛੂਤ ਦੀਆਂ ਬਿਮਾਰੀਆਂ ਆਮ ਹਨ। ਸਾਲ 2023 ਵਿੱਚ ਦੇਸ਼ ਵਿੱਚ ਇਹ ਬਾਜ਼ਾਰ ਲਗਭਗ 49,000 ਕਰੋੜ ਰੁਪਏ ਦਾ ਸੀ। ਅੰਦਾਜ਼ਾ ਲਗਾਇਆ ਗਿਆ ਹੈ ਕਿ 2024-2030 ਦੇ ਵਿਚਕਾਰ ਇਹ ਬਾਜ਼ਾਰ ਲਗਭਗ 6-7 ਪ੍ਰਤੀਸ਼ਤ ਦੀ ਮਿਸ਼ਰਿਤ ਸਾਲਾਨਾ ਵਿਕਾਸ ਦਰ ਨਾਲ ਵਧ ਸਕਦਾ ਹੈ ਅਤੇ 83,000 ਕਰੋੜ ਰੁਪਏ ਤੱਕ ਪਹੁੰਚ ਸਕਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦੁਨੀਆ ਵਿੱਚ ਸਾੜ ਵਿਰੋਧੀ ਦਵਾਈਆਂ ਦਾ ਤੀਜਾ ਸਭ ਤੋਂ ਵੱਡਾ ਉਤਪਾਦਕ ਹੈ।

'ਦ ਲੈਂਸੇਟ' ਦੀ 2022 ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਸਾੜ ਵਿਰੋਧੀ ਦਵਾਈਆਂ ਦਾ ਪ੍ਰਤੀ ਵਿਅਕਤੀ ਉਤਪਾਦਨ ਇਨ੍ਹਾਂ ਦਵਾਈਆਂ ਦੀ ਖਪਤ ਦੁਨੀਆ ਵਿੱਚ ਸਭ ਤੋਂ ਵੱਧ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ ਦੇਸ਼ ਵਿੱਚ ਹਰ ਸਾਲ ਇਨ੍ਹਾਂ ਦਵਾਈਆਂ ਦੀਆਂ 1,300 ਕਰੋੜ ਤੋਂ ਵੱਧ ਖੁਰਾਕਾਂ ਦੀ ਖਪਤ ਹੁੰਦੀ ਹੈ। ਸਰਕਾਰ ਨੇ 'ਸ਼ਡਿਊਲ 1ਏ' ਲਾਗੂ ਕੀਤਾ ਹੈ, ਜਿਸ ਤਹਿਤ ਬਹੁਤ ਸਾਰੀਆਂ ਰੋਗ-ਰੋਧੀ ਦਵਾਈਆਂ ਸਿਰਫ਼ ਡਾਕਟਰ ਦੀ ਪਰਚੀ 'ਤੇ ਹੀ ਉਪਲਬਧ ਹਨ। ਇਨ੍ਹਾਂ ਦਵਾਈਆਂ ਦੀ ਦੁਰਵਰਤੋਂ ਨੂੰ ਘਟਾਉਣ ਲਈ 'ਐਂਟੀਬਾਇਓਟਿਕ ਸਟੀਵਰਡਸ਼ਿਪ' ਪ੍ਰੋਗਰਾਮ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਅਤੇ ਵਿਸ਼ਵ ਸਿਹਤ ਸੰਗਠਨ ਦੇ ਸਹਿਯੋਗ ਨਾਲ ਲਾਗੂ ਕੀਤਾ ਜਾ ਰਿਹਾ ਹੈ, ਪਰ ਸਮੱਸਿਆ ਉਹੀ ਬਣੀ ਹੋਈ ਹੈ।

ਭਾਰਤ ਵਿੱਚ ਜ਼ੁਕਾਮ, ਖੰਘ, ਬੁਖਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਹਰ ਸਾਲ 300-350 ਮਿਲੀਅਨ ਤੋਂ ਵੱਧ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ। 2024 ਤੱਕ ਦੇਸ਼ ਵਿੱਚ ਰਜਿਸਟਰਡ ਡਾਕਟਰਾਂ ਦੀ ਕੁੱਲ ਗਿਣਤੀ ਲਗਭਗ 1.3 ਮਿਲੀਅਨ ਦੱਸੀ ਗਈ ਹੈ, ਜਿਨ੍ਹਾਂ ਵਿੱਚੋਂ 1.04 ਮਿਲੀਅਨ ਐਲੋਪੈਥਿਕ ਅਤੇ 4.5 ਮਿਲੀਅਨ ਆਯੁਸ਼ ਡਾਕਟਰ ਹਨ। ਭਾਰਤ ਵਿੱਚ ਹਰ ਹਜ਼ਾਰ ਆਬਾਦੀ ਲਈ ਸਿਰਫ਼ 0.7 ਡਾਕਟਰ ਉਪਲਬਧ ਹਨ। ਇਹ ਅਨੁਪਾਤ ਪੇਂਡੂ ਖੇਤਰਾਂ ਵਿੱਚ ਹੋਰ ਵੀ ਵੱਧ ਹੈ, ਕਈ ਰਾਜਾਂ ਵਿੱਚ ਹਰ ਹਜ਼ਾਰ ਆਬਾਦੀ ਲਈ ਡਾਕਟਰ ਹਨ।

ਕੇਂਦਰੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਪੇਂਡੂ ਸਿਹਤ ਅੰਕੜਾ-2023 ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ 1.55 ਲੱਖ ਉਪ-ਸਿਹਤ ਕੇਂਦਰ, 25,000 ਪ੍ਰਾਇਮਰੀ ਸਿਹਤ ਕੇਂਦਰ ਅਤੇ 5,600 ਕਮਿਊਨਿਟੀ ਸਿਹਤ ਕੇਂਦਰ ਹਨ। ਇਨ੍ਹਾਂ ਵਿੱਚੋਂ ਲਗਭਗ 65-70 ਪ੍ਰਤੀਸ਼ਤ ਸਿਹਤ ਕੇਂਦਰ ਪੇਂਡੂ ਖੇਤਰਾਂ ਵਿੱਚ ਸਥਿਤ ਹਨ। ਭਾਵੇਂ ਦੇਸ਼ ਵਿੱਚ ਪੇਂਡੂ ਖੇਤਰਾਂ ਵਿੱਚ ਲਗਭਗ ਇੱਕ ਲੱਖ ਹੋਰ ਸਿਹਤ ਕੇਂਦਰ ਹਨ। ਹਾਲਾਂਕਿ ਅਜੇ ਵੀ ਡਾਕਟਰਾਂ ਅਤੇ ਸਿਹਤ ਕੇਂਦਰਾਂ ਦੀ ਭਾਰੀ ਘਾਟ ਹੈ। ਇਹ ਧਿਆਨ ਦੇਣ ਯੋਗ ਹੈ ਕਿ ਵਿਸ਼ਵ ਸਿਹਤ ਸੰਗਠਨ ਨੇ ਬਿਮਾਰੀ ਨਾਲ ਲੜਨ ਵਾਲੀਆਂ ਦਵਾਈਆਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ ਹੈ। ਪਹਿਲਾ, ਉਹ ਜੋ ਕਿ ਆਮ ਇਨਫੈਕਸ਼ਨ ਹਨ ਇਹ ਸਰੀਰ ਲਈ ਸੁਰੱਖਿਅਤ ਹਨ ਅਤੇ ਇਨ੍ਹਾਂ ਦਾ ਕੋਈ ਮਹੱਤਵਪੂਰਨ ਮਾੜਾ ਪ੍ਰਭਾਵ ਨਹੀਂ ਹੁੰਦਾ। ਦੂਜੀ ਸ਼੍ਰੇਣੀ ਵਿੱਚ ਅਜਿਹੀਆਂ ਦਵਾਈਆਂ ਸ਼ਾਮਲ ਹਨ, ਜਿਨ੍ਹਾਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਨੇੜਿਓਂ ਨਿਗਰਾਨੀ ਦੀ ਲੋੜ ਹੁੰਦੀ ਹੈ।

ਤੀਜੀ ਸ਼੍ਰੇਣੀ ਵਿੱਚ ਉਹ ਦਵਾਈਆਂ ਸ਼ਾਮਲ ਹਨ, ਜਿਨ੍ਹਾਂ ਦੀ ਵਰਤੋਂ ਸਿਰਫ਼ ਜੀਵਨ-ਰੱਖਿਅਕ ਸਥਿਤੀਆਂ ਵਿੱਚ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਇਹ ਸਮੱਸਿਆ ਹੋਰ ਗੰਭੀਰ ਹੁੰਦੀ ਜਾ ਰਹੀ ਹੈ, ਕਿਉਂਕਿ ਮਨੁੱਖਾਂ ਦੇ ਨਾਲ-ਨਾਲ ਖੇਤੀਬਾੜੀ ਅਤੇ ਪਸ਼ੂ ਪਾਲਣ ਵਿੱਚ, ਖਾਸ ਕਰਕੇ ਪੋਲਟਰੀ ਅਤੇ ਪਸ਼ੂ ਪਾਲਣ ਵਿੱਚ ਰੋਗ-ਰੋਧੀ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਕੀਤੀ ਜਾ ਰਹੀ ਹੈ।

ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਯੂਨਾਈਟਿਡ ਨੇਸ਼ਨਜ਼), ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ, ਫੂਡ ਸੇਫਟੀ ਐਂਡ ਸਟੈਂਡਰਡਜ਼ ਅਥਾਰਟੀ ਆਫ਼ ਇੰਡੀਆ ਅਤੇ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਰੋਗ-ਰੋਕੂ ਦਵਾਈਆਂ ਦੀ ਕੁੱਲ ਖਪਤ ਦਾ 50 ਪ੍ਰਤੀਸ਼ਤ ਤੋਂ ਵੱਧ ਪਸ਼ੂ ਪਾਲਣ ਦਾ ਹਿੱਸਾ ਹੈ। ਇਨ੍ਹਾਂ ਦਵਾਈਆਂ ਦੀ ਵਰਤੋਂ ਡੇਅਰੀ ਪਸ਼ੂਆਂ ਵਿੱਚ ਲਾਗ ਨੂੰ ਰੋਕਣ ਅਤੇ ਦੁੱਧ ਉਤਪਾਦਨ ਵਧਾਉਣ ਲਈ ਅਕਸਰ ਕੀਤੀ ਜਾਂਦੀ ਹੈ। 2022 ਤੱਕ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਐਂਡ ਇਨਫੈਕਸ਼ਨਸ ਡਿਜ਼ੀਜ਼ ਦੇ ਇੱਕ ਸਰਵੇਖਣ ਵਿੱਚ ਪਾਇਆ ਗਿਆ ਕਿ ਦੁੱਧ ਦੇ 10-12 ਪ੍ਰਤੀਸ਼ਤ ਨਮੂਨਿਆਂ ਵਿੱਚ ਇਨ੍ਹਾਂ ਦਵਾਈਆਂ ਦੇ ਅਵਸ਼ੇਸ਼ ਸਨ।

ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਦੇਸ਼ ਵਿੱਚ ਲਗਭਗ 70-75 ਪ੍ਰਤੀਸ਼ਤ ਪੋਲਟਰੀ ਕਿਸਾਨ ਹਰ ਸਾਲ ਫੀਡ ਵਿੱਚ ਐਂਟੀ-ਵਾਇਰਲ ਦਵਾਈਆਂ ਦੀ ਵਰਤੋਂ ਕਰਦੇ ਹਨ। ਸਰਕਾਰ ਦੇ ਨਵੇਂ ਦਿਸ਼ਾ-ਨਿਰਦੇਸ਼ਾਂ ਦਾ ਉਦੇਸ਼ ਐਂਟੀ-ਵਾਇਰਲ ਦਵਾਈਆਂ ਦੀ ਸਮਝਦਾਰੀ ਨਾਲ ਵਰਤੋਂ ਨੂੰ ਯਕੀਨੀ ਬਣਾਉਣਾ ਅਤੇ ਭਵਿੱਖ ਵਿੱਚ ਗੰਭੀਰ ਲਾਗਾਂ ਦੇ ਇਲਾਜ ਵਿੱਚ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਨੂੰ ਬਣਾਈ ਰੱਖਣਾ ਹੈ। ਜੇਕਰ ਮਰੀਜ਼, ਡਾਕਟਰ, ਹਸਪਤਾਲ ਅਤੇ ਕਿਸਾਨ ਸਾਰੇ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦੇ ਹਨ, ਤਾਂ ਇਸ ਸਮੱਸਿਆ ਨੂੰ ਕੁਝ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ।

# 'ਅਸੰਭਵ ਅਤੇ ਸੰਭਵ' ਵਿਚਲਾ ਫਾਸਲਾ ਮਨੁੱਖ ਦੀ ਸੋਚ ਤੇ ਕਰਮ ਉੱਤੇ ਨਿਰਭਰ

**ਪ੍ਰਿੰਸੀਪਲ ਵਿਜੈ ਕੁਮਾਰ**
**ਫੋਨ: +91-9872627136**

ਸੰਭਵ ਸ਼ਬਦ ਦੇ ਮੂਹਰੇ 'ਅ' ਅੱਖਰ ਲੱਗਣ ਨਾਲ ਬਹੁਤ ਕੁਝ ਬਦਲ ਜਾਂਦਾ ਹੈ। ਮਨੁੱਖ ਦੀ ਸੋਚ ਅਤੇ ਉਸਦੇ ਕਰਮਾਂ ਉੱਤੇ ਹੀ ਇਹ ਗੱਲ ਨਿਰਭਰ ਕਰਦੀ ਹੈ ਕਿ ਉਹ 'ਅ' ਅੱਖਰ ਨੂੰ ਹਟਾਉਂਦਾ ਹੈ ਜਾਂ ਲਗਾਉਂਦਾ ਹੈ। ਡੁੱਬਦੀ ਹੋਈ ਕਿਸ਼ਤੀ ਨੂੰ ਕਿਨਾਰਾ ਦੂਰ ਹੁੰਦਿਆਂ ਹੋਇਆਂ ਵੀ ਮਲਾਹ ਦਾ ਭਰੋਸਾ ਅਤੇ ਆਖਿਰ ਤੱਕ ਕੀਤੇ ਯਤਨ ਪਾਰ ਲਗਾ ਹੀ ਦਿੰਦੇ ਹਨ। ਦੁਨੀਆ ਦੇ ਪ੍ਰਸਿੱਧ ਵਿਅਕਤੀ ਬਿਲ ਗੇਟਸ ਦਾ ਕਹਿਣਾ ਕਿ ਮਨੁੱਖ ਕੋਲ ਅਸੰਭਵ ਨੂੰ ਸੰਭਵ 'ਚ ਬਦਲਣ ਵਾਲਾ ਬਹੁਤ ਹੀ ਤਾਕਤਵਾਰ ਦਿਮਾਗ ਹੈ, ਪਰ ਜੇਕਰ ਉਹ ਇਸਦੀ ਵਰਤੋਂ ਨਹੀਂ ਕਰਦਾ ਤਾਂ ਉਹ ਉਸਦੇ ਦਿਮਾਗ ਦੀ ਤਾਕਤ ਦੀ ਕੋਈ ਕੀਮਤ ਨਹੀਂ ਰਹਿੰਦੀ। ਬਦਲਾਅ ਅਤੇ ਇਨਕਲਾਬ ਲਿਆਉਣ ਵਾਲੇ ਗਿਣਤੀ ਵਿਚ ਬਹੁਤ ਘੱਟ ਹੁੰਦੇ ਹਨ, ਪਰ ਉਨ੍ਹਾਂ ਨੂੰ ਜਾਣਦੀ ਸਾਰੀ ਦੁਨੀਆ ਹੁੰਦੀ ਹੈ। ਇਤਿਹਾਸ ਉਨ੍ਹਾਂ ਦੇ ਨਾਂ ਹੀ ਲਿਖਿਆ ਜਾਂਦਾ ਹੈ।

ਸੁਨੀਤਾ ਵਿਲੀਅਮਜ਼ ਬਾਰੇ ਸਾਰੀ ਦੁਨੀਆ 'ਚ ਇਹ ਕਿਹਾ ਜਾਂਦਾ ਰਿਹਾ ਕਿ ਸ਼ਾਇਦ ਹੀ ਉਹ ਹੁਣ ਧਰਤੀ ਉੱਤੇ ਮੁੜ ਕੇ ਆ ਸਕੇਗੀ ਪਰ ਉਸਦੀ ਹਿੰਮਤ, ਹੌਸਲੇ ਅਤੇ ਆਤਮ ਭਰੋਸਗੀ ਨੇ ਦੁਨੀਆ ਭਰ ਦੇ ਲੋਕਾਂ ਦੀਆਂ ਕਿਆਸਅਰਾਈਆਂ ਗਲਤ ਸਾਬਤ ਕਰ ਦਿੱਤੀਆਂ। ਉਸਨੇ ਔਕੜਾਂ ਅਤੇ ਦੁਸ਼ਵਾਰੀਆਂ ਦੇ ਹੌਸਲਿਆਂ ਨੂੰ ਆਪਣੀ ਉਮੀਦ ਸਾਹਮਣੇ ਟਿਕਣ ਨਹੀਂ ਦਿੱਤਾ। ਪੂਰੀ ਹਿੰਮਤ, ਮਿਹਨਤ ਤੇ ਹੌਸਲੇ ਨਾਲ ਠੀਕ ਦਿਸ਼ਾ ਵਿੱਚ ਲਗਾਈ ਗਈ ਊਰਜਾ ਨਾਲ ਅਸੰਭਵ ਨੂੰ ਸੰਭਵ 'ਚ ਬਦਲਣ ਲਈ ਸਮਾਂ ਤਾਂ ਲੱਗ ਸਕਦਾ ਹੈ, ਪਰ ਸਫਲਤਾ ਜਰੂਰ ਮਿਲਦੀ ਹੈ। ਕੁਝ ਲੋਕ ਤਾਂ ਸਮੁੰਦਰ ਵਿੱਚੋਂ ਮੋਤੀ ਲੱਭਦੇ ਹਨ ਤੇ ਕੁਝ ਮੱਛੀਆਂ, ਪਰ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਸਮੁੰਦਰ ਦੀ ਡੂੰਘਾਈ, ਵਿਸ਼ਾਲਤਾ ਅਤੇ ਲਹਿਰਾਂ ਤੋਂ ਸੰਘਰਸ਼ ਦੀ ਗਹਿਰਾਈ ਤੇ ਉੱਚੇ ਉੱਠਣ ਦਾ ਜੋਸ਼ ਸਿੱਖਦੇ ਹਨ। ਅਸੰਭਵ ਨੂੰ ਸੰਭਵ 'ਚ ਬਦਲਣ ਲਈ ਰਸਤੇ ਲੱਭਣ ਨਾਲ ਹੀ ਮਿਲਦੇ ਹਨ, ਮੰਜ਼ਿਲ ਮਨੁੱਖ ਕੋਲ ਕਦੇ ਵੀ ਚੱਲ ਕੇ ਨਹੀਂ ਆਉਂਦੀ।




ਨਿਕੰਮੇ, ਬਹਾਨੇਬਾਜ਼, ਕੰਮਚੋਰ, ਬੁਜ਼ਦਿਲ, ਆਲਸੀ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸੋਚ ਨਾ ਰੱਖਣ ਵਾਲੇ ਲੋਕ ਸੰਭਵ ਅਤੇ ਅਸੰਭਵ ਦੇ ਵਿਚਾਲੇ ਦੇ ਫਾਸਲੇ ਨੂੰ ਸਰ ਕਰਨ ਬਾਰੇ ਨਾ ਸੋਚਦੇ ਹਨ ਤੇ ਨਾ ਹੀ ਉਸ ਦਿਸ਼ਾ ਵਿੱਚ ਯਤਨ ਕਰਦੇ ਹਨ। ਹੈਨਰੀ ਫੋਰਡ ਦਾ ਵਿਚਾਰ ਸੀ ਕਿ ਅਸੰਭਵ ਨੂੰ ਸੰਭਵ ਬਣਾਉਣ ਲਈ ਤੁਹਾਨੂੰ ਆਪਣੀਆਂ ਨਜ਼ਰਾਂ ਨਿਸ਼ਾਨੇ ਉੱਤੇ ਟਿਕਾ ਕੇ ਰੱਖਣੀਆਂ ਪੈਂਦੀਆਂ ਹਨ, ਜੇਕਰ ਤੁਹਾਡੇ ਯਤਨਾਂ ਅਤੇ ਇਰਾਦੇ 'ਚ ਥੋੜ੍ਹੀ ਵੀ ਢਿੱਲ ਆਉਂਦੀ ਹੈ ਤਾਂ ਤੁਹਾਡੇ ਰਾਹ ਵਿੱਚ ਆਉਣ ਵਾਲੀਆਂ ਔਕੜਾਂ ਹੋਰ ਡਰਾਉਣੀਆਂ ਹੋ ਜਾਂਦੀਆਂ ਹਨ। ਦ੍ਰਿੜ ਇਰਾਦੇ ਨਾਲ, ਬਿਨਾ ਰੁਕੇ, ਅਨੁਸ਼ਾਸਨ ਵਿੱਚ ਰਹਿੰਦਿਆਂ ਅਤੇ ਸਹਿਣਸ਼ਕਤੀ ਨਾਲ ਅਸੰਭਵ ਨੂੰ ਸੰਭਵ ਬਣਾਇਆ ਜਾ ਸਕਦਾ ਹੈ।

ਸਾਡੇ ਪਿੰਡ ਦੇ ਇੱਕ ਕਿਸਾਨ ਪਰਿਵਾਰ ਨੇ ਸਾਰੀ ਉਮਰ ਇਹੋ ਰਟ ਲਾਈ ਰੱਖੀ ਕਿ ਜਿੰਨੀ ਮਰਜੀ ਮਿਹਨਤ ਕਰੀ ਜਾਓ, ਉਨ੍ਹਾਂ ਦੀ ਜ਼ਮੀਨ ਵਿੱਚੋਂ ਉਨ੍ਹਾਂ ਦੀ ਮਿਹਨਤ ਦਾ ਮੁੱਲ ਨਹੀਂ ਮੁੜਦਾ। ਉਨ੍ਹਾਂ ਨੇ ਭਾਰਤ ਵਿੱਚ ਵਸਣ ਦੀ ਇੱਛਾ ਨਾਲ ਫਰਾਂਸ ਤੋਂ ਆਏ ਇੱਕ ਅੰਗਰੇਜ਼ ਨੂੰ ਚੰਗਾ ਮੁੱਲ ਮਿਲਦੇ ਵੇਖ ਆਪਣੀ ਸਾਰੀ ਜ਼ਮੀਨ ਵੇਚ ਦਿੱਤੀ। ਉਸ ਅੰਗਰੇਜ਼ ਨੇ ਆਪਣੀ ਯੋਜਨਾ ਅਤੇ ਅਥੱਕ ਮਿਹਨਤ ਨਾਲ ਅਸੰਭਵ ਨੂੰ ਸੰਭਵ ਕਰ ਵਿਖਾਇਆ। ਉਸਨੇ ਉਸ ਜ਼ਮੀਨ ਉੱਤੇ ਔਰਗੈਨਿਕ ਖੇਤੀ ਕਰਕੇ ਲੱਖਾਂ ਰੁਪਏ ਕਮਾ ਕੇ ਨਾਲ ਲੱਗਦੀ ਜ਼ਮੀਨ ਵੀ ਖਰੀਦ ਲਈ। ਉਸ ਵੱਲੋਂ ਕੀਤੀ ਜਾ ਰਹੀ ਮਿਹਨਤ ਨੇ ਸਾਡੇ ਇਲਾਕੇ ਦੇ ਲੋਕਾਂ ਨੂੰ ਵੀ ਸਬਕ ਸਿਖਾ ਦਿੱਤਾ। ਦੂਰ-ਦੂਰ ਤੋਂ ਲੋਕ ਉਸ ਨੂੰ ਵੇਖਣ ਅਤੇ ਮਿਲਣ ਆਉਂਦੇ ਹਨ।

ਦੁਨੀਆ ਦਾ ਪ੍ਰਸਿੱਧ ਦਾਰਸ਼ਨਿਕ ਬੈਂਕਮ ਬੈਨਰਜੀ ਦਾ ਕਹਿਣਾ ਸੀ ਕਿ ਤਕਲੀਫ਼ਾਂ ਤੁਹਾਨੂੰ ਤਾਕਤ ਦੇਣ, ਜਾਗਰੂਕ ਕਰਨ ਅਤੇ ਮਜ਼ਬੂਤ ਬਣਾਉਣ ਲਈ ਆਉਂਦੀਆਂ ਹਨ। ਇੱਕ ਸਾਲ ਆਪਣੇ ਟੀਚੇ ਉੱਤੇ ਲਗਾਤਾਰ ਫੋਕਸ ਕਰਨ ਅਤੇ ਜੀਅ ਤੋੜ ਮਿਹਨਤ ਕਰਨ ਨਾਲ ਮਨੁੱਖ ਦੂਜਿਆਂ ਤੋਂ ਪੰਜ ਸਾਲ ਅੱਗੇ ਨਿਕਲ ਜਾਂਦਾ ਹੈ। ਅਦਾਕਾਰ ਅਮਿਤਾਬ ਬੱਚਨ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਤੁਸੀਂ ਐਨੀ ਜ਼ਿਆਦਾ ਉਮਰ ਵਿਚ ਐਨੀ ਜ਼ਿਆਦਾ ਮਿਹਨਤ ਕਿਵੇਂ ਕਰ ਲੈਂਦੇ ਹੋ? ਤਾਂ ਉਨ੍ਹਾਂ ਨੇ ਕਿਹਾ ਸੀ ਕਿ ਜੇਕਰ ਕੋਈ ਵਿਅਕਤੀ ਸਕਾਰਾਤਮਕ ਸੋਚ ਰੱਖਦਾ ਹੈ, ਉਹ ਅਸੰਭਵ ਨੂੰ ਸੰਭਵ ਬਣਾ ਸਕਦਾ ਹੈ; ਪਰ ਨਕਾਰਾਤਮਕ ਸੋਚ ਨਾਲ ਉਸ ਨੂੰ ਸੰਭਵ ਵੀ ਅਸੰਭਵ ਲੱਗਣ ਲੱਗ ਪੈਂਦਾ ਹੈ। ਮਿਹਨਤ ਵਾਲੇ ਰਾਹ ਉੱਤੇ ਚੱਲ ਕੇ ਅਸੰਭਵ ਨੂੰ ਸੰਭਵ ਬਣਾਉਣ ਦਾ ਅਕੀਦਾ ਰੱਖਣਾ ਔਖਾ ਜਰੂਰ ਲੱਗਦਾ ਹੈ, ਪਰ ਸਫਲਤਾ ਯਕੀਨੀ ਮਿਲਦੀ ਹੈ। ਉਮੀਦ ਤੇ ਵਿਸ਼ਵਾਸ ਅਸੰਭਵ ਨੂੰ ਸੰਭਵ ਬਣਾਉਣ ਦੇ ਮੰਤਰ ਹਨ।

ਓਸ਼ੋ ਦਾ ਵਿਚਾਰ ਸੀ ਕਿ ਔਖਿਆਈਆਂ ਤੁਹਾਡੀ ਜ਼ਿੰਦਗੀ ਵਿੱਚ ਤੁਹਾਡੇ ਅੱਗੇ ਵੱਧਣ ਦਾ ਰਾਹ ਰੋਕਣ ਨਹੀਂ ਆਉਂਦੀਆਂ, ਸਗੋਂ ਉਹ ਤੁਹਾਡੇ ਅੰਦਰ ਲੁਕੀ ਹੋਈ ਤਾਕਤ ਨਾਲ ਤੁਹਾਨੂੰ ਮਿਲਵਾਉਣ ਆਉਂਦੀਆਂ ਹਨ। ਅਸਫਲਤਾ ਕਿਸੇ ਵੀ ਕੰਮ ਦਾ ਅਖੀਰ ਨਹੀਂ ਸਗੋਂ ਸ਼ੁਰੂਆਤ ਹੁੰਦੀ ਹੈ। ਜੇਕਰ ਮਨੁੱਖ ਦਾ ਇਰਾਦਾ ਵਿਵੇਕ ਅਤੇ ਵਿਸ਼ਵਾਸ ਨਾਲ ਜੁੜਿਆ ਹੋਇਆ ਹੋਵੇ ਤਾਂ ਅਸੰਭਵ ਟੀਚਾ ਸੰਭਵ ਵਿੱਚ ਬਦਲਣ ਲਈ ਦੇਰ ਨਹੀਂ ਲੱਗਦੀ।


# ਪਨਾਮਾ ਨਾਲ ਪੰਜਾਬੀਆਂ ਦੀ 175 ਸਾਲ ਪੁਰਾਣੀ ਸਾਂਝ

## ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008

***ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਹੈ ਅਤੇ ਪੰਜਾਬੀਅਤ ਦੇ ਝੰਡੇ ਬੁਲੰਦ ਕਰਨ ਤੇ ਬੁਲੰਦ ਰੱਖਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਖ਼ੈਰ! ਹਥਲੀ ਲਿਖਤ ਵਿੱਚ ਪਨਾਮਾ ਦੀ ਧਰਤੀ ਨਾਲ ਪੰਜਾਬੀਆਂ ਦੀ 175 ਸਾਲ ਪੁਰਾਣੀ ਸਾਂਝ ਦਾ ਸੰਖੇਪ ਜ਼ਿਕਰ ਹੈ, ਜਿਸ ਬਾਰੇ ਬਹੁਤ ਘੱਟ ਲੋਕ ਜਾਣਦੇ ਹਨ। ਉਂਜ ਜ਼ਿਆਦਾਤਰ ਪੰਜਾਬੀਆਂ ਨੇ ਪਨਾਮਾ ਦਾ ਨਾਂ.ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਸਮੇਂ ਪਨਾਮਾ ਦੇ ਜੰਗਲਾਂ 'ਚੋਂ ਲੰਘ ਜਾਣ ਦੇ ਸੰਦਰਭ ਵਿਚ ਹੀ ਸੁਣਿਆ ਜਾਂ ਪੜ੍ਹਿਆ ਹੈ।***



ਗੁਰਦੁਆਰਾ ਗੁਰੂ ਨਾਨਕ ਸਾਹਿਬ ਪਨਾਮਾ ਅਤੇ (ਸੱਜੇ) ਮੁੱਖ ਦਰਵਾਜ਼ੇ ਉਤੇ ਉਕਰੇ ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਨਾਨਕ ਦੇਵ ਜੀ ਦੇ ਚਿੱਤਰ

ਮੱਧ ਅਮਰੀਕਾ ਦੇ ਦੱਖਣੀ ਹਿੱਸੇ ਵਿੱਚ ਸਥਿਤ ਪਨਾਮਾ ਇੱਕ ਮਹੱਤਵਪੂਰਨ ਮੁਲਕ ਹੈ। ਇਸ ਮੁਲਕ ਦੇ ਦੱਖਣ ਵਿੱਚ ਪੈਸੇਫ਼ਿਕ ਓਸ਼ਨ ਭਾਵ ਪ੍ਰਸ਼ਾਂਤ ਮਹਾਂਸਾਗਰ, ਦੱਖਣ-ਪੂਰਬ ਵਿੱਚ ਕੋਲੰਬੀਆ, ਪੱਛਮ ਵਿੱਚ ਕੋਸਟਾ ਰੀਕਾ ਅਤੇ ਉੱਤਰ ਵਿੱਚ ਕੈਰੀਬਿਅਨ ਸਾਗਰ ਸਥਿਤ ਹੈ। ਇਸਦੀ ਰਾਜਧਾਨੀ ਪਨਾਮਾ ਸਿਟੀ ਹੈ, ਜਿਸਦੇ ਮੈਟਰੋਪਾਲੀਟਨ ਭਾਗ ਵਿੱਚ ਇਸ ਮੁਲਕ ਦੀ ਅੱਧੀ ਆਬਾਦੀ ਭਾਵ 20 ਲੱਖ ਤੋਂ ਵੱਧ ਲੋਕ ਵੱਸਦੇ ਹਨ। ਇੱਥੋਂ ਦੇ 91 ਫ਼ੀਸਦੀ ਨਾਗਰਿਕ ਈਸਾਈ ਧਰਮ ਨਾਲ ਜੁੜੇ ਹਨ, ਜਦੋਂ ਕਿ 7.6 ਫ਼ੀਸਦੀ ਆਬਾਦੀ ਕਿਸੇ ਵੀ ਧਰਮ ਵਿੱਚ ਵਿਸ਼ਵਾਸ ਨਹੀਂ ਰੱਖਦੀ ਹੈ। ਇੱਥੋਂ ਦੀ ਵੱਸੋਂ ਘਣਤਾ 56 ਵਿਅਕਤੀ ਪ੍ਰਤੀ ਕਿਲੋਮੀਟਰ ਹੈ। ਇਸ ਮੁਲਕ ਦਾ ਕੁੱਲ ਖੇਤਰਫ਼ਲ 75,417 ਵਰਗ ਕਿਲੋਮੀਟਰ ਭਾਵ 29,119 ਵਰਗ ਮੀਲ ਹੈ। ਇੱਥੋਂ ਦੀ ਅੰਦਾਜ਼ਨ ਪ੍ਰਤੀ ਵਿਅਕਤੀ ਸਾਲਾਨਾ ਆਮਦਨ 20 ਹਜ਼ਾਰ ਅਮਰੀਕੀ ਡਾਲਰ ਤੋਂ ਜ਼ਿਆਦਾ ਹੈ। ਇੱਥੇ ਜ਼ਿਆਦਾਤਰ ਲੋਕ ਸਪੈਨਿਸ਼ ਭਾਸ਼ਾ ਵਿੱਚ ਗੱਲ ਕਰਦੇ ਹਨ, ਪਰ ਅੰਗਰੇਜ਼ੀ ਸਣੇ ਕੁਝ ਇੱਕ ਭਾਰਤੀ ਭਾਸ਼ਾਵਾਂ ਵੀ ਇੱਥੇ ਸਮਝੀਆਂ ਤੇ ਬੋਲੀਆਂ ਜਾਂਦੀਆਂ ਹਨ। ਕੁਦਰਤੀ ਪੱਖੋਂ ਮਾਲਮਾਲ ਇਸ ਮੁਲਕ ਦੀ 40 ਫ਼ੀਸਦੀ ਧਰਤੀ 'ਬਰਸਾਤੀ ਜੰਗਲਾਂ' ਨਾਲ ਢਕੀ ਹੋਈ ਹੈ, ਜਿੱਥੇ ਕਈ ਪ੍ਰਜਾਤੀਆਂ ਦੇ ਪਸ਼ੂ ਤੇ ਪੰਛੀ ਵੱਸਦੇ ਹਨ।

ਇੱਕ ਅੰਦਾਜ਼ੇ ਅਨੁਸਾਰ ਪਨਾਮਾ ਵਿਖੇ ਵੱਸਣ ਵਾਲੇ ਭਾਰਤੀਆਂ ਦੀ ਸੰਖਿਆ 15 ਹਜ਼ਾਰ ਤੋਂ 33,000 ਦੇ ਵਿਚਕਾਰ ਹੈ। ਇਹ ਜ਼ਿਕਰਯੋਗ ਹੈ ਕਿ ਮੱਧ ਅਮਰੀਕਾ ਵਿੱਚ ਵੱਸਣ ਵਾਲੇ ਭਾਰਤੀਆਂ ਦੀ ਵੱਡੀ ਗਿਣਤੀ ਪਨਾਮਾ ਅੰਦਰ ਹੀ ਪਾਈ ਜਾਂਦੀ ਹੈ। ਭਾਰਤੀ ਲੋਕ ਇੱਥੇ ਹੋਲਸੇਲ ਅਤੇ ਪ੍ਰਚੂਨ ਵਪਾਰ ਕਰਨ ਦੇ ਨਾਲ-ਨਾਲ ਜਹਾਜ਼ਰਾਨੀ ਭਾਵ ਸ਼ਿਪਿੰਗ ਇੰਡਸਟਰੀ ਅਤੇ ਵਿੱਤੀ ਪ੍ਰਬੰਧਨ ਦੇ ਖੇਤਰਾਂ ਵਿੱਚ ਸਰਗਰਮ ਹਨ। ਭਾਰਤੀਆਂ ਨੇ ਆਪੋ-ਆਪਣੇ ਧਾਰਮਿਕ ਅਕੀਦੇ ਅਨੁਸਾਰ ਇੱਥੇ ਮੰਦਿਰ, ਮਸਜਿਦ ਅਤੇ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਹੋਈ ਹੈ। ਜਨਵਰੀ 2021 ਵਿੱਚ ਪਨਾਮਾ ਸਰਕਾਰ ਵੱਲੋਂ ਇੱਕ ਕਾਨੂੰਨ ਪਾਸ ਕਰਕੇ 'ਨੈਸ਼ਨਲ ਕੌਂਸਲ ਫ਼ਾਰ ਇੰਡੀਅਨ ਐਥਨੀਸਿਟੀ' ਦੀ ਸਥਾਪਨਾ ਕੀਤੀ ਗਈ ਸੀ, ਜਿਸਦਾ ਮੁੱਖ ਕਾਰਜ ਕਿ ਪਨਾਮਾ ਸਰਕਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਆਪਣੀ ਕੀਮਤੀ ਸਲਾਹ ਦੇਣਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਮੇਹਰ ਐਲੀਜ਼ਰ ਨੇ ਸੰਨ 2019 ਵਿੱਚ ਹੋਏ 'ਮਿਸ ਪਨਾਮਾ ਮੁਕਾਬਲੇ' ਵਿੱਚ ਪਹਿਲਾ ਸਥਾਨ ਹਾਸਿਲ ਕਰਕੇ 'ਮਿਸ ਯੂਨੀਵਰਸ' ਮੁਕਾਬਲੇ ਵਿੱਚ ਪਨਾਮਾ ਦੀ ਪ੍ਰਤੀਨਿਧਤਾ ਕੀਤੀ ਸੀ। ਇਹ ਮੁਟਿਆਰ ਦਰਅਸਲ ਭਾਰਤ ਦੇ ਨਵੀਂ ਦਿੱਲੀ ਵਿਖੇ ਜਨਮੀ ਸੀ ਤੇ ਪਨਾਮਾ ਵਿਖੇ ਆ ਕੇ ਪਲੀ ਸੀ।

ਜ਼ਿਆਦਾਤਰ ਪੰਜਾਬੀਆਂ ਨੇ ਪਨਾਮਾ ਦਾ ਨਾਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਸਮੇਂ ਪਨਾਮਾ ਦੇ ਜੰਗਲਾਂ 'ਚੋਂ ਲੰਘ ਜਾਣ ਦੇ ਸੰਦਰਭ ਵਿਚ ਹੀ ਸੁਣਿਆ ਜਾਂ ਪੜ੍ਹਿਆ ਹੈ, ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਪਨਾਮਾ ਦੀ ਧਰਤੀ ਨਾਲ ਤਾਂ ਪੰਜਾਬੀਆਂ ਦੀ 175 ਸਾਲ ਪੁਰਾਣੀ ਸਾਂਝ ਹੈ। ਇਸ ਮੁਲਕ ਨਾਲ ਪੰਜਾਬੀਆਂ ਦੇ ਰਿਸ਼ਤੇ ਦੀ ਕਹਾਣੀ ਸੰਨ 1850 ਵਿੱਚ ਉਸ ਸਮੇਂ ਸ਼ੁਰੂ ਹੋਈ ਸੀ, ਜਦੋਂ ਅਟਲਾਂਟਿਕ ਅਤੇ ਪੈਸੇਫ਼ਿਕ ਸਮੁੰਦਰਾਂ ਦਰਮਿਆਨ ਰੇਲ ਅਤੇ ਸੜਕ ਨਿਰਮਾਣ ਦਾ ਵੱਡਾ ਪ੍ਰਾਜੈਕਟ ਸ਼ੁਰੂ ਹੋਇਆ ਸੀ ਤੇ ਪੰਜਾਬੀਆਂ ਨੂੰ ਸਖ਼ਤ ਮਿਹਨਤ ਕਰਨ ਦੇ ਸਮਰੱਥ ਮੰਨਦਿਆਂ ਉਨ੍ਹਾ ਨੂੰ ਇਸ ਮੁਸ਼ਕਿਲ ਕਾਰਜ ਦੀ ਪੂਰਤੀ ਲਈ ਸੱਤ ਸਮੁੰਦਰੋਂ ਪਾਰ ਇੱਥੇ ਲੈ ਕੇ ਆਉਣ ਦੀ ਲੋੜ ਮਹਿਸੂਸ ਹੋਈ ਸੀ ਤੇ ਪੰਜਾਬੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਹਿਤ ਇੱਥੇ ਪੁੱਜ ਵੀ ਗਏ ਸਨ।

ਕਿੰਨੀ ਦਿਲਚਸਪ ਗੱਲ ਹੈ ਕਿ ਸੰਨ 1864 ਵਿੱਚ 'ਨਿਊ ਗ੍ਰੇਨਾਡ' ਖਿੱਤਾ, ਜਿਸਦੇ ਅਧੀਨ ਪਨਾਮਾ ਵੀ ਆਉਂਦਾ ਸੀ, ਦੀ ਕੁੱਲ ਆਬਾਦੀ 20 ਲੱਖ, 70 ਹਜ਼ਾਰ ਸੀ ਤੇ ਇਸ ਖਿੱਤੇ ਵਿੱਚ ਪੰਜਾਬੀਆਂ ਦੀ ਸੰਖਿਆ 1 ਲੱਖ 60 ਹਜ਼ਾਰ ਸੀ ਤੇ ਉਨ੍ਹਾਂ ਵਿੱਚੋਂ ਵੀ ਜ਼ਿਆਦਾਤਰ ਗਿਣਤੀ ਸਿੱਖਾਂ ਦੀ ਹੀ ਸੀ। ਪੰਜਾਬੀਆਂ ਨੇ ਇੱਥੇ ਉਪਲਬਧ ਬਹੁਤ ਹੀ ਘੱਟ ਮਸ਼ੀਨਰੀ ਸਹਿਤ ਕੇਵਲ ਆਪਣੇ ਹੱਥਾਂ ਦੀ ਮਿਹਨਤ ਨਾਲ ਹੀ ਸਾਰਾ ਕਾਰਜ ਮੁਕੰਮਲ ਕਰ ਦਿੱਤਾ ਸੀ, ਜਦੋਂ ਕਿ ਸਬੰਧਿਤ ਖਿੱਤੇ ਵਿੱਚ ਕੰਮ ਕਰਨ ਵਾਲੇ ਕਾਮਿਆਂ ਨੂੰ ਖ਼ਤਰਨਾਕ 'ਯੈਲੋ ਫ਼ੀਵਰ' ਹੋਣ ਦਾ ਖ਼ਤਰਾ ਸਦਾ ਮੰਡਰਾਉਂਦਾ ਰਹਿੰਦਾ ਸੀ, ਪਰ ਪੰਜਾਬੀਆਂ ਨੇ ਆਪਣੇ ਬੁਲੰਦ ਹੌਂਸਲੇ ਨਾਲ ਹਰੇਕ ਮੁਸੀਬਤ ਅਤੇ ਮੁਸ਼ਕਿਲ ਦਾ ਸਾਹਮਣਾ ਬੜੀ ਦਲੇਰੀ ਨਾਲ ਕੀਤਾ ਸੀ।

ਉਕਤ ਵੱਡ-ਆਕਾਰੀ ਅਤੇ ਅਤਿ ਮੁਸ਼ਕਿਲ ਕਾਰਜ ਦੇ ਸੰਪੂਰਨ ਹੋ ਜਾਣ ਤੋਂ ਬਾਅਦ ਕਾਫੀ ਸਾਰੇ ਪੰਜਾਬੀ ਇੱਥੇ ਪਨਾਮਾ ਵਿੱਚ ਹੀ ਵੱਸ ਗਏ ਸਨ ਤੇ ਉਨ੍ਹਾਂ ਨੇ ਇੱਥੇ ਬਤੌਰ ਜ਼ਿਮੀਂਦਾਰ, ਸੁਰੱਖਿਆ ਗਾਰਡ, ਦੁਕਾਨਦਾਰ ਜਾਂ ਵਪਾਰੀ ਦੇ ਤੌਰ 'ਤੇ ਵੱਸਣਾ ਸ਼ੁਰੂ ਕਰ ਦਿੱਤਾ ਸੀ। ਫਿਰ ਕੁਝ ਦੇਰ ਬਾਅਦ ਜਦੋਂ ਸੰਨ 1904 ਵਿੱਚ 'ਪਨਾਮਾ ਨਹਿਰ' ਦਾ ਨਿਰਮਾਣ ਕਾਰਜ ਸ਼ੁਰੂ ਹੋਇਆ ਤਾਂ ਪੰਜਾਬੀ ਲੋਕ ਫਿਰ ਅੱਗੇ ਆਏ ਤੇ ਇਸ ਨਹਿਰ ਦੇ ਨਿਰਮਾਣ ਵਿੱਚ ਜੁਟ ਗਏ। ਸੰਨ 1914 ਵਿੱਚ ਇਸ ਨਹਿਰ ਦਾ ਨਿਰਮਾਣ ਕਾਰਜ ਪੂਰਾ ਹੋਣ ਪਿੱਛੋਂ ਕੁਝ ਪੰਜਾਬੀ ਲੋਕ ਵਾਪਿਸ ਵਤਨ ਪਰਤ ਗਏ, ਪਰ ਜ਼ਿਆਦਾਤਰ ਪਨਾਮਾ ਵਿਖੇ ਹੀ ਵੱਸ ਗਏ ਤੇ ਵੱਖ-ਵੱਖ ਕੰਮ-ਧੰਦੇ ਕਰਨ ਲੱਗ ਪਏ। ਉਕਤ ਨਹਿਰ ਦੇ ਨਿਰਮਾਣ ਲਈ ਉਨ੍ਹਾਂ ਨੂੰ ਚੰਗੀ ਮਜ਼ਦੂਰੀ ਮਿਲੀ ਸੀ, ਜਿਸ ਕਰਕੇ ਉਹ ਖ਼ੁਸ਼ ਸਨ। ਉਨ੍ਹਾਂ ਵਿੱਚੋਂ ਸ. ਰਤਨ ਸਿੰਘ ਨੇ ਆਪਣੀ ਵਿੱਤੀ ਸੂਝ ਦਾ ਲਾਭ ਉਠਾਉਣ ਲਈ 'ਫ਼ਾਇਨਾਂਸ ਕੰਪਨੀ' ਖੋਲ੍ਹੀ ਅਤੇ ਪੈਸਾ ਕਮਾਉਣਾ ਸ਼ੁਰੂ ਕਰ ਦਿੱਤਾ। ਇਸ ਸ਼ਖ਼ਸ ਨੇ ਹੀ ਬਾਅਦ ਵਿੱਚ ਸ. ਪਰਕਾਸ਼ ਸਿੰਘ ਅਤੇ ਕੁਝ ਹੋਰ ਅਮੀਰ ਸਿੱਖਾਂ ਨਾਲ ਸਾਂਝੇ ਤੌਰ 'ਤੇ ਪੈਸਾ ਦਾਨ ਕਰਕੇ ਸੰਨ 1986 ਵਿੱਚ 'ਗੁਰਦੁਆਰਾ ਗੁਰੂ ਨਾਨਕ ਸਾਹਿਬ ਪਨਾਮਾ' ਦਾ ਨਿਰਮਾਣ ਕੀਤਾ ਸੀ, ਜਿਸਨੂੰ ਅੱਜ ਕੱਲ੍ਹ 'ਗੁਰੂ ਨਾਨਕ ਸਾਹਿਬ ਸਿਵਿਕ ਸੁਸਾਇਟੀ' ਵੱਲੋਂ ਸੰਭਾਲਿਆ ਤੇ ਚਲਾਇਆ ਜਾ ਰਿਹਾ ਹੈ। ਉਸ ਵੇਲੇ ਵੀ ਇੱਥੇ ਰਹਿਣ ਵਾਲੇ ਪੰਜਾਬੀ ਲੋਕ ਹਫ਼ਤੇ ਦੇ ਇੱਕ ਦਿਨ ਲੜੀਵਾਰ ਇੱਕ-ਦੂਜੇ ਦੇ ਘਰਾਂ ਅੰਦਰ ਇਕੱਤਰਤਾ ਕਰਦੇ ਸਨ ਅਤੇ ਗੁਰਬਾਣੀ ਪਾਠ ਤੇ ਕੀਰਤਨ ਕਰਿਆ ਕਰਦੇ ਸਨ ਭਾਵ ਬੇਗਾਨੇ ਮੁਲਕ ਵਿੱਚ ਆ ਕੇ ਵੀ ਉਹ ਆਪਣੇ ਧਰਮ ਅਤੇ ਵਿਰਸੇ ਤੋਂ ਦੂਰ ਨਹੀਂ ਹੋਏ ਸਨ।

ਪਨਾਮਾ ਵਿਖੇ ਵੱਸਦੇ ਪੰਜਾਬੀਆਂ ਨੇ ਸਿੰਧੀ ਸਮਾਜ ਦੇ ਲੋਕਾਂ ਨਾਲ ਮਿਲ ਕੇ ਸੰਨ 1947 ਵਿਚ ਇੱਥੇ 'ਇੰਡੀਅਨ ਸੁਸਾਇਟੀ ਆਫ਼ ਪਨਾਮਾ' ਦੀ ਨੀਂਹ ਰੱਖੀ ਸੀ। ਇਸ ਵੇਲੇ ਪਨਾਮਾ ਦੀ ਹੱਦ ਅੰਦਰ ਵੱਸ ਰਹੇ ਭਾਰਤੀਆਂ ਵਿਚ ਵੱਡੀ ਸੰਖਿਆ ਗੁਜਰਾਤੀ, ਸਿੰਧੀ ਅਤੇ ਪੰਜਾਬੀ ਲੋਕਾਂ ਦੀ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਸੰਖਿਆ ਵਿੱਚ ਘੱਟ ਹੋਣ ਦੇ ਬਾਵਜੂਦ ਪੰਜਾਬੀਆਂ ਨੇ ਆਪਣੀ ਮਿਹਨਤ ਅਤੇ ਦ੍ਰਿੜ ਇਰਾਦੇ ਦੇ ਬਲਬੂਤੇ ਪਨਾਮਾ ਦੇ ਵਪਾਰ ਅਤੇ ਸੱਭਿਆਚਾਰ ਵਿੱਚ ਆਪਣੀ ਵੱਖਰੀ ਤੇ ਜ਼ਬਰਦਸਤ ਪਛਾਣ ਬਣਾਈ ਹੈ।

ਪਨਾਮਾ ਵਿਖੇ 'ਅਮਰੀਕਨ ਮਿਲਟਰੀ ਬੇਸ' ਦੀ ਸਥਾਪਨਾ ਤੋਂ ਬਾਅਦ ਬਹੁਤ ਸਾਰੇ ਪੰਜਾਬੀ 'ਪੀ.ਆਰ.' ਲੈ ਕੇ ਪਨਾਮਾ ਵਿਖੇ ਹੀ ਪੱਕੇ ਤੌਰ 'ਤੇ ਵੱਸ ਗਏ ਹਨ। ਪਨਾਮਾ ਵਿਖੇ ਵੱਸ ਰਹੇ ਕੁਝ ਚੌਥੀ ਪੀੜ੍ਹੀ ਦੇ ਸਿੱਖ ਨੌਜਵਾਨਾਂ ਨਾਲ ਗੱਲਬਾਤ ਕਰਕੇ ਪਤਾ ਲੱਗਾ ਹੈ ਕਿ ਪਨਾਮਾ ਵਿਖੇ ਹੁਣ ਪੰਜਾਬੀਆਂ ਨੇ ਵਿੱਤੀ ਅਤੇ ਵਪਾਰਕ ਸੰਸਥਾਵਾਂ ਚਲਾਉਣ ਦੇ ਨਾਲ-ਨਾਲ ਕੇਲੇ ਅਤੇ ਹੋਰ ਵਪਾਰਕ ਫ਼ਸਲਾਂ ਦੀ ਖੇਤੀ ਕਰਨ ਹਿਤ ਜ਼ਮੀਨਾਂ ਦੀ ਮਾਲਕੀ ਹਾਸਿਲ ਕਰ ਲਈ ਹੈ। ਕੁਝ ਕੁ ਸਿਰੜੀ ਅਤੇ ਸੂਝਵਾਨ ਪੰਜਾਬੀ ਨੌਜਵਾਨ ਇੱਥੇ ਰੈਸਟੋਰੈਂਟ ਅਤੇ ਡਿਪਾਰਟਮੈਂਟਲ ਸਟੋਰ ਵੀ ਬੜੀ ਸਫ਼ਲਤਾ ਨਾਲ ਚਲਾ ਰਹੇ ਹਨ। ਇੱਥੇ ਹੋਈ ਪੰਜਾਬੀਆਂ ਦੀ ਇਕ ਹਫ਼ਤਾਵਾਰੀ ਇਕੱਤਰਤਾ ਦੌਰਾਨ 'ਪੀ.ਐਮ.ਐਮ.ਸੀ.' ਭਾਵ 'ਪਨਾਮਾ ਮੈਡੀਕਲ ਐਂਡ ਮੈਨੇਜਮੈਂਟ ਕਾਰਪੋਰੇਸ਼ਨ ਆਫ਼ ਹਾਇਰ ਐਜੂਕੇਸ਼ਨ' ਦਾ ਗਠਨ ਕਰ ਦਿੱਤਾ ਗਿਆ ਸੀ, ਜਿਸਦੇ ਅਧੀਨ ਪਨਾਮਾ ਵਿਖੇ 'ਮੈਡੀਕਲ ਡਿਗਰੀ ਪ੍ਰੋਗਰਾਮ' ਸ਼ੁਰੂ ਕੀਤਾ ਗਿਆ ਸੀ। ਫ਼ਖ਼ਰ ਦੀ ਗੱਲ ਤਾਂ ਇਹ ਵੀ ਹੈ ਕਿ ਕੁਝ ਕੁ ਪੰਜਾਬੀ ਨੌਜਵਾਨ ਆਪਣੀ ਪੜ੍ਹਾਈ ਅਤੇ ਕਾਬਲੀਅਤ ਦੇ ਬਲਬੂਤੇ ਪਨਾਮਾ ਵਿਖੇ ਸਿਵਲ ਅਤੇ ਮਿਲਟਰੀ ਵਿਭਾਗਾਂ ਵਿੱਚ ਉੱਚ ਅਹੁਦਿਆਂ 'ਤੇ ਵੀ ਕੰਮ ਕਰ ਰਹੇ ਹਨ। ਸ਼ਲਾਘਾਯੋਗ ਗੱਲ ਤਾਂ ਇਹ ਵੀ ਹੈ ਕਿ ਸਿੰਧੀ ਸਿੱਖਾਂ ਦੀ ਜ਼ਿਆਦਾਤਰ ਆਬਾਦੀ ਪੂਰੇ ਨੇਮ ਨਾਲ ਹਰ ਰੋਜ਼ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਭਰਨ ਜਾਂਦੀ ਹੈ।



*ਜਦੋਂ ਸੰਨ 1904 ਵਿੱਚ 'ਪਨਾਮਾ ਨਹਿਰ' ਦਾ ਨਿਰਮਾਣ ਕਾਰਜ ਸ਼ੁਰੂ ਹੋਇਆ ਤਾਂ ਪੰਜਾਬੀ ਲੋਕ ਫਿਰ ਅੱਗੇ ਆਏ ਤੇ ਇਸ ਨਹਿਰ ਦੇ ਨਿਰਮਾਣ ਵਿੱਚ ਜੁਟ ਗਏ। ਸੰਨ 1914 ਵਿੱਚ ਇਸ ਨਹਿਰ ਦਾ ਨਿਰਮਾਣ ਕਾਰਜ ਪੂਰਾ ਹੋਣ ਪਿੱਛੋਂ ਕੁਝ ਪੰਜਾਬੀ ਲੋਕ ਵਾਪਿਸ ਵਤਨ ਪਰਤ ਗਏ, ਪਰ ਜ਼ਿਆਦਾਤਰ ਪਨਾਮਾ ਵਿਖੇ ਹੀ ਵੱਸ ਗਏ ਤੇ ਵੱਖ-ਵੱਖ ਕੰਮ-ਧੰਦੇ ਕਰਨ ਲੱਗ ਪਏ।*





*ਮੇਹਰ ਐਲੀਜ਼ਰ ਨੇ ਸੰਨ 2019 ਵਿੱਚ ਹੋਏ 'ਮਿਸ ਪਨਾਮਾ ਮੁਕਾਬਲੇ' ਵਿੱਚ ਪਹਿਲਾ ਸਥਾਨ ਹਾਸਿਲ ਕਰਕੇ 'ਮਿਸ ਯੂਨੀਵਰਸ' ਮੁਕਾਬਲੇ ਵਿੱਚ ਪਨਾਮਾ ਦੀ ਪ੍ਰਤੀਨਿਧਤਾ ਕੀਤੀ ਸੀ। ਇਹ ਮੁਟਿਆਰ ਦਰਅਸਲ ਭਾਰਤ ਦੇ ਨਵੀਂ ਦਿੱਲੀ ਵਿਖੇ ਜਨਮੀ ਸੀ ਤੇ ਪਨਾਮਾ ਵਿਖੇ ਆ ਕੇ ਪਲੀ ਸੀ।*

# ਉਜੜਿਆ ਪਿੰਡ, ਸਾਂਝੇ ਸਰੋਤਾਂ ਤੇ ਆਮ ਲੋਕਾਂ ਦੀ ਤ੍ਰਾਸਦੀ-2

## 'ਦਿ ਡੈਜ਼ਰਟਡ ਵਿਲੇਜ' ਕਵਿਤਾ ਅਤੇ 'ਦਿ ਟ੍ਰੈਜੇਡੀ ਆਫ਼ ਕਾਮਨਜ਼' ਲੇਖ ਦੀ ਅੱਜ ਦੇ ਪੰਜਾਬ ਨਾਲ ਸਾਰਥਕਤਾ

ਸੱਚੋ-ਸੱਚ

ਡਾ. ਰਛਪਾਲ ਸਿੰਘ ਬਾਜਵਾ
ਫੋਨ: 630-303-8330



*ਇਹ ਦੋ ਕਹਾਣੀਆਂ, "ਦਿ ਡੈਜ਼ਰਟਡ ਵਿਲੇਜ" (ਉਜੜਿਆ ਪਿੰਡ) ਅਤੇ "ਦਿ ਟ੍ਰੈਜੇਡੀ ਆਫ਼ ਕਾਮਨਜ਼" (ਸਾਂਝੇ ਸਰੋਤਾਂ ਦੀ ਆਪੋਧਾਪ ਲੁੱਟ ਅਤੇ ਆਮ ਲੋਕਾਂ ਦੀ ਤ੍ਰਾਸਦੀ) ਇੰਗਲੈਂਡ ਵਿੱਚ ਦੋ ਵੱਖ-ਵੱਖ ਸਮਿਆਂ 'ਤੇ ਵਾਪਰੀਆਂ। ਇਹ ਲਿਖਤ, ਇਨ੍ਹਾਂ ਦੋਹਾਂ ਦੇ ਇਤਿਹਾਸਕ ਪਿਛੋਕੜ, ਸਮਾਜਿਕ ਤੇ ਆਰਥਿਕ ਪ੍ਰਭਾਵ, ਅਤੇ ਭਵਿੱਖ ਲਈ ਸਬਕਾਂ ਦੇ ਪ੍ਰਤੀਬਿੰਬਤ ਸ਼ੈਲੀਆਂ ਦੇ ਆਧਾਰ 'ਤੇ ਲਿਖੀ ਗਈ ਹੈ। ਇਹ ਦੋਵੇਂ ਕਹਾਣੀਆਂ ਅੱਜ ਦੇ ਪੰਜਾਬ ਨਾਲ ਕਿਵੇਂ ਸਬੰਧਤ ਹਨ, ਇਸ ਬਾਰੇ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਮਨੁੱਖੀ ਇਤਿਹਾਸ ਦੌਰਾਨ ਹਮੇਸ਼ਾ ਹੀ ਸਮਾਜ, ਵਿਅਕਤੀਗਤ ਲਾਭ ਅਤੇ ਸਮੂਹਿਕ ਭਲਾਈ ਵਿਚਕਾਰ ਤਣਾਅ ਰਿਹਾ ਹੈ। ਇਸ ਸੰਘਰਸ਼ ਨੂੰ ਦੋ ਡੂੰਘੇ ਸੰਕਲਪਾਂ ਵਿੱਚ ਦਿਲ ਖਿੱਚਵੇਂ ਢੰਗ ਨਾਲ ਦਰਸਾਇਆ ਗਿਆ ਹੈ। ਪਾਠਕ ਇਸ ਲੰਮੇ ਲੇਖ ਦੀ ਪਹਿਲੀ ਕਿਸ਼ਤ ਪਿਛਲੇ ਅੰਕ ਵਿੱਚ ਪੜ੍ਹ ਚੁਕੇ ਹਨ। ਪੇਸ਼ ਹੈ, ਦੂਜੀ ਕਿਸ਼ਤ...*

### 3. 'ਦਿ ਡੈਜ਼ਰਟਡ ਵਿਲੇਜ' ਇਤਿਹਾਸਕ ਪਿਛੋਕੜ

ਓਲੀਵਰ ਗੋਲਡਸਮਿਥ ਦੀ ਕਵਿਤਾ 'ਦਿ ਡੈਜ਼ਰਟਡ ਵਿਲੇਜ' (ਉਜੜਿਆ ਪਿੰਡ) 1769 ਵਿੱਚ ਪੂਰੀ ਹੋਈ ਸੀ ਤੇ ਪਹਿਲੀ ਵਾਰ 1770 ਵਿੱਚ ਪ੍ਰਕਾਸ਼ਿਤ ਹੋਈ ਸੀ। ਮਈ 1770 ਵਿੱਚ ਇਸਦੇ ਪਹਿਲੇ ਪ੍ਰਕਾਸ਼ਨ ਤੋਂ ਤੁਰੰਤ ਬਾਅਦ ਇਹ ਕਵਿਤਾ ਚਰਚਾ 'ਚ ਆ ਗਈ। ਇਸਦੇ ਪ੍ਰਕਾਸ਼ਕ ਡਬਲਯੂ. ਗ੍ਰਿਫਿਨ ਨੇ ਮੰਗ ਨੂੰ ਪੂਰਾ ਕਰਨ ਲਈ ਉਸੇ ਸਾਲ ਦੇ ਅੰਦਰ ਪੰਜ ਵਾਧੂ ਐਡੀਸ਼ਨ ਜਾਰੀ ਕੀਤੇ। ਸਦੀ ਦੇ ਅੰਤ ਤੱਕ, ਘੱਟੋ ਘੱਟ 11 ਹੋਰ ਐਡੀਸ਼ਨ ਇਕੱਲੇ ਸੰਯੁਕਤ ਰਾਜ ਅਮਰੀਕਾ ਵਿੱਚ ਛਾਪੇ ਗਏ ਸਨ। ਇਸ ਤੋਂ ਇਲਾਵਾ ਗ੍ਰੇਟ ਬ੍ਰਿਟੇਨ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਕਈ ਐਡੀਸ਼ਨ ਛਾਪੇ ਗਏ ਸਨ। ਵੇਚੀਆਂ ਗਈਆਂ ਕਾਪੀਆਂ ਦੀ ਗਿਣਤੀ (ਅੰਦਾਜ਼ਨ ਦਸ ਹਜ਼ਾਰ) ਇਸਦੇ ਸਮੇਂ ਲਈ ਬਹੁਤ ਜ਼ਿਆਦਾ ਸੀ, ਪਰ ਸਹੀ ਗਿਣਤੀ ਦਾ ਰਿਕਾਰਡ ਮੌਜੂਦ ਨਹੀਂ ਹੈ।

ਇਹ ਕਵਿਤਾ ਪੇਂਡੂ ਜੀਵਨ ਢੰਗ ਨੂੰ ਆਦਰਸ਼ ਬਣਾਉਂਦੀ ਹੈ, ਜੋ ਵੱਡੇ ਜ਼ਿਮੀਂਦਾਰਾਂ ਦੇ ਲਾਲਚ, ਆਰਥਿਕ ਅਤੇ ਰਾਜਨੀਤਿਕ ਤਬਦੀਲੀ ਕਾਰਨ ਤਬਾਹ ਹੋ ਰਿਹਾ ਸੀ। ਇਹ ਕਵਿਤਾ 1968 ਵਿੱਚ ਹਾਰਡਿਨ ਦੁਆਰਾ ਬਹੁਤ ਬਾਅਦ ਵਿੱਚ ਲਿਖੇ ਗਏ ਲੇਖ 'ਦਿ ਟ੍ਰੈਜੇਡੀ ਆਫ਼ ਕਾਮਨਜ਼' ਦੇ ਸਾਹਿਤਕ ਹਮਰੁਤਬਾ ਵਜੋਂ ਕੰਮ ਕਰਦੀ ਹੈ। ਗੋਲਡਸਮਿਥ ਇੰਗਲੈਂਡ ਦੇ ਪਿੰਡ 'ਔਬਰਨ' ਦੇ ਵਿਨਾਸ਼ 'ਤੇ ਦੁੱਖ ਪ੍ਰਗਟ ਕਰਦਾ ਹੈ, ਜੋ ਕਦੇ ਕੁਦਰਤੀ ਸੁੰਦਰਤਾ, ਖੁਸ਼ੀ, ਸਾਦਗੀ, ਭਾਈਚਾਰਕ ਭਾਵਨਾ ਨਾਲ ਭਰਪੂਰ ਸੀ ਅਤੇ ਹੁਣ ਸੰਪੂਰਨ ਤੌਰ 'ਤੇ ਤਬਾਹ ਹੋ ਚੁੱਕਾ ਹੈ। ਇਤਿਹਾਸਕ ਤੌਰ 'ਤੇ ਇਹ ਕਵਿਤਾ 18ਵੀਂ ਸਦੀ ਦੇ ਇੰਗਲੈਂਡ ਦੇ 'ਪੇਂਡੂ ਜ਼ਮੀਨ ਪ੍ਰਾਪਤੀ ਦੇ ਘੇਰੇ ਦੀ ਲਹਿਰ' (land Acquisition) ਨੂੰ ਦਰਸਾਉਂਦੀ ਹੈ, ਜਦੋਂ ਅਮੀਰ ਜ਼ਿਮੀਂਦਾਰਾਂ ਦੁਆਰਾ ਪੇਂਡੂ ਸਾਂਝੀਆਂ ਜ਼ਮੀਨਾਂ ਨੂੰ ਨਿੱਜੀ ਮਾਲਕੀ ਲਈ ਜ਼ਬਤ ਕੀਤਾ ਜਾ ਰਿਹਾ ਸੀ। ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬਾਹਰ ਕੱਢਿਆ ਜਾ ਰਿਹਾ ਸੀ, ਰਵਾਇਤੀ ਖੇਤੀਬਾੜੀ ਘਟ ਰਹੀ ਸੀ ਅਤੇ ਪੇਂਡੂ ਜੀਵਨ ਖਿੰਡ ਰਿਹਾ ਸੀ। ਇਹ ਲਹਿਰ ਸੰਪਰਦਾਇਕ ਸਦਭਾਵਨਾ, ਪੇਂਡੂਅਤਾ ਅਤੇ ਸਮਾਨਤਾ ਦੀ ਕੀਮਤ 'ਤੇ ਉਦਯੋਗਿਕ-ਪੂੰਜੀਵਾਦੀ ਖੇਤੀਬਾੜੀ ਦੇ ਉਭਾਰ ਦਾ ਪ੍ਰਤੀਕ ਸੀ।

ਇਹ ਕਵਿਤਾ ਸਮਾਜਿਕ ਟਿੱਪਣੀ ਦਾ ਇੱਕ ਕੰਮ ਹੈ ਅਤੇ ਬਹੁਤ ਜ਼ਿਆਦਾ ਦੌਲਤ ਦੀ ਭਾਲ ਵਿੱਚ ਪੇਂਡੂ ਆਬਾਦੀ ਦੇ ਘਟਣ ਦੀ ਨਿੰਦਾ ਕਰਦੀ ਹੈ। ਇਹ ਕਵਿਤਾ ਇੱਕ ਪਿੰਡ ਦੇ ਪਤਨ ਅਤੇ ਇਸਦੇ ਬਹੁਤ ਸਾਰੇ ਵਸਨੀਕਾਂ ਦੇ ਕੰਮ ਤੇ ਰੋਜ਼ੀ-ਰੋਟੀ ਦੀ ਭਾਲ ਵਿੱਚ ਸ਼ਹਿਰੀ ਇੰਗਲੈਂਡ ਜਾਂ ਅਮਰੀਕਾ ਵੱਲ ਪਰਵਾਸ ਦਾ ਵਰਣਨ ਕਰਦੀ ਹੈ। ਕਵੀ ਪੇਂਡੂ ਆਬਾਦੀ ਦੇ ਘਟਣ, ਸ਼ਹਿਰਾਂ ਵਿੱਚ ਪਾਏ ਜਾਣ ਵਾਲੇ ਨੈਤਿਕ ਭ੍ਰਿਸ਼ਟਾਚਾਰ, ਖਪਤਕਾਰਵਾਦ ਅਤੇ ਅੰਤਰਰਾਸ਼ਟਰੀ ਵਪਾਰ ਤੋਂ ਦੌਲਤ ਦੀ ਭਾਲ ਦੀ ਲਾਲਸਾ ਦੀ ਆਲੋਚਨਾ ਕਰਦਾ ਹੈ। ਕਵਿਤਾ ਦੇ ਅੰਤ ਵਿੱਚ ਗੋਲਡਸਮਿਥ ਉਮੀਦ ਪ੍ਰਗਟ ਕਰਦਾ ਹੈ ਕਿ ਕਵਿਤਾ ਦੀ ਆਵਾਜ਼ 'ਪ੍ਰੇਰਣਾਦਾਇਕ ਦਬਾਅ ਨਾਲ ਮਾਮੂਲੀ ਸੱਚਾਈ ਦੀ ਸਹਾਇਤਾ ਕਰ ਸਕਦੀ ਹੈ' ਅਤੇ ਲਾਲਚੀ ਜ਼ਿਮੀਂਦਾਰਾਂ ਦੇ ਹੱਥੋਂ ਉਜਾੜੇ ਗਏ ਪੇਂਡੂ ਕਿਸਾਨਾਂ ਦੇ ਦਰਦ ਤੇ ਦੁੱਖਾਂ ਦੀ ਸੱਚਾਈ ਨੂੰ ਉਜਾਗਰ ਕਰ ਸਕਦੀ ਹੈ।


ਇਹ ਕਵਿਤਾ 18ਵੀਂ ਅਤੇ 19ਵੀਂ ਸਦੀ ਵਿੱਚ ਬਹੁਤ ਮਸ਼ਹੂਰ ਸੀ, ਪਰ ਇਸ ਦੀ ਜਾਰਜ ਕਰੈਬੇ (George Crabbe) ਵਰਗੇ ਹੋਰ ਕਵੀਆਂ ਵੱਲੋਂ ਆਲੋਚਨਾ ਵੀ ਕੀਤੀ ਗਈ, ਜਿਨ੍ਹਾਂ ਨੇ ਓਲੀਵਰ ਗੋਲਡਸਮਿਥ ਦੀ ਕਵਿਤਾ 'ਦਿ ਡੈਜ਼ਰਟਡ ਵਿਲੇਜ' ਨੂੰ ਬਹੁਤ ਜ਼ਿਆਦਾ ਭਾਵਨਾਤਮਕ ਅਤੇ ਅਵਿਸ਼ਵਾਸੀ ਹੋਣ ਲਈ ਜ਼ਿੰਮੇਵਾਰ ਦੱਸਿਆ। ਜਾਰਜ ਕਰੈਬੇ ਨੇ ਦਲੀਲ ਦਿੱਤੀ ਕਿ ਕਵੀ ਗੋਲਡਸਮਿਥ ਪੇਂਡੂ ਗਰੀਬੀ ਦੀਆਂ ਕਠੋਰ ਹਕੀਕਤਾਂ ਤੋਂ ਅਨਜਾਣ ਅਤੇ ਸਮਝਣ ਦੇ ਘੇਰੇ ਤੋਂ ਬਾਹਰ ਸੀ। ਜਾਰਜ ਕਰੈਬੇ ਨੇ ਖੁਦ 1783 ਵਿੱਚ ਇੱਕ ਕਿਤਾਬ 'ਦਿ ਵਿਲੇਜ' ਪ੍ਰਕਾਸ਼ਿਤ ਕੀਤੀ, ਜਿਸ ਵਿੱਚ 'ਓਲੀਵਰ ਪੋਇਮ' ਦੇ ਪੇਂਡੂ ਜੀਵਨ ਦੇ ਆਦਰਸ਼ ਦ੍ਰਿਸ਼ਟੀਕੋਣ ਨੂੰ ਪੇਂਡੂ ਗਰੀਬੀ ਦੀਆਂ ਕਠੋਰ ਹਕੀਕਤਾਂ ਨਾਲ ਤੁਲਨਾ ਕੀਤੀ ਗਈ। ਕਰੈਬੇ ਦੀ ਕਿਤਾਬ ਜਨਤਾ ਅਤੇ ਆਲੋਚਕਾਂ- ਦੋਵਾਂ ਵਿੱਚ ਬਹੁਤ ਮਸ਼ਹੂਰ ਸੀ; ਪਰ ਕਰੈਬੇ ਦੁਆਰਾ ਲਿਖੀ ਗਈ ਕਵਿਤਾ 'ਦਿ ਵਿਲੇਜ' ਦੀ ਸਮੱਗਰੀ ਨੇ ਗੋਲਡਸਮਿਥ ਦੀ ਕਵਿਤਾ 'ਦਿ ਡੈਜ਼ਰਟਡ ਵਿਲੇਜ' ਦਿ ਸਮਾਜਿਕ ਅਪੀਲ ਅਤੇ ਸੰਦੇਸ਼ ਨੂੰ ਘੱਟ ਜਾਂ ਮੱਧਮ ਨਹੀਂ ਕੀਤਾ। ਪੇਂਡੂ ਗਿਰਾਵਟ, ਆਬਾਦੀ ਦਾ ਘਟਣਾ ਅਤੇ ਜ਼ਿਮੀਂਦਾਰਾਂ ਦੇ ਲਾਲਚ ਕਾਰਨ ਗਰੀਬ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਉਜਾੜ ਦਿੱਤਾ ਗਿਆ, ਜਿਸ ਨੂੰ ਓਲੀਵਰ ਗੋਲਡਸਮਿਥ ਦੀ ਕਵਿਤਾ ਦੁਆਰਾ 'ਪੇਂਡੂ ਜ਼ਮੀਨ ਪ੍ਰਾਪਤੀ ਦੀ ਘੇਰੇ ਦੀ ਲਹਿਰ' ਦੁਆਰਾ ਦਰਸਾਇਆ ਗਿਆ ਹੈ।


### 4. 'ਉਜੜਿਆ ਪਿੰਡ' ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ

**(ੳ) ਪੇਂਡੂ ਭਾਈਚਾਰੇ ਦਾ ਨੁਕਸਾਨ:** ਓਲੀਵਰ ਗੋਲਡਸਮਿਥ ਪਿੰਡ ਦੇ ਜੀਵਨ ਦੇ ਪਤਨ 'ਤੇ ਸੋਗ ਮਨਾਉਂਦਾ ਹੈ, ਜੋ ਕਦੇ ਸਾਂਝੇ ਕਿਰਤ, ਪ੍ਰਾਹੁਣਚਾਰੀ ਅਤੇ ਆਪਸੀ ਦੇਖਭਾਲ ਦੁਆਰਾ ਦਰਸਾਇਆ ਜਾਂਦਾ ਸੀ। ਪਿੰਡਾਂ ਦੇ ਲੋਕਾਂ ਦੇ ਵਿਸਥਾਪਨ ਨੇ ਆਬਾਦੀ ਤੋਂ ਖਾਲੀ ਪੇਂਡੂ ਖੇਤਰ ਅਤੇ ਭੀੜ-ਭੜੱਕੇ ਵਾਲੇ ਗਰੀਬ ਸ਼ਹਿਰ ਬਣਾ ਦਿੱਤੇ।


**(ਅ) ਆਰਥਿਕ ਅਸਮਾਨਤਾਵਾਂ:** ਕੁਝ ਲੋਕਾਂ ਦੇ ਹੱਥਾਂ ਵਿੱਚ ਜ਼ਮੀਨ ਦੀ ਇਕਾਗਰਤਾ ਨੇ ਇੱਕ ਡੂੰਘਾ ਆਰਥਿਕ ਪਾੜਾ ਪੈਦਾ ਕੀਤਾ। ਵੱਡੇ ਜ਼ਿਮੀਂਦਾਰਾਂ ਵਿੱਚ ਦੌਲਤ ਇਕੱਠੀ ਹੋਈ, ਜਦੋਂ ਕਿ ਆਮ ਲੋਕਾਂ ਨੂੰ ਬੇਰੁਜ਼ਗਾਰੀ ਅਤੇ ਕੰਗਾਲੀ ਵਾਲੀ ਜ਼ਿੰਦਗੀ ਦਾ ਸਾਹਮਣਾ ਕਰਨਾ ਪਿਆ।

**(ੲ) ਨੈਤਿਕ ਅਤੇ ਸੱਭਿਆਚਾਰਕ ਕਟੌਤੀ:** ਓਲੀਵਰ ਗੋਲਡਸਮਿਥ ਕੁਦਰਤ ਅਤੇ ਭਾਈਚਾਰੇ ਦੇ ਵਿਨਾਸ਼ ਨੂੰ ਨੇਕੀ ਦੇ ਨੁਕਸਾਨ ਨਾਲ ਜੋੜਦਾ ਹੈ। ਕੁਝ ਲੋਕਾਂ ਦੀ 'ਲਗਜ਼ਰੀ' ਨੇ ਬਹੁਤਿਆਂ ਦੀ 'ਮਾਸੂਮੀਅਤ' ਦੀ ਥਾਂ ਲੈ ਲਈ। ਇਹ ਕਵਿਤਾ ਲਾਲਚ, ਭੌਤਿਕਵਾਦ ਅਤੇ ਨੈਤਿਕ ਪਤਨ ਦੀ ਆਲੋਚਨਾ ਬਣ ਜਾਂਦੀ ਹੈ ਅਤੇ ਉਸੇ ਥੀਮ ਨੂੰ ਦਰਸਾਉਂਦੀ ਹੈ, ਜਿਸਦੀ ਖੋਜ ਹਾਰਡਿਨ ਨੇ ਬਾਅਦ ਵਿੱਚ 1968 ਦੌਰਾਨ ਵਿਗਿਆਨਕ ਸ਼ਬਦਾਂ ਵਿੱਚ ਕੀਤੀ ਸੀ।





ਜਾਰਜ ਕਰੈਬੇ (1754-1832)



ਓਲੀਵਰ ਗੋਲਡਸਮਿਥ (1730-1774)

### 5. ਭਵਿੱਖ ਦੀਆਂ ਪੀੜ੍ਹੀਆਂ ਲਈ ਸਬਕ

'ਟ੍ਰੈਜੇਡੀ ਆਫ਼ ਦਿ ਕਾਮਨਜ਼' ਅਤੇ 'ਦਿ ਡੈਜ਼ਰਟਡ ਵਿਲੇਜ' ਦੋਵੇਂ ਸਦੀਵੀ ਨੈਤਿਕ ਅਤੇ ਸਮਾਜਿਕ ਸਬਕਾਂ 'ਤੇ ਇਕੱਠੇ ਹੁੰਦੇ ਹਨ, ਜਿਵੇਂ:

**(ੳ) ਵਿਅਕਤੀਗਤ ਆਜ਼ਾਦੀ ਅਤੇ ਸਮੂਹਿਕ ਜ਼ਿੰਮੇਵਾਰੀ ਵਿਚਕਾਰ ਸੰਤੁਲਨ:** ਜ਼ਿੰਮੇਵਾਰੀ ਤੋਂ ਬਿਨਾ ਸਾਂਝੇ ਸਰੋਤਾਂ ਦੇ ਸ਼ੋਸ਼ਣ ਦੀ ਆਜ਼ਾਦੀ ਅਸਥਿਰ ਪ੍ਰਬੰਧਨ ਵੱਲ ਇਸ਼ਾਰਾ ਕਰਦੀ ਹੈ। ਸਥਿਰਤਾ ਲਈ ਭਾਈਚਾਰਕ ਸ਼ਾਸਨ, ਕਾਨੂੰਨ ਅਤੇ ਨੈਤਿਕਤਾ ਜ਼ਰੂਰੀ ਹਨ।

**(ਅ) ਭਾਈਚਾਰਕ ਅਤੇ ਪ੍ਰਬੰਧਕੀ ਮੁੱਲ:** ਸਮਾਜ ਦੀ ਤਾਕਤ ਵਿਅਕਤੀਗਤ ਦੌਲਤ ਵਿੱਚ ਨਹੀਂ, ਸਗੋਂ ਸਮੂਹਿਕ ਭਲਾਈ ਵਿੱਚ ਹੈ। ਉਜੜੇ ਪਿੰਡ 'ਔਬਰਨ' ਵਾਂਗ, ਭਾਈਚਾਰਿਆਂ ਨੂੰ ਆਪਣੇ ਨੈਤਿਕ ਅਤੇ ਸਮਾਜਿਕ ਬੰਧਨਾਂ ਦੀ ਰੱਖਿਆ ਕਰਨੀ ਚਾਹੀਦੀ ਹੈ।

**(ੲ)** ਥੋੜ੍ਹੇ ਸਮੇਂ ਦੇ ਲਾਭ, ਅਸਥਿਰਤਾ ਨੂੰ ਸੱਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਨੂੰ ਅਜਿਹੇ ਅਭਿਆਸਾਂ ਨੂੰ ਅਪਣਾਉਣਾ ਚਾਹੀਦਾ ਹੈ, ਜੋ ਵਾਤਾਵਰਣਕ ਸੀਮਾਵਾਂ ਦਾ ਸਤਿਕਾਰ ਕਰਦੇ ਹੋਣ, ਜਿਵੇਂ ਕਿ ਨਵਿਆਉਣਯੋਗ ਊਰਜਾ, ਬਰਾਬਰ ਭੂਮੀ ਵਰਤੋਂ ਅਤੇ ਭਾਈਚਾਰਾ-ਆਧਾਰਤ ਸੰਭਾਲ।

**(ਸ) ਸੱਭਿਅਤਾ ਦੀ ਨੀਂਹ ਵਜੋਂ ਨੈਤਿਕ ਸੰਜਮ:** ਹਾਰਡਿਨ ਅਤੇ ਗੋਲਡਸਮਿਥ- ਦੋਵੇਂ ਮਨੁੱਖਤਾ ਨੂੰ ਯਾਦ ਦਿਵਾਉਂਦੇ ਹਨ ਕਿ ਨੈਤਿਕ ਸੰਜਮ ਹੀ, ਨਾ ਕਿ ਸਿਰਫ਼ ਤਕਨਾਲੋਜੀ ਜਾਂ ਨੀਤੀ, ਸਾਂਝੇ ਲੋਕਾਂ ਦੇ ਦੁਖਾਂਤ ਦਾ ਅਸਲ ਜਵਾਬ ਹੈ। ਨੈਤਿਕਤਾ ਨੂੰ ਅਰਥਸ਼ਾਸਤਰ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਇਮਾਨਦਾਰੀ ਨੂੰ ਸ਼ੋਸ਼ਣ ਤੇ ਭ੍ਰਿਸ਼ਟਾਚਾਰ ਨੂੰ ਦੂਰ ਕਰਨਾ ਚਾਹੀਦਾ ਹੈ।

### 6. ਸਿੱਟਾ

'ਸਾਂਝੇ ਸਰੋਤਾਂ, ਆਮ ਲੋਕਾਂ ਦੀ ਤ੍ਰਾਸਦੀ' ਅਤੇ 'ਉਜੜਿਆ ਪਿੰਡ' ਇਹ ਸਿਰਫ਼ ਇਤਿਹਾਸਕ ਪ੍ਰਤੀਬਿੰਬ ਨਹੀਂ ਹਨ, ਸਗੋਂ ਅਸਲੀਅਤ ਵਿੱਚ ਇਹ ਸੱਭਿਅਤਾ ਲਈ ਸਥਾਈ ਚੇਤਾਵਨੀਆਂ ਹਨ। ਇੱਕ ਤਰਕ ਦੀ ਆਵਾਜ਼ ਵਿੱਚ ਬੋਲਦਾ ਹੈ ਅਤੇ ਦੂਜਾ ਕਵਿਤਾ ਦੀ ਆਵਾਜ਼ ਵਿੱਚ, ਪਰ ਦੋਵੇਂ ਇੱਕੋ ਜਿਹੇ ਨੁਕਸਾਨ ਭਾਵ ਮਨੁੱਖੀ ਲਾਲਚ ਅਤੇ ਜੀਵਨ ਦੇ ਕੁਦਰਤੀ, ਨੈਤਿਕ ਤੇ ਭਾਈਚਾਰਕ ਵਿਵਸਥਾ ਵਿਚਕਾਰ ਦੀ ਸੰਬੰਧਿਕ ਕੜੀ ਦੇ ਟੁੱਟਣ ਦਾ ਸੋਗ ਮਨਾਉਂਦੇ ਹਨ। ਜਿਵੇਂ ਕਿ ਜਲਵਾਯੂ ਪਰਿਵਰਤਨ, ਸ਼ਹਿਰੀ ਪਤਨ ਅਤੇ ਸਮਾਜਿਕ ਅਸਮਾਨਤਾ ਦੀਆਂ ਆਧੁਨਿਕ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਉਨ੍ਹਾਂ ਦੇ ਸਬਕ ਮਹੱਤਵਪੂਰਨ ਰਹਿੰਦੇ ਹਨ। ਜਦੋਂ ਤੱਕ ਮਨੁੱਖਤਾ ਜ਼ਿੰਮੇਵਾਰੀ, ਹਮਦਰਦੀ ਅਤੇ ਸੰਜਮ ਨਾਲ ਜੀਣਾ ਨਹੀਂ ਸਿੱਖਦੀ, ਅਸੀਂ ਪੂਰੀ ਧਰਤੀ ਨੂੰ ਇੱਕ ਤ੍ਰਾਸਦੀ ਵਿੱਚ ਬਦਲਣ ਦਾ ਜੋਖਮ ਮੁੱਲ ਲੈ ਰਹੇ ਹਾਂ; ਜਿਵੇਂ ਇੱਕ ਉਜੜਿਆ ਪਿੰਡ ਜਾਇਦਾਦਾਂ ਨਾਲ ਤਾਂ ਭਰਪੂਰ ਹੁੰਦਾ ਹੈ, ਪਰ ਆਤਮਾ ਤੋਂ ਰਹਿਤ ਹੁੰਦਾ ਹੈ।

ਇਹ ਦੋ ਵਰਤਾਰੇ ਯਾਨੀ ਕਵਿਤਾ 'ਦਿ ਡੈਜ਼ਰਟਡ ਵਿਲੇਜ' ਅਤੇ ਲੇਖ 'ਟ੍ਰੈਜੇਡੀ ਆਫ਼ ਦਿ ਕਾਮਨਜ਼' ਪੰਜਾਬ, ਭਾਰਤ ਦੀਆਂ ਦਰਪੇਸ਼ ਮੌਜੂਦਾ ਚੁਣੌਤੀਆਂ ਨੂੰ ਸਮਝਣ ਲਈ ਸ਼ਕਤੀਸ਼ਾਲੀ ਢਾਂਚਾ ਪੇਸ਼ ਕਰਦੇ ਹਨ। ਦੋਵੇਂ ਪੇਂਡੂ ਪਤਨ, ਵਾਤਾਵਰਣ ਸ਼ੋਸ਼ਣ ਅਤੇ ਵਿਅਕਤੀਗਤ ਹਿੱਤਾਂ ਤੇ ਸਾਂਝੇ ਭਲੇ ਵਿਚਕਾਰ ਟਕਰਾਅ ਦੇ ਵਿਸ਼ਿਆਂ ਨੂੰ ਸੰਬੋਧਿਤ ਕਰਦੇ ਹਨ, ਜੋ ਪੰਜਾਬ ਦੇ ਮੌਜੂਦਾ ਸੰਕਟਾਂ ਨਾਲ ਜ਼ੋਰਦਾਰ ਢੰਗ ਨਾਲ ਜੁੜੇ ਹੋਏ ਹਨ। ਕੀ ਇਹ ਮੰਦਭਾਗੇ ਨਤੀਜੇ ਪੰਜਾਬ ਦੀਆਂ ਸਹਿਕਾਰੀ ਸਭਾਵਾਂ ਵੱਲੋਂ ਨੋਬਲ ਪੁਰਸਕਾਰ ਜੇਤੂ (2009) ਐਲਿਨੋਰ ਓਸਟ੍ਰੋਮ ਦੁਆਰਾ ਆਪਣੇ ਕੰਮ ਵਿੱਚ ਦਰਸਾਏ 'ਸਾਂਝੇ ਸਰੋਤਾਂ ਦੀ ਵਰਤੋਂ" ਦੇ 8 ਮੁੱਖ ਸਿਧਾਂਤਾਂ ਦੀ ਦੁਰਵਰਤੋਂ ਕਾਰਨ ਹਨ?

### 7. ਕਵਿਤਾ 'ਦਿ ਡੈਜ਼ਰਟਡ ਵਿਲੇਜ' ਯਾਨੀ 'ਉਜੜਿਆ ਪਿੰਡ' ਦੀ ਪੰਜਾਬ ਨਾਲ ਸਾਰਥਕਤਾ

ਇਹ ਕਵਿਤਾ ਅਮੀਰ ਬਸਤੀਵਾਦੀਆਂ ਅਤੇ ਜ਼ਿਮੀਂਦਾਰਾਂ ਦੇ ਲਾਲਚ ਕਾਰਨ ਪੇਂਡੂ ਆਬਾਦੀ ਘਟਣ ਅਤੇ ਪਤਨ ਦੀ ਨਿੰਦਾ ਕਰਦੀ ਹੈ, ਜੋ ਮੌਜੂਦਾ ਪੰਜਾਬ ਦੇ ਖੇਤੀਬਾੜੀ ਸੰਕਟਾਂ ਨਾਲ ਸਮਾਨੰਤਰ ਮਿਲਦੀ ਹੈ। ਕਵੀ (ਓਲੀਵਰ ਗੋਲਡਸਮਿਥ) ਇੰਗਲੈਂਡ ਵਿੱਚ ਪੇਂਡੂ ਭਾਈਚਾਰੇ ਤੇ ਪੇਂਡੂ ਆਬਾਦੀ ਘਟਣ 'ਤੇ ਦੁੱਖ ਪ੍ਰਗਟ ਕਰਦਾ ਹੈ, ਜਿਸਦੇ ਵਸਨੀਕ ਕੰਮ ਲੱਭਣ ਅਤੇ ਇੱਕ ਬੇਸਹਾਰਾ ਜੀਵਨ ਜੀਉਣ ਲਈ ਮਹਾਂਨਗਰਾਂ ਤੇ ਵਿਦੇਸ਼ਾਂ ਵਿੱਚ ਵਿਸਥਾਪਿਤ ਹੋ ਜਾਂਦੇ ਹਨ। ਆਧੁਨਿਕ ਪੰਜਾਬ ਵਿੱਚ ਪੇਂਡੂ ਤੋਂ ਸ਼ਹਿਰੀ ਪਰਵਾਸ ਅਤੇ ਵਿਦੇਸ਼ਾਂ ਵਿੱਚ ਵੱਡੇ ਪੱਧਰ 'ਤੇ ਪਰਵਾਸ ਵਿੱਚ ਪ੍ਰਤੀਬਿੰਬਤ ਹੁੰਦਾ ਹੈ, ਕਿਉਂਕਿ ਆਰਥਿਕ ਮੁਸ਼ਕਲਾਂ ਤੇ ਖੇਤੀਬਾੜੀ ਅਸਥਿਰਤਾ ਲੋਕਾਂ ਨੂੰ ਬਿਹਤਰ ਮੌਕਿਆਂ ਦੀ ਭਾਲ ਵਿੱਚ ਆਪਣੇ ਜੱਦੀ ਪਿੰਡਾਂ ਤੋਂ ਦੂਰ ਧੱਕਦੀ ਹੈ।

ਮੌਜੂਦਾ ਹਾਲਾਤਾਂ ਨੇ ਭੂਤਕਾਲ ਪੰਜਾਬ, ਜੋ ਇੱਕ ਖੁਸ਼ਹਾਲ, ਸਵੈ-ਨਿਰਭਰ ਕਿਸਾਨ ਭਾਈਚਾਰੇ ਦੀ ਤਸਵੀਰ ਸੀ, ਉਸ ਨੂੰ ਕਰਜ਼ੇ, ਜ਼ਮੀਨੀ ਘਾਟ ਅਤੇ ਰਵਾਇਤੀ ਖੇਤੀਬਾੜੀ ਜੀਵਨ ਸ਼ੈਲੀ ਦੇ ਵਿਨਾਸ਼ ਵਿੱਚ ਬਦਲ ਦਿੱਤਾ ਹੈ। ਇਹ ਕਵਿਤਾ ਆਰਥਿਕ ਤਾਕਤਾਂ, ਜ਼ਮੀਨ ਪ੍ਰਾਪਤੀ ਅਤੇ ਇਕਜੁੱਟਤਾ ਦੀ ਇੱਕ ਸ਼ਕਤੀਸ਼ਾਲੀ ਆਲੋਚਨਾ ਵਜੋਂ ਕੰਮ ਕਰਦੀ ਹੈ, ਜੋ ਗਰੀਬ ਕੰਮ ਕਰਨ ਅਤੇ ਖੇਤੀ ਕਰਨ ਵਾਲੀ ਪੇਂਡੂ ਆਬਾਦੀ ਦੀ ਭਲਾਈ ਨਾਲੋਂ ਵੱਡੇ ਅਮੀਰ ਲੋਕਾਂ ਦੇ ਹਿੱਤਾਂ ਨੂੰ ਤਰਜੀਹ ਦਿੰਦੀ ਹੈ।

ਪੰਜਾਬ ਦੀ ਖੇਤੀਬਾੜੀ ਨੂੰ ਵੀ ਇਸੇ ਤਰ੍ਹਾਂ ਬਾਜ਼ਾਰ-ਸੰਚਾਲਿਤ ਦਬਾਅ ਦੁਆਰਾ ਆਕਾਰ ਦਿੱਤਾ ਗਿਆ ਹੈ, ਜਿਸਨੇ ਛੋਟੇ ਕਿਸਾਨਾਂ ਨੂੰ ਕਿਨਾਰੇ 'ਤੇ ਧੱਕ ਦਿੱਤਾ ਹੈ ਅਤੇ ਵਿਆਪਕ ਕਰਜ਼ਾ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਵੱਲ ਤੋਰ ਦਿੱਤਾ ਹੈ।

### 8. "ਦਿ ਟ੍ਰੈਜੇਡੀ ਆਫ਼ ਦਿ ਕਾਮਨਜ਼" ਲੇਖ ਦੀ ਅੱਜ ਦੇ ਪੰਜਾਬ ਨਾਲ ਸਾਰਥਕਤਾ

ਗੈਰੇਟ ਹਾਰਡਿਨ (1968) ਨੇ ਵਿਲੀਅਮ ਫੋਰਸਟਰ ਲੋਇਡ ਦੇ 1833 ਦੇ ਕੰਮ 'ਤੇ ਬਣੀ 'ਹਰਡਰਜ਼' (ਪਸ਼ੂ ਚਰਾਉਣ ਵਾਲੇ ਲੋਕਾਂ) ਦੀ ਇੱਕ ਸਾਂਝੀ ਚਰਾਗਾਹ ਨੂੰ ਵੱਧ ਚਰਾਉਣ ਕਾਰਨ ਨੁਕਸਾਨ ਦੀ ਉਦਾਹਰਣ ਦੀ ਵਰਤੋਂ ਇਹ ਦਰਸਾਉਣ ਲਈ ਕੀਤੀ ਕਿ ਕਿਵੇਂ ਸਾਂਝੇ, ਅਨਿਯੰਤ੍ਰਿਤ ਸਰੋਤ ਵਿਅਕਤੀਆਂ ਦੁਆਰਾ ਆਪਣੇ ਹਿੱਤ ਵਿੱਚ ਕੰਮ ਕਰਨ ਕਰਕੇ ਅਟੱਲ ਤੌਰ 'ਤੇ ਖਤਮ ਹੋ ਜਾਂਦੇ ਹਨ। ਇਹ ਸੰਕਲਪ ਪੰਜਾਬ ਦੇ ਵਾਤਾਵਰਣ ਸੰਕਟ ਲਈ ਬਹੁਤ ਢੁਕਵਾਂ ਹੈ, ਜਿਸਨੂੰ ਇੱਕ ਟੁੱਟੇ ਹੋਏ 'ਭੋਜਨ-ਪਾਣੀ-ਊਰਜਾ-ਆਰਥਿਕ-ਸਮਾਜਿਕ ਗਠਜੋੜ' ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਪੰਜਾਬ ਭੂਮੀਗਤ ਪਾਣੀ ਦੇ ਘਟਣ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਸਾਂਝਾ ਜਲਘਰ 'ਕਾਮਨਜ਼' ਦੀ ਇੱਕ ਸ਼ਾਨਦਾਰ ਉਦਾਹਰਣ ਹੈ, ਪਰ ਵਿਅਕਤੀਗਤ ਕਿਸਾਨ, ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਕੋਸ਼ਿਸ਼ ਕਰਦੇ ਹੋਏ ਮੁਫਤ ਬਿਜਲੀ ਦੀ ਵਰਤੋਂ ਕਰਦਿਆਂ ਸਿੰਚਾਈ ਲਈ ਪਾਣੀ ਦੀ ਜ਼ਿਆਦਾ ਵਰਤੋਂ ਕਰਦੇ ਹਨ। ਇਹ ਵਿਅਕਤੀਗਤ, ਤਰਕਸ਼ੀਲ ਆਰਥਿਕ ਵਿਹਾਰ, ਜਦੋਂ ਸਮੂਹਿਕ ਤੌਰ 'ਤੇ ਅਭਿਆਸ ਕੀਤਾ ਗਿਆ ਤਾਂ ਭੂਮੀਗਤ ਪਾਣੀ ਦੇ ਟੇਬਲ ਵਿੱਚ ਇੱਕ ਤਰਕਹੀਣ ਵਿਨਾਸ਼ਕਾਰੀ ਗਿਰਾਵਟ ਆਈ ਹੈ, ਜਿਸ ਨਾਲ ਪੂਰੇ ਖੇਤਰ ਦੀ ਖੇਤੀਬਾੜੀ ਦੀ ਲੰਬੇ ਸਮੇਂ ਦੀ ਸਥਿਰਤਾ ਦੇ ਬਚਾਅ ਨੂੰ ਖ਼ਤਰਾ ਪੈਦਾ ਹੋਇਆ ਹੈ।

ਥੋੜ੍ਹੇ ਸਮੇਂ ਵਿੱਚ ਉਪਜ ਵਧਾਉਣ ਲਈ ਵਿਅਕਤੀਆਂ ਦੁਆਰਾ ਕੁਦਰਤੀ ਸਰੋਤਾਂ ਅਤੇ ਰਸਾਇਣਾਂ ਦੀ ਜ਼ਿਆਦਾ ਵਰਤੋਂ ਸਮੂਹਿਕ ਤੌਰ 'ਤੇ ਮਿੱਟੀ ਦੇ ਗੰਭੀਰ ਵਿਗਾੜ ਅਤੇ ਪਾਣੀ ਪ੍ਰਦੂਸ਼ਣ ਦਾ ਕਾਰਨ ਵੀ ਬਣਦੀ ਹੈ, ਜੋ ਕਿ ਸਮੂਹਿਕ ਤੌਰ 'ਤੇ ਭਾਈਚਾਰੇ ਲਈ ਲੰਬੇ ਸਮੇਂ ਦਾ ਨੁਕਸਾਨ ਵੀ ਹੈ। ਫਸਲਾਂ ਦੀ ਰਹਿੰਦ-ਖੂੰਹਦ ਜਾਂ ਝੋਨੇ ਦੀ ਪਰਾਲੀ ਨੂੰ ਸਾੜਨ ਦਾ ਅਭਿਆਸ, ਵਿਅਕਤੀਗਤ ਕਿਸਾਨ ਨੂੰ ਲਾਭ ਪਹੁੰਚਾਉਂਦਾ ਹੈ, ਪਰ ਸੰਚਿਤ ਪ੍ਰਭਾਵ ਪੰਜਾਬ ਅਤੇ ਹੋਰ 5 ਉੱਤਰ-ਪੱਛਮੀ ਰਾਜਾਂ (ਪੱਛਮੀ ਯੂ.ਪੀ., ਰਾਜਸਥਾਨ, ਹਰਿਆਣਾ, ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼) ਦੀ ਹਵਾ ਦੀ ਗੁਣਵੱਤਾ ਅਤੇ ਲੱਖਾਂ ਲੋਕਾਂ ਦੀ ਸਿਹਤ ਨੂੰ ਵਿਗਾੜਦਾ ਹੈ। ਪੰਜਾਬ ਦੇ ਨਾਲ ਭਾਰਤ ਦੇ ਉੱਤਰ-ਪੱਛਮੀ ਪੰਜ ਰਾਜ ਪੀ.ਡੀ.ਐਸ. ਦੁਆਰਾ ਵਰਤੇ ਜਾਣ ਵਾਲੇ ਅਨਾਜ ਦਾ 80% ਉਤਪਾਦਨ ਕਰਦੇ ਹਨ। ਇਕੱਲਾ ਪੰਜਾਬ ਹੀ ਭਾਰਤ ਦੇ 6 ਉੱਤਰ-ਪੱਛਮੀ ਰਾਜਾਂ ਦੇ ਅਨਾਜ ਦਾ 25% ਉਤਪਾਦਨ ਕਰਦਾ ਹੈ। ਪੰਜਾਬ ਵਿੱਚ ਲਗਭਗ 30-32 ਮਿਲੀਅਨ ਟਨ ਅਨਾਜ ਦੇ ਇੰਨੇ ਵੱਡੇ ਉਤਪਾਦਨ ਕਾਰਨ ਇਸਨੂੰ 'ਵਾਤਾਵਰਣ ਲਾਗਤਾਂ ਵਿੱਚ 1.25 ਬਿਲੀਅਨ ਡਾਲਰ' ਅਤੇ 'ਸਿਹਤ ਲਾਗਤਾਂ ਵਿੱਚ 250 ਮਿਲੀਅਨ ਡਾਲਰ' ਦਾ ਸਾਲਾਨਾ ਨੁਕਸਾਨ ਸਹਿਣਾ ਪੈਂਦਾ ਹੈ। ਇਹ ਸਮੱਸਿਆਵਾਂ ਰਾਜ ਦੀਆਂ ਅਣਗੌਲੀਆਂ ਨੀਤੀਆਂ, ਸਬਸਿਡੀ ਵਾਲੇ ਰਸਾਇਣਾਂ ਅਤੇ ਮੁਫਤ ਬਿਜਲੀ ਸਹੂਲਤ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਉਜੜਿਆ ਪਿੰਡ, ਸਾਂਝੇ ਸਰੋਤਾਂ ਤੇ ਆਮ ਲੋਕਾਂ ਦੀ ਤ੍ਰਾਸਦੀ-2

ਵਜੋਂ ਹੋਰ ਵੀ ਵਧ ਜਾਂਦੀਆਂ ਹਨ, ਜੋ ਅਣਜਾਣੇ ਵਿੱਚ ਰਸਾਇਣਾਂ ਤੇ ਪਾਣੀ ਵਰਗੇ ਸਾਂਝੇ ਸਰੋਤਾਂ ਦੀ ਜ਼ਿਆਦਾ ਵਰਤੋਂ ਨੂੰ ਉਤਸ਼ਾਹਿਤ ਕਰਦੀਆਂ ਹਨ ਅਤੇ ਨਿਯਮ ਦੀ ਅਸਫਲਤਾ ਨੂੰ ਵੀ ਉਜਾਗਰ ਕਰਦੀਆਂ ਹਨ, ਜਿਸ ਬਾਰੇ ਵਿਲੀਅਮ ਫੌਰਸਟਰ ਲੋਇਡ ਅਤੇ ਗੈਰੇਟ ਹਾਰਡਿਨ ਨੇ ਕ੍ਰਮਵਾਰ 1833 ਅਤੇ 1968 ਵਿੱਚ ਚੇਤਾਵਨੀ ਦਿੱਤੀ ਸੀ।

### 9. ਦੋਹਾਂ ਥੀਮਾਂ ਦਾ ਸੰਸਲੇਸ਼ਣ

ਗੋਲਡਸਮਿਥ ਦੀ ਕਵਿਤਾ 'ਦਿ ਡੇਜ਼ਰਟੈਡ ਵਿਲੇਜ' ਇੱਕ ਬਦਲਦੇ ਖੇਤੀਬਾੜੀ ਸਮਾਜ ਦੀ ਮਨੁੱਖੀ ਕੀਮਤ 'ਤੇ ਇੱਕ ਸੋਗਮਈ, ਸਮਾਜਿਕ ਟਿੱਪਣੀ ਪੇਸ਼ ਕਰਦੀ ਹੈ, ਜਦੋਂ ਕਿ ਹਾਰਡਿਨ ਦੀ 'ਟ੍ਰੈਜੇਡੀ ਆਫ਼ ਦਿ ਕਾਮਨਜ਼' ਇਹ ਦੱਸਣ ਲਈ ਇੱਕ ਖਾਸ ਆਰਥਿਕ ਅਤੇ ਵਾਤਾਵਰਣ ਸਿਧਾਂਤ ਪ੍ਰਦਾਨ ਕਰਦਾ ਹੈ। ਪੰਜਾਬ ਲਈ ਸਾਰਥਕਤਾ ਕਿਸੇ ਵੀ ਸ਼ੱਕ ਤੋਂ ਪਰੇ ਸਪੱਸ਼ਟ ਹੈ। 'ਟ੍ਰੈਜੇਡੀ ਆਫ਼ ਦਿ ਕਾਮਨਜ਼' ਇਸ ਵਿਧੀ ਦੀ ਵਿਆਖਿਆ ਕਰਦੀ ਹੈ ਕਿ ਪੰਜਾਬ ਦਾ ਵਾਤਾਵਰਣ ਕਿਉਂ ਅਸਫਲ ਹੋ ਰਿਹਾ ਹੈ, ਜ਼ਮੀਨੀ ਪਾਣੀ ਦਾ ਪੱਧਰ ਕਿਉਂ ਡਿੱਗ ਰਿਹਾ ਹੈ ਅਤੇ ਹਵਾ ਦੀ ਗੁਣਵੱਤਾ ਕਿਉਂ ਘਟ ਰਹੀ ਹੈ ਤੇ ਪ੍ਰਦੂਸ਼ਣ ਕਿਉਂ ਵੱਧ ਰਿਹਾ ਹੈ! ਗੋਲਡਸਮਿਥ ਦੀ ਕਵਿਤਾ ਮਨੁੱਖੀ ਨਤੀਜੇ ਨੂੰ ਗ੍ਰਹਿਣ ਕਰਦੀ ਹੋਈ ਵਧ ਰਹੇ ਭਾਈਚਾਰੇ 'ਤੇ ਭਾਵਨਾਤਮਕ ਅਤੇ ਸਮਾਜਿਕ ਨੁਕਸਾਨ ਦਾ ਵੇਰਵਾ ਦਿੰਦੀ ਹੈ, ਜੋ ਹੁਣ ਅਨਿਯੰਤ੍ਰਿਤ ਆਰਥਿਕ ਤਾਕਤਾਂ ਅਤੇ ਅਨਿਯੰਤ੍ਰਿਤ ਪ੍ਰਣਾਲੀਆਂ ਕਾਰਨ ਪੂਰੀ ਤਰ੍ਹਾਂ ਪਤਨ ਵਿੱਚ ਹੈ।

ਇਕੱਠੇ ਮਿਲ ਕੇ ਇਹ ਦੋਵੇਂ ਕਹਾਣੀਆਂ ਆਧੁਨਿਕ ਪੰਜਾਬ ਨੂੰ ਖਤਰੇ ਵਿੱਚ ਪਾਉਣ ਵਾਲੇ ਆਪਸ ਵਿੱਚ ਜੁੜੇ ਸਮਾਜਿਕ ਤੇ ਵਾਤਾਵਰਣ ਸੰਕਟਾਂ ਦੇ ਵਿਸ਼ਲੇਸ਼ਣ ਲਈ ਇੱਕ ਵਿਆਪਕ ਦ੍ਰਿਸ਼ਟੀਕੋਣ ਪ੍ਰਦਾਨ ਕਰਦੀਆਂ ਹਨ।

### 10. ਮਾਲਥਸ ਅਤੇ ਹਾਰਡਿਨ ਦੇ ਸਿਧਾਂਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਸੁਨੇਹਾ ਦਿੰਦੇ ਹਨ?

ਮਾਲਥਸ ਅਤੇ ਹਾਰਡਿਨ ਦੇ ਸਿਧਾਂਤ ਚੇਤਾਵਨੀ ਦਿੰਦੇ ਹਨ ਕਿ ਬੇਰੋਕ ਆਬਾਦੀ ਵਾਧਾ ਸਰੋਤਾਂ ਦੀ ਕਮੀ ਅਤੇ ਵਾਤਾਵਰਣ ਤਬਾਹੀ ਦਾ ਕਾਰਨ ਬਣ ਸਕਦਾ ਹੈ। ਇਹ ਸਿਧਾਂਤ ਭਵਿੱਖ ਦੀਆਂ ਪੀੜ੍ਹੀਆਂ ਨੂੰ 'ਸਾਂਝੇ ਸਰੋਤਾਂ ਤੇ ਆਮ ਲੋਕਾਂ ਦੀ ਤ੍ਰਾਸਦੀ' ਨੂੰ ਰੋਕਣ ਲਈ ਜ਼ਿੰਮੇਵਾਰੀ ਨਾਲ ਸਰੋਤਾਂ ਦਾ ਪ੍ਰਬੰਧਨ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਦਾ ਸੰਦੇਸ਼ ਸਰੋਤਾਂ ਦੀਆਂ ਸੀਮਾਵਾਂ ਨੂੰ ਪਛਾਣਨਾ, ਆਬਾਦੀ ਵਾਧੇ ਦਾ ਪ੍ਰਬੰਧਨ ਕਰਨਾ ਅਤੇ ਇਹ ਸਮਝਣਾ ਹੈ ਕਿ ਵਿਅਕਤੀਗਤ ਸਵੈ-ਹਿੱਤ ਲੰਬੇ ਸਮੇਂ ਦੇ ਸਮੂਹਿਕ ਭਲੇ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਹ ਸੰਦੇਸ਼ ਭੋਜਨ ਸੁਰੱਖਿਆ, ਜਲਵਾਯੂ ਪਰਿਵਰਤਨ ਤੇ ਸਰੋਤ ਸਥਿਰਤਾ ਬਾਰੇ ਬਹਿਸਾਂ ਵਿੱਚ ਪ੍ਰਸੰਗਿਕ ਰਹਿੰਦਾ ਹੈ।

### 11. ਭਾਰਤ ਦੀ ਐਮਰਜੈਂਸੀ, ਮਾਲਥਸ ਦੇ ਸਿਧਾਂਤ, ਹਾਰਡਿਨ ਦੇ ਲੇਖ ਅਤੇ ਸੰਜੇ ਗਾਂਧੀ ਦੀ 'ਜ਼ਬਰਦਸਤੀ ਨਸਬੰਦੀ' ਮੁਹਿੰਮ ਵਿਚਕਾਰ ਸਬੰਧ

ਐਮਰਜੈਂਸੀ (1975-1977) ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ ਜ਼ਬਰਦਸਤੀ ਨਸਬੰਦੀ ਦੁਆਰਾ ਚਿੰਨ੍ਹਿਤ ਇੱਕ ਹਮਲਾਵਰ ਆਬਾਦੀ ਨਿਯੰਤਰਣ ਮੁਹਿੰਮ ਸ਼ੁਰੂ ਕੀਤੀ। ਇਹ ਨੀਤੀ ਘਰੇਲੂ ਦਬਾਅ, ਅੰਤਰਰਾਸ਼ਟਰੀ ਪ੍ਰਭਾਵਾਂ ਅਤੇ ਬੌਧਿਕ ਸਿਧਾਂਤਾਂ ਜਿਵੇਂ ਕਿ ਮਾਲਥਸ ਦੇ ਆਬਾਦੀ ਸਿਧਾਂਤ (1798) ਅਤੇ ਗੈਰੇਟ ਹਾਰਡਿਨ ਦੇ ਲੇਖ 'ਟ੍ਰੈਜੇਡੀ ਆਫ਼ ਦਿ ਕਾਮਨਜ਼' (1968) ਦੇ ਮਿਸ਼ਰਣ ਤੋਂ ਪੈਦਾ ਹੋਈ। ਇਕੱਠੇ ਮਿਲ ਕੇ ਇਨ੍ਹਾਂ ਦੋਹਾਂ ਕਾਰਕਾਂ ਨੇ ਭਾਰਤ ਨੂੰ ਵਿਅਕਤੀਗਤ ਅਧਿਕਾਰਾਂ ਤੋਂ ਉੱਤੇ, ਜਨਸੰਖਿਆ ਨਿਯੰਤਰਣ ਨੂੰ ਤਰਜੀਹ ਦੇਣ ਦੀ ਅਗਵਾਈ ਕੀਤੀ।

ਘਰੇਲੂ ਤੌਰ 'ਤੇ ਭਾਰਤ ਨੂੰ ਵਧਦੀ ਬੇਰੁਜ਼ਗਾਰੀ, ਭੋਜਨ ਦੀ ਕਮੀ ਅਤੇ ਤੇਜ਼ੀ ਨਾਲ ਆਬਾਦੀ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ- 1951 ਵਿੱਚ 361 ਮਿਲੀਅਨ ਦੀ ਆਬਾਦੀ, 1974 ਤੱਕ ਵਧ ਕੇ 620 ਮਿਲੀਅਨ ਹੋ ਗਈ ਸੀ। ਨੇਤਾਵਾਂ ਅਤੇ ਨੌਕਰਸ਼ਾਹਾਂ ਦਾ ਮੰਨਣਾ ਸੀ ਕਿ ਬੇਕਾਬੂ ਆਬਾਦੀ ਵਾਧਾ ਆਰਥਿਕ ਤਰੱਕੀ ਅਤੇ ਆਧੁਨਿਕੀਕਰਨ ਵਿੱਚ ਰੁਕਾਵਟ ਪਾਉਂਦਾ ਹੈ। ਐਮਰਜੈਂਸੀ ਦੌਰਾਨ ਜਦੋਂ ਨਾਗਰਿਕ ਆਜ਼ਾਦੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ, ਸੰਜੇ ਗਾਂਧੀ ਨੇ ਸਾਰੇ ਘਰੇਲੂ ਮੁੱਦਿਆਂ ਦੇ ਤੇਜ਼ ਹੱਲ ਵਜੋਂ ਨਸਬੰਦੀ ਦੀ ਵਕਾਲਤ ਕੀਤੀ। ਲੱਖਾਂ, ਜ਼ਿਆਦਾਤਰ ਗਰੀਬ ਪੇਂਡੂ ਮਰਦਾਂ ਨੂੰ ਪ੍ਰੋਤਸਾਹਨ, ਧਮਕੀਆਂ ਜਾਂ ਗਲਤ ਜਾਣਕਾਰੀ ਦੁਆਰਾ ਜ਼ਬਰਦਸਤੀ ਜਾਂ ਦਬਾਅ ਹੇਠ ਆ ਕੇ ਨਸਬੰਦੀ ਦੀ ਕਾਰਵਾਈ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਇਸ ਨੀਤੀ ਦੀਆਂ ਵਿਚਾਰਧਾਰਕ ਜੜ੍ਹਾਂ ਥਾਮਸ ਮਾਲਥਸ ਦੇ ਸਿਧਾਂਤ (1798) ਵਿੱਚ ਮਿਲਦੀਆਂ ਹਨ, ਜਿਸ ਨੇ ਚੇਤਾਵਨੀ ਦਿੱਤੀ ਸੀ ਕਿ ਆਬਾਦੀ, ਭੋਜਨ ਸਪਲਾਈ ਨਾਲੋਂ ਤੇਜ਼ੀ ਨਾਲ ਵਧਦੀ ਹੈ, ਜੋ ਫਿਰ ਗਰੀਬੀ ਅਤੇ ਸਮਾਜਿਕ ਟੁੱਟ ਦਾ ਕਾਰਨ ਬਣਦੀ ਹੈ। ਆਜ਼ਾਦੀ ਤੋਂ ਬਾਅਦ ਭਾਰਤ ਦੇ ਯੋਜਨਾਕਾਰਾਂ ਨੇ ਆਬਾਦੀ ਵਾਧੇ ਨੂੰ ਵਿਕਾਸ ਵਿੱਚ ਮੁੱਖ ਰੁਕਾਵਟ ਸਮਝਦਿਆਂ ਇਸ ਵਿਚਾਰ ਨੂੰ ਅਪਣਾਇਆ। 1970 ਦੇ ਦਹਾਕੇ ਤੱਕ ਵਾਰ-ਵਾਰ ਸੋਕੇ ਅਤੇ ਮਹਿੰਗਾਈ ਨੇ ਰਾਸ਼ਟਰੀ ਪਤਨ ਦੇ ਮਾਲਥੁਸੀਅਨ ਡਰ ਨੂੰ ਮੁੜ ਸੁਰਜੀਤ ਕੀਤਾ ਅਤੇ ਬਚਾਅ ਲਈ ਜ਼ਰੂਰੀ ਸਖ਼ਤ ਉਪਾਵਾਂ ਨੂੰ ਜਾਇਜ਼ ਠਹਿਰਾਇਆ।

ਗੈਰੇਟ ਹਾਰਡਿਨ ਦਾ ਲੇਖ (1968) 'ਦਿ ਟ੍ਰੈਜੇਡੀ ਆਫ਼ ਦਿ ਕਾਮਨਜ਼' ਵੀ ਓਨਾ ਹੀ ਪ੍ਰਭਾਵਸ਼ਾਲੀ ਸੀ, ਜਿਸ ਵਿੱਚ ਦਲੀਲ ਦਿੱਤੀ ਗਈ ਸੀ ਕਿ ਪ੍ਰਜਨਨ ਦੀ ਆਜ਼ਾਦੀ ਸਾਂਝੇ ਸਰੋਤਾਂ ਨੂੰ ਤਬਾਹ ਕਰ ਦੇਵੇਗੀ। ਹਾਰਡਿਨ ਦੀ ਚੇਤਾਵਨੀ ਕਿ 'ਪ੍ਰਜਨਨ ਦੀ ਆਜ਼ਾਦੀ ਸਾਰਿਆਂ ਲਈ ਤਬਾਹੀ ਲਿਆਏਗੀ' ਵੀ ਨੀਤੀ ਨਿਰਮਾਤਾਵਾਂ ਦੇ ਧਿਆਨ 'ਚ ਗੂੰਜਦੀ ਸੀ, ਜਿਨ੍ਹਾਂ ਨੇ ਆਬਾਦੀ ਵਾਧੇ ਨੂੰ ਵਾਤਾਵਰਣ ਅਤੇ ਆਰਥਿਕ ਤਬਾਹੀ ਨਾਲ ਬਰਾਬਰ ਸੰਬੰਧਿਤ ਕੀਤਾ। ਅਫ਼ਸਰਸ਼ਾਹੀ ਨੇ ਆਬਾਦੀ ਨਿਯੰਤਰਣ ਨੂੰ ਇੱਕ ਸਮੂਹਿਕ ਨੈਤਿਕ ਫਰਜ਼ ਵਜੋਂ ਤਿਆਰ ਕੀਤਾ- ਭਾਵੇਂ ਇਸਦਾ ਮਤਲਬ ਨਿੱਜੀ ਆਜ਼ਾਦੀ ਨੂੰ ਸੀਮਤ ਕਰਨਾ ਸੀ।

ਇਸ ਦੇ ਨਾਲ ਹੀ ਅੰਤਰਰਾਸ਼ਟਰੀ ਦਬਾਅ ਨੇ ਭਾਰਤ ਦੇ ਜ਼ਬਰਦਸਤੀ ਰੁਖ਼ ਨੂੰ ਹੋਰ ਮਜ਼ਬੂਤ ਕੀਤਾ। ਪੱਛਮੀ ਸਰਕਾਰਾਂ (1965 ਵਿੱਚ ਅਮਰੀਕੀ ਰਾਸ਼ਟਰਪਤੀ ਲਿੰਡਨ ਬੀ. ਜੌਨਸਨ), ਵਿਸ਼ਵ ਬੈਂਕ ਅਤੇ ਯੂ.ਐਸ.ਏ.ਆਈ.ਡੀ. ਅਤੇ ਯੂ.ਐਨ.ਐਫ.ਪੀ.ਏ. ਵਰਗੀਆਂ ਸੰਸਥਾਵਾਂ ਨੇ ਵਿਕਾਸ ਸਹਾਇਤਾ ਨੂੰ ਜਨਸੰਖਿਆ/ਆਬਾਦੀ ਘਟਾਉਣ ਦੇ ਟੀਚਿਆਂ ਨਾਲ ਜੋੜਿਆ। ਅੰਤਰਰਾਸ਼ਟਰੀ ਦਬਾਅ ਅਤੇ 'ਘਰ ਵਿੱਚ ਆਬਾਦੀ ਬੰਬ ਧਮਾਕੇ' ਦੇ ਡਰ ਤੋਂ ਪ੍ਰਭਾਵਿਤ ਹੋ ਕੇ, ਭਾਰਤ ਦੇ ਨੇਤਾਵਾਂ ਨੇ ਜ਼ਬਰਦਸਤੀ ਨੂੰ ਕੁਸ਼ਲਤਾ ਸਮਝ ਕੇ ਸਖ਼ਤ ਕਾਰਵਾਈ ਦਾ ਪ੍ਰਦਰਸ਼ਨ ਕਰਕੇ ਪੱਛਮੀ ਦਾਨੀਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ।

ਨਤੀਜੇ ਵਜੋਂ 1975-1977 ਦੇ ਵਿਚਕਾਰ ਅੱਠ ਤੋਂ 12 ਮਿਲੀਅਨ ਲੋਕਾਂ ਦੀ ਨਸਬੰਦੀ ਕੀਤੀ ਗਈ- ਬਹੁਤ ਸਾਰੇ ਲੋਕ (ਪੁਰਸ਼) ਜ਼ਬਰਦਸਤੀ ਦਾ ਸ਼ਿਕਾਰ ਬਣੇ। ਇਸ 'ਤੇ ਪ੍ਰਤੀਕਿਰਿਆ ਬਹੁਤ ਜ਼ਿਆਦਾ ਹੋਈ ਅਤੇ 1977 ਦੀਆਂ ਚੋਣਾਂ ਵਿੱਚ ਸਰਕਾਰ ਨੂੰ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ। ਇੰਦਰਾ ਗਾਂਧੀ ਦੀ ਸੱਤਾ ਗੁਆ ਬੈਠੀ। ਇਹ ਐਪੀਸੋਡ ਇਸ ਗੱਲ ਦੀ ਚੇਤਾਵਨੀ ਬਣਿਆ ਹੋਇਆ ਹੈ ਕਿ ਕਿਵੇਂ ਵਿਗਿਆਨਕ ਸਿਧਾਂਤ ਅਤੇ ਵਿਸ਼ਵਵਿਆਪੀ ਵਿਚਾਰਧਾਰਾਵਾਂ ਜਦੋਂ ਆਲੋਚਨਾਤਮਕ ਤੌਰ 'ਤੇ ਲਾਗੂ ਕੀਤੀਆਂ ਜਾਂਦੀਆਂ ਹਨ, ਤਾਂ ਉਹ ਆਪਣੇ ਵਿਸ਼ੇ ਪ੍ਰਤੀ ਰਾਜ ਦੀ ਹੱਦੋਂ ਵੱਧ ਪਹੁੰਚ ਨੂੰ ਜਾਇਜ਼ ਠਹਿਰਾਅ ਸਕਦੀਆਂ ਹਨ। ਇਹ ਵਰਤਾਰਾ ਗਰੀਬ ਮੁਲਕਾਂ ਦੀ ਅੰਤਰਰਾਸ਼ਟਰੀ ਵਿਕਾਸ ਫੰਡ ਗੁਆਉਣ ਦੇ ਡਰੋਂ, ਅਮੀਰ ਦੇਸ਼ਾਂ ਦੇ ਵਿਰੁੱਧ ਖੜ੍ਹੇ ਹੋਣ ਦੀ ਬੇਵਸੀ ਨੂੰ ਵੀ ਦਰਸਾਉਂਦਾ ਹੈ। ਭਾਰਤ ਦੀ ਐਮਰਜੈਂਸੀ ਨਸਬੰਦੀ ਮੁਹਿੰਮ ਦਰਸਾਉਂਦੀ ਹੈ ਕਿ ਕਿਵੇਂ ਜ਼ਿਆਦਾ ਆਬਾਦੀ, ਵਾਤਾਵਰਣਕ ਗਿਰਾਵਟ ਅਤੇ ਵਿਕਾਸ ਫੰਡ ਗੁਆਉਣ ਦੇ ਡਰ ਤੋਂ ਅਜਿਹੀਆਂ ਨੀਤੀਆਂ ਸਮੂਹਿਕ ਭਲੇ ਲਈ ਮਨੁੱਖੀ ਅਧਿਕਾਰਾਂ ਦੀ ਕੁਰਬਾਨੀ ਦੇ ਕੇ ਵੀ ਅਪਣਾਈਆਂ ਗਈਆਂ ਸਨ।

### 12. ਮਾਲਥਸ ਥਿਊਰੀ, ਹਾਰਡਿਨ ਦੇ ਲੇਖ, ਵਿਸ਼ਵਵਿਆਪੀ ਆਬਾਦੀ ਵਿਕਾਸ ਅਤੇ ਭੋਜਨ ਉਤਪਾਦਨ ਵਿਚਕਾਰ ਸਬੰਧ

ਮਾਲਥਸ ਨੇ 1798 'ਚ ਸਿਧਾਂਤ ਦਿੱਤਾ ਕਿ ਜਿਓਮੈਟ੍ਰਿਕ ਆਬਾਦੀ ਵਾਧਾ (1,2,4,8,…) , ਰੇਖਿਕ ਭੋਜਨ ਉਤਪਾਦਨ (1,2,3,4…) ਤੋਂ ਵਧ ਜਾਵੇਗਾ, ਜਿਸ ਨਾਲ ਭੋਜਨ ਸੰਕਟ ਅਤੇ ਭੁੱਖਮਰੀ ਪੈਦਾ ਹੋਵੇਗੀ। ਇਹ ਕਿਆਮਤ ਦਾ ਸਿਧਾਂਤ ਸਮੇਂ ਦੇ ਬੀਤਣ ਨਾਲ ਗਲਤ ਸਾਬਤ ਹੋਇਆ, ਕਿਉਂਕਿ ਮਾਲਥਸ ਆਪਣੇ ਖੋਜ ਵੇਰੀਏਬਲਾਂ, ਜਿਵੇਂ ਕਿ ਯੁੱਧਾਂ ਅਤੇ ਅਨਾਜ ਸੰਕਟ (ਅਕਾਲ) ਨੂੰ ਸ਼ਾਮਲ ਕਰਨ ਦੇ ਬਾਵਜੂਦ ਜਨਮ ਨਿਯੰਤਰਣ ਦੀ ਘਟੀ ਹੋਈ ਉਪਜਾਊ ਸ਼ਕਤੀ ਦਰ ਅਤੇ ਖੇਤੀਬਾੜੀ ਤੇ ਉਤਪਾਦਨ ਵਿੱਚ ਆਧੁਨਿਕ ਤਕਨੀਕੀ ਤਰੱਕੀ ਵਰਗੇ, ਬਾਅਦ ਦੇ ਦਹਾਕਿਆਂ ਵਿੱਚ ਉਭਰਨ ਵਾਲੇ ਹੋਰ ਮਹੱਤਵਪੂਰਨ ਵੇਰੀਏਬਲਾਂ ਦੀ ਕਲਪਨਾ ਨਹੀਂ ਸੀ ਕਰ ਸਕਿਆ। ਉਦਾਹਰਣ ਵਜੋਂ,

1. 1961 ਤੋਂ 2020 ਤੱਕ ਵਿਸ਼ਵ ਆਬਾਦੀ 2.6 ਗੁਣਾਂ ਵਧੀ, ਜਦੋਂ ਕਿ ਭੋਜਨ ਉਤਪਾਦਨ 3.7 ਗੁਣਾ ਵਧਿਆ।
2. ਇਸ ਦੇ ਨਤੀਜੇ ਵਜੋਂ 1961 ਦੇ ਮੁਕਾਬਲੇ ਪ੍ਰਤੀ ਵਿਅਕਤੀ ਭੋਜਨ ਪ੍ਰਾਪਤ ਦਰ 47% ਵਧ ਗਈ।
3. 1950 ਤੋਂ ਬਾਅਦ ਵਿਸ਼ਵਵਿਆਪੀ ਆਬਾਦੀ-ਉਪਜਾਊ ਸ਼ਕਤੀ ਦਰ ਵਿੱਚ ਕਾਫ਼ੀ ਗਿਰਾਵਟ ਆਈ ਹੈ ਅਤੇ 2050 ਦੇ ਆਸ-ਪਾਸ, ਪ੍ਰਤੀ ਔਰਤ ਦੀ ਬੱਚੇ ਪੈਦਾ ਕਰਨ ਵਾਲੀ ਸ਼ਕਤੀ, ਆਬਾਦੀ ਦੀ ਸਥਿਰਤਾ ਪੂਰਤੀ ਵਾਸਤੇ ਜ਼ਰੂਰੀ ਦਰ 2.1 ਤੋਂ ਵੀ ਹੇਠਾਂ ਆਉਣ ਦਾ ਅਨੁਮਾਨ ਹੈ।
4. ਸੰਖੇਪ ਵਿੱਚ ਪਿਛਲੇ ਕਈ ਦਹਾਕਿਆਂ ਨੇ ਦਿਖਾਇਆ ਹੈ ਕਿ ਭੋਜਨ ਉਤਪਾਦਨ ਪਹਿਲਾਂ ਸੁਝਾਏ ਗਏ 'ਮਾਲਥੁਸੀਅਨ ਸਿਧਾਂਤ' ਦੀ ਉਲੰਘਣਾ ਕਰਦੇ ਹੋਏ ਮਨੁੱਖੀ ਆਬਾਦੀ ਨਾਲੋਂ ਤੇਜ਼ੀ ਨਾਲ ਵਧ ਸਕਦਾ ਹੈ ਅਤੇ ਵਧਿਆ ਵੀ ਹੈ।

ਪਰ ਇਹ ਧਿਆਨ ਦੇਣ ਯੋਗ ਹੈ ਕਿ ਟਿਕਾਊ ਅਭਿਆਸਾਂ ਅਤੇ ਜ਼ਿੰਮੇਵਾਰ ਸਰੋਤਾਂ ਦੀ ਵਰਤੋਂ ਸੰਬੰਧੀ ਚੁਣੌਤੀਆਂ ਹਮੇਸ਼ਾ ਲਈ ਕਾਇਮ ਰਹਿਣਗੀਆਂ; ਕਿਉਂਕਿ ਅਸਥਿਰ ਖੇਤੀਬਾੜੀ ਪ੍ਰਣਾਲੀ ਪ੍ਰਬੰਧਨ ਭਵਿੱਖ 'ਚ ਭੋਜਨ ਉਤਪਾਦਨ ਨੂੰ ਵਿਸ਼ਵਵਿਆਪੀ ਸੰਕਟ ਵੱਲ ਲੈ ਜਾ ਸਕਦਾ ਹੈ ਅਤੇ ਮਾਲਥੁਸੀਅਨ ਟ੍ਰੈਪ ਥਿਊਰੀ ਨੂੰ ਵੀ ਸੁਰਜੀਤ ਕਰ ਸਕਦਾ ਹੈ।

**ਗੈਰੇਟ ਹਾਰਡਿਨ ਦਾ ਲੇਖ ਖਾਸ ਤੌਰ 'ਤੇ ਸਾਂਝੇ ਸਰੋਤਾਂ ਦੀ ਆਮ ਵਰਤੋਂ ਕਰਨ ਤੋਂ ਇਹ ਦਲੀਲ ਦਿੰਦਾ ਹੈ:**

**(ੳ)** ਕਿ ਸਾਂਝੇ ਸਰੋਤ ਵਿਅਕਤੀ ਦੇ ਅਣਚਾਹੇ ਸਵੈ-ਹਿੱਤ ਦੁਆਰਾ ਖਤਮ ਹੋ ਜਾਣਗੇ, ਜਿਸ ਨਾਲ ਆਬਾਦੀ ਨਿਯੰਤਰਣ ਕਰਨਾ ਜ਼ਰੂਰੀ ਹੋ ਜਾਵੇਗਾ।

**(ਅ)** ਜਦੋਂ ਕਿ ਹਾਰਡਿਨ ਸਿਧਾਂਤਾਂ ਨੇ ਇੱਕ ਭਿਆਨਕ ਭਵਿੱਖਬਾਣੀ ਵੀ ਕੀਤੀ ਸੀ, ਪਰ ਖੇਤੀਬਾੜੀ ਵਿੱਚ ਤਕਨੀਕੀ ਤਰੱਕੀ ਨੇ ਹੁਣ ਤੱਕ ਵਿਸ਼ਵਵਿਆਪੀ ਭੋਜਨ ਉਤਪਾਦਨ ਨੂੰ ਆਬਾਦੀ ਨਾਲੋਂ ਤੇਜ਼ੀ ਨਾਲ ਵਧਣ ਦੇ ਯੋਗ ਬਣਾਇਆ ਹੈ ਅਤੇ ਇੱਕ ਵਿਆਪਕ ਮਾਲਥੁਸੀਅਨ ਤਬਾਹੀ ਤੋਂ ਬਚਿਆ ਹੈ।

**(ੲ)** ਹਾਰਡਿਨ ਨੇ ਵਿਵਾਦਪੂਰਨ ਤੌਰ 'ਤੇ ਆਪਣੇ ਸੰਕਲਪ ਨੂੰ ਪਾਲਣ-ਪੋਸ਼ਣ ਤੱਕ ਵਧਾਇਆ ਅਤੇ ਸੁਝਾਅ ਦਿੱਤਾ ਕਿ ਹੱਦੋਂ ਵੱਧ ਬੱਚੇ ਪੈਦਾ ਕਰਨ ਦੀ ਆਜ਼ਾਦੀ, ਵੱਧ ਆਬਾਦੀ ਅਤੇ ਸਾਰਿਆਂ ਲਈ ਸਰੋਤਾਂ ਦੀ ਕਮੀ ਵੱਲ ਲੈ ਜਾਵੇਗੀ।

**(ਸ)** ਹਾਰਡਿਨ ਨੇ ਸਿੱਟਾ ਕੱਢਿਆ ਕਿ ਆਬਾਦੀ ਵਾਧੇ ਨੂੰ ਰੋਕਣ ਲਈ ਸਵੈ-ਇੱਛਤ ਉਪਾਅ ਨਾਕਾਫ਼ੀ ਸਨ ਅਤੇ 'ਆਪਸੀ ਜ਼ਬਰਦਸਤੀ, ਆਪਸੀ ਸਹਿਮਤੀ' ਦੀ ਵਕਾਲਤ ਕੀਤੀ, ਭਾਵ 'ਮਾਲਥੁਸੀਅਨ ਤਬਾਹੀ' ਤੋਂ ਬਚਣ ਲਈ ਆਬਾਦੀ ਨਿਯੰਤਰਣ ਦੇ ਕਾਨੂੰਨ ਨੂੰ ਲਾਗੂ ਕਰਨ ਦੀ ਲੋੜ ਹੈ।

**(ਹ)** ਭਾਰਤੀ ਐਮਰਜੈਂਸੀ ਸਮੇਂ (1975 ਤੋਂ 1977) ਦੌਰਾਨ ਸੰਜੇ ਗਾਂਧੀ ਦਾ ਜ਼ਬਰਦਸਤੀ ਨਸਬੰਦੀ ਹਾਰਡਿਨ ਦੇ ਵਿਚਾਰ ਅਤੇ ਸੰਕਲਪ ਨਾਲ ਸਹਿਮਤ ਜਾਪਦਾ ਸੀ। ਇਹ ਸੰਯੁਕਤ ਰਾਸ਼ਟਰ ਦੁਆਰਾ ਦਿੱਤੇ ਗਏ ਪ੍ਰਜਨਨ ਦੇ ਵਿਅਕਤੀਗਤ ਅਧਿਕਾਰਾਂ ਦੀ ਉਲੰਘਣਾ ਸੀ।

**(ਕ)** ਪਾਲਣ-ਪੋਸ਼ਣ ਬਾਰੇ ਹਾਰਡਿਨ ਦੇ ਵਿਚਾਰ ਅਤੇ ਸੰਕਲਪ ਨੂੰ ਰੱਦ ਕਰ ਦਿੱਤਾ ਗਿਆ ਅਤੇ 'ਨਸਲਵਾਦੀ ਅਤੇ ਪੱਖਪਾਤੀ' ਮੰਨਿਆ ਗਿਆ, ਖਾਸ ਕਰਕੇ ਗਰੀਬਾਂ ਤੇ ਸਮਾਜਿਕ ਭਲਾਈ ਸਹਾਇਤਾ 'ਤੇ ਨਿਰਭਰ ਲੋਕਾਂ ਲਈ।

**(ਖ)** ਹਾਰਡਿਨ ਦਾ ਇਹ ਤਰਕ ਕਿ ਜੇਕਰ ਸਾਂਝੇ ਸਰੋਤਾਂ ਦੀ ਜ਼ਿਆਦਾ ਵਰਤੋਂ ਕੀਤੀ ਜਾਵੇਗੀ, ਜੇਕਰ ਸਭ ਵਿਅਕਤੀ ਬਿਨਾ ਕਿਸੇ ਸੀਮਾ ਦੇ ਆਪਣੇ ਥੋੜ੍ਹੇ ਸਮੇਂ ਦੇ ਹਿੱਤ ਪੂਰਤੀ ਵਿੱਚ ਕੰਮ ਕਰਨਗੇ, ਫਿਰ ਇਹ ਦਲੀਲ ਇੱਕ ਚੇਤਾਵਨੀ ਵਜੋਂ ਕੰਮ ਕਰੇਗੀ ਅਤੇ ਅਸੰਤੁਲਿਤ ਤੇ ਅਸਥਿਰ ਵਿਸ਼ਵਵਿਆਪੀ ਪ੍ਰਣਾਲੀਆਂ ਭਵਿੱਖ ਵਿੱਚ 'ਮਾਲਥੁਸੀਅਨ ਸੰਕਟ' ਨੂੰ ਸੱਦਾ ਦੇ ਸਕਦੀਆਂ ਹਨ।

**(ਸਮਾਪਤ)**

# ਥਾਮਸ ਰਾਬਰਟ ਮਾਲਥਸ ਅਤੇ ਮਾਲਥੁਸੀਅਨ ਥਿਊਰੀ

ਥਾਮਸ ਰਾਬਰਟ ਮਾਲਥਸ (1766-1834) ਇੱਕ ਬ੍ਰਿਟਿਸ਼ ਅਰਥਸ਼ਾਸਤਰੀ ਅਤੇ ਜਨਸੰਖਿਆ ਵਿਗਿਆਨੀ ਸੀ। ਉਹ ਧਰਤੀ ਦੀਆਂ ਸੀਮਾਵਾਂ ਅਤੇ ਆਬਾਦੀ ਵਾਧੇ ਦੇ ਖ਼ਤਰਿਆਂ ਨੂੰ ਜਨਤਕ ਤੌਰ 'ਤੇ ਸੰਬੋਧਨ ਕਰਨ ਵਾਲੇ ਪਹਿਲੇ ਵਿਅਕਤੀ ਸਨ। 'ਉਦਯੋਗਿਕ ਕ੍ਰਾਂਤੀ' ਦੌਰਾਨ ਜਦੋਂ ਬ੍ਰਿਟੇਨ ਵਿੱਚ ਆਬਾਦੀ ਵਧਦੀ ਰਹੀ ਸੀ, ਮਾਲਥਸ ਨੇ ਸਿਧਾਂਤ ਦਿੱਤਾ ਕਿ ਆਬਾਦੀ ਜਿਓਮੈਟ੍ਰਿਕ ਤੌਰ 'ਤੇ ਵਧੇਗੀ, ਜਦੋਂ ਕਿ ਭੋਜਨ ਉਤਪਾਦਨ ਸਿਰਫ਼ ਗਣਿਤ ਦੇ ਅਨੁਸਾਰ ਵਧੇਗਾ। ਨਤੀਜੇ ਵਜੋਂ ਜ਼ਿਆਦਾ ਆਬਾਦੀ ਗਰੀਬੀ, ਵਾਤਾਵਰਣ ਦਾ ਪਤਨ, ਜੀਵਨ ਦੀ ਗੁਣਵੱਤਾ ਵਿੱਚ ਗਿਰਾਵਟ, ਅਕਾਲ, ਮਹਾਂਮਾਰੀ ਅਤੇ ਇੱਥੋਂ ਤੱਕ ਕਿ ਇਨਕਲਾਬ ਵੀ ਲਿਆ ਸਕਦੀ ਹੈ, ਇਸ ਲਈ ਵਧਦੀ ਆਬਾਦੀ ਨੂੰ ਰੋਕਿਆ ਜਾਣਾ ਚਾਹੀਦਾ ਹੈ। ਮਾਲਥਸ ਦਾ ਸਿਧਾਂਤ ਅੰਤ ਵਿੱਚ ਕੁਝ ਕਾਰਨਾਂ ਕਰਕੇ ਗਲਤ ਰਿਹਾ ਸੀ: ਪਹਿਲਾ, ਭੋਜਨ ਉਤਪਾਦਨ ਵਿੱਚ ਲਗਾਤਾਰ ਵਾਧਾ ਹੋਇਆ; ਦੂਜਾ, ਆਬਾਦੀ ਉਸੇ ਦਰ ਨਾਲ ਨਹੀਂ ਵਧੀ ਅਤੇ ਤੀਜਾ, ਮਾਲਥਸ ਤਕਨਾਲੋਜੀ ਵਿੱਚ ਤਰੱਕੀ ਤੇ ਖੇਤੀਬਾੜੀ ਦੇ ਵਿਕਾਸ ਦੀ ਭਵਿੱਖਬਾਣੀ ਨਹੀਂ ਸੀ ਕਰ ਸਕਿਆ।

ਜਦੋਂ 1845-1849 ਵਿੱਚ 'ਆਇਰਿਸ਼ ਆਲੂ ਅਕਾਲ' ਫੈਲਿਆ, ਤਾਂ ਬ੍ਰਿਟਿਸ਼ ਨੇ ਆਇਰਿਸ਼ ਲੋਕਾਂ ਦੀ ਮਦਦ ਨਾ ਕਰਨ ਅਤੇ ਉਨ੍ਹਾਂ ਨੂੰ ਕਿਸੇ ਵੀ ਬਾਹਰੀ ਸਰੋਤ ਤੋਂ ਇਨਕਾਰ ਕਰਨ ਦੇ ਕਾਰਨ ਵਜੋਂ ਮਾਲਥੁਸੀਅਨ ਸਿਧਾਂਤ ਦੀ ਵਰਤੋਂ ਕੀਤੀ। ਨਤੀਜੇ ਵਜੋਂ, ਲੱਖਾਂ ਲੋਕ ਮਾਰੇ ਗਏ ਜਾਂ ਪਰਵਾਸ ਕਰਨ ਲਈ ਮਜਬੂਰ ਹੋਏ। ਬ੍ਰਿਟਿਸ਼ ਨੇ ਆਇਰਿਸ਼ ਲੋਕਾਂ ਨੂੰ ਫੈਮਿਲੀ ਪਲਾਨਿੰਗ ਵਿੱਚ ਹੋਰ 'ਪਰਹੇਜ਼' ਕਰਨ ਲਈ ਵੀ ਕਿਹਾ, ਕਿਉਂਕਿ ਅਕਾਲ ਤੋਂ ਪਹਿਲਾਂ ਆਬਾਦੀ ਤੇਜ਼ੀ ਨਾਲ ਵਧ ਰਹੀ ਸੀ।

ਹਾਲਾਂਕਿ ਮਾਲਥੁਸੀਅਨ ਦੁਆਰਾ ਕੀਤੀ ਗਈ ਡਰਾਵਣੀ ਭਵਿੱਖਬਾਣੀ ਸੱਚ ਨਹੀਂ ਹੋਈ, ਪਰ ਉਸਦੇ ਸਿਧਾਂਤ ਦੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵ ਹਨ ਅਤੇ ਮਾਲਥਸ ਨੇ ਉਨ੍ਹਾਂ ਮੁੱਦਿਆਂ ਨੂੰ ਉਭਾਰਿਆ ਹੈ, ਜਿਨ੍ਹਾਂ ਨਾਲ ਅਸੀਂ ਅੱਜ ਵੀ ਨਜਿੱਠ ਰਹੇ ਹਾਂ। 20ਵੀਂ ਸਦੀ ਵਿੱਚ ਜਦੋਂ ਵਿਕਾਸਸ਼ੀਲ ਸੰਸਾਰ (ਲਾਤੀਨੀ ਅਮਰੀਕਾ, ਅਫਰੀਕਾ ਅਤੇ ਏਸ਼ੀਆ) ਵਿੱਚ ਆਬਾਦੀ ਵਧ ਰਹੀ ਸੀ, ਅਤੇ ਮਾਲਥਸ ਸਿਧਾਂਤ ਦੁਬਾਰਾ ਪ੍ਰਸੰਗਿਕ ਹੋ ਗਿਆ। ਲੋਕਾਂ ਨੂੰ ਡਰ ਸੀ ਕਿ ਆਬਾਦੀ ਦੇ ਇੰਨੀ ਤੇਜ਼ੀ ਨਾਲ ਵਧਣ ਕਾਰਨ ਦੁਨੀਆ ਦੇ ਸਰੋਤ ਘੱਟ ਜਾਣਗੇ। ਇਨ੍ਹਾਂ ਲੋਕਾਂ ਨੂੰ 'ਨਵ-ਮਾਲਥੁਸੀਅਨ' ਕਿਹਾ ਜਾਂਦਾ ਸੀ, ਜੋ ਦੁਨੀਆ ਦੇ ਸੀਮਤ ਸਰੋਤਾਂ ਨੂੰ ਖਤਮ ਨਾ ਕਰਨ ਲਈ ਆਬਾਦੀ ਦੇ ਸਖ਼ਤ ਨਿਯੰਤਰਣ ਦੀ ਵਕਾਲਤ ਕਰਦੇ ਸਨ। ਕੁਝ ਦੇਸ਼ਾਂ ਦੀਆਂ ਉਦਾਹਰਣਾਂ ਜੋ ਨਵ-ਮਾਲਥੁਸੀਅਨ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹੋਏ ਹਨ, ਵਿੱਚ ਸੰਯੁਕਤ ਰਾਜ ਅਮਰੀਕਾ,



ਯੂਨਾਈਟਿਡ ਕਿੰਗਡਮ ਅਤੇ ਭਾਰਤ ਸ਼ਾਮਲ ਹਨ। ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਦੇ ਦੋ ਜੀਵ ਵਿਗਿਆਨੀਆਂ-ਪਾਲ ਏਹਰਲਿਚ ਅਤੇ ਸਟੂਅਰਟ ਬ੍ਰਾਂਡ ਨੇ ਗਰਭ ਨਿਰੋਧਕਾਂ ਦੀ ਵਿਆਪਕ ਵਰਤੋਂ ਅਤੇ ਪਰਿਵਾਰਾਂ ਲਈ ਸਿਰਫ਼ ਦੋ ਬੱਚੇ ਪੈਦਾ ਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇੰਡੀਆ ਵਿੱਚ ਸੰਜੇ ਗਾਂਧੀ ਨੇ 1975 ਐਮਰਜੈਂਸੀ 'ਚ ਜ਼ਬਰਦਸਤੀ ਨਸਬੰਦੀ ਲਾਗੂ ਕੀਤੀ।

ਮਾਲਥੁਸੀਅਨ ਥਿਊਰੀ ਦੇ ਵਿਰੋਧ ਵਿੱਚ "ਕਾਰਨੂਕੋਪੀਅਨ ਥਿਊਰੀ" (20ਵੀਂ ਸਦੀ ਦੇ ਮੱਧ) ਨੇ ਕਿਹਾ ਸੀ ਕਿ "ਜਿਵੇਂ-ਜਿਵੇਂ ਆਬਾਦੀ ਵਧਦੀ ਹੈ, ਖੇਤੀਬਾੜੀ ਉਤਪਾਦਨ ਵੀ ਵਧਦਾ ਹੈ।" ਇਹ ਜਿੰਨਾ ਸੌਖਾ ਲੱਗਦਾ ਹੈ, ਇਹ ਹੁਣ ਤੱਕ ਸਹੀ ਰਿਹਾ ਹੈ। ਅੱਜ ਦੇ ਸਮੇਂ ਵਿੱਚ 500 ਸਾਲ ਪਹਿਲਾਂ ਦੇ ਮੁਕਾਬਲੇ ਭੁੱਖਮਰੀ ਨਾਲ ਘੱਟ ਲੋਕ ਮਰਦੇ ਹਨ।

**ਕਾਰਨੂਕੋਪੀਅਨ ਥਿਊਰੀ ਦੇ ਪ੍ਰਭਾਵ:** ਵਧੀ ਹੋਈ ਆਰਥਿਕ ਵਿਕਾਸ ਦਰ, ਜੀਵਨ ਦੀ ਗੁਣਵੱਤਾ ਵਿੱਚ ਸੁਧਾਰ, ਵਧੀ ਹੋਈ ਨਵੀਨਤਾ, ਵਾਤਾਵਰਣ ਸੰਭਾਲ ਅਤੇ ਵਧੇਰੇ ਸਮਾਜਿਕ ਤੇ ਆਰਥਿਕ ਸਮਾਨਤਾ। ਕਾਰਨੂਕੋਪੀਅਨ ਸਿਧਾਂਤ ਨੂੰ ਵੀ ਨਵ-ਮਾਲਥੁਸੀਅਨ ਲੋਕਾਂ ਦੁਆਰਾ ਚੁਣੌਤੀ ਦਿੱਤੀ ਗਈ ਹੈ, ਜੋ ਮੰਨਦੇ ਹਨ ਕਿ ਗ੍ਰਹਿ ਸਰੋਤਾਂ ਦੀਆਂ ਸੀਮਾਵਾਂ ਹਨ ਅਤੇ ਸਰੋਤਾਂ ਦੀ ਖਪਤ ਤੇ ਆਬਾਦੀ ਵਾਧੇ ਨੂੰ ਇੱਕ ਟਿਕਾਊ ਤਰੀਕੇ ਨਾਲ ਪ੍ਰਬੰਧਿਤ ਕੀਤਾ ਜਾਣਾ ਚਾਹੀਦਾ ਹੈ। ਇੱਕ ਡੈਨਿਸ਼ ਅਰਥਸ਼ਾਸਤਰੀ 'ਐਸਟਰ ਬੋਸਰਪ' ਦਾ ਮੰਨਣਾ ਸੀ ਕਿ ਵਧੇਰੇ ਲੋਕਾਂ ਦੇ ਨਾਲ, ਸਾਡੇ ਕੋਲ ਵਧੇਰੇ ਸਮੱਸਿਆ ਹੱਲ ਕਰਨ ਵਾਲੇ ਲੋਕ ਅਤੇ ਬਿਹਤਰ ਨਵੀਨਤਾਵਾਂ ਹੋਣਗੀਆਂ। ਅੱਜ ਦੇ ਜਲਵਾਯੂ-ਪਰਿਵਰਤਨ ਅਤੇ ਘੱਟ ਸਰੋਤ ਉਪਲਬਧ ਹੋਣ ਦੇ ਦੋਹਰੇ ਖਤਰੇ ਵਿਚਾਲੇ, ਸਾਨੂੰ ਉਮੀਦ ਹੈ ਕਿ ਕਾਰਨੂਕੋਪੀਅਨ ਸਿਧਾਂਤ ਸਹੀ ਸਿੱਧ ਹੋਵੇਗਾ ਅਤੇ ਮਾਲਥੁਸੀਅਨ ਸਿਧਾਂਤ ਗਲਤ।

ਅੱਜ ਦੇ ਅਮਰੀਕੀ ਨੀਤੀ-ਨਿਰਮਾਣ ਵਿੱਚ ਮਾਲਥੁਸੀਅਨ ਸਿਧਾਂਤ ਅਤੇ ਗੈਰੇਟ ਹਾਰਡਿਨ ਦਾ 'ਸਾਂਝੇ ਸਰੋਤਾਂ ਦੀ ਆਮ ਤ੍ਰਾਸਦੀ' ਖਾਸ ਕਰ ਕੇ ਵਾਤਾਵਰਣ ਸਰੋਤ ਪ੍ਰਬੰਧਨ ਵਿੱਚ ਇੱਕ ਬਹੁਤ ਪ੍ਰਭਾਵਸ਼ਾਲੀ ਸੰਕਲਪ ਬਣਿਆ ਹੋਇਆ ਹੈ। ਇਸਦੇ ਉਲਟ, ਮਾਲਥੁਸੀਅਨ ਆਬਾਦੀ ਸਿਧਾਂਤ ਨੂੰ ਅਰਥਸ਼ਾਸਤਰ ਵਿੱਚ ਵੱਡੇ ਪੱਧਰ 'ਤੇ ਨਕਾਰਿਆ ਗਿਆ ਹੈ ਅਤੇ ਇਹ 2025 ਵਿੱਚ ਮੁੱਖ ਧਾਰਾ ਅਮਰੀਕੀ ਨੀਤੀ-ਨਿਰਮਾਣ ਦਾ ਸਿੱਧਾ ਚਾਲਕ ਨਹੀਂ ਹੈ, ਹਾਲਾਂਕਿ ਸਰੋਤਾਂ ਦੀ ਘਾਟ ਸੰਬੰਧੀ ਇਸਦੀਆਂ ਕੁਝ ਮੁੱਖ ਚਿੰਤਾਵਾਂ ਸਬੰਧਤ ਵਾਤਾਵਰਣ ਚਰਚਾਵਾਂ ਵਿੱਚ ਕਾਇਮ ਹਨ।

ਮਾਲਥੁਸੀਅਨ ਸੋਚ ਨੇ ਇਤਿਹਾਸਕ ਤੌਰ 'ਤੇ ਕੁਝ ਅਮਰੀਕੀ ਸਮਾਜਿਕ ਅਤੇ ਭਲਾਈ ਨੀਤੀਆਂ ਨੂੰ ਪ੍ਰਭਾਵਿਤ ਕੀਤਾ ਹੈ, ਖਾਸ ਤੌਰ 'ਤੇ ਉਹ ਜੋ ਇਸ ਵਿਸ਼ਵਾਸ 'ਤੇ ਆਧਾਰਤ ਹਨ ਕਿ ਗਰੀਬਾਂ ਨੂੰ ਸਹਾਇਤਾ 'ਜ਼ਿਆਦਾ ਪ੍ਰਜਨਨ' ਨੂੰ ਉਤਸ਼ਾਹਿਤ ਕਰੇਗੀ ਅਤੇ ਗਰੀਬੀ ਨੂੰ ਵਧਾਏਗੀ। ਇਹ ਦ੍ਰਿਸ਼ਟੀਕੋਣ ਭਾਵੇਂ ਇਤਿਹਾਸਕ ਬਹਿਸਾਂ ਵਿੱਚ ਮੌਜੂਦ ਹੈ, ਵਿਵਾਦਪੂਰਨ ਹੈ ਅਤੇ ਮੌਜੂਦਾ ਗਰੀਬੀ ਘਟਾਉਣ ਦੀਆਂ ਰਣਨੀਤੀਆਂ ਦਾ ਇਕਲੌਤਾ ਆਧਾਰ ਨਹੀਂ ਹੈ।

# ਦਸਮ ਪਾਤਸ਼ਾਹ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਮਹੀਨਾ ਦਸੰਬਰ

ਡਾ. ਰਣਜੀਤ ਸਿੰਘ


ਖਾਲਸਾ ਪੰਥ ਦੇ ਸਿਰਜਕ ਅਤੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਨੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੇ ਸਿੰਘਾਂ ਨੂੰ ਹੀ ਸਿਰ ਤਲੀ 'ਤੇ ਰੱਖਣ ਲਈ ਨਹੀਂ ਆਖਿਆ, ਸਗੋਂ ਆਪਣੇ ਸਾਰੇ ਪਰਿਵਾਰ ਦੀ ਵੀ ਕੁਰਬਾਨੀ ਦਿੱਤੀ। ਸੰਸਾਰ ਵਿੱਚ ਕੋਈ ਹੋਰ ਪੀਰ ਪੈਗੰਬਰ ਨਹੀਂ ਹੋਇਆ, ਜਿਸ ਨੇ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦੀ ਦੇਣ ਲਈ ਤੋਰਿਆ ਹੋਵੇ। ਗੁਰੂ ਗੋਬਿੰਦ ਸਿੰਘ ਜੀ ਸਿਰਫ ਨੌਂ ਸਾਲ ਦੇ ਸਨ, ਜਦੋਂ ਉਨ੍ਹਾਂ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦੀ ਦੇਣ ਲਈ ਤੋਰ ਦਿੱਤਾ। ਉਦੋਂ ਦੇਸ਼ ਵਿੱਚ ਔਰੰਗਜ਼ੇਬ ਦਾ ਰਾਜ ਸੀ। ਉਹ ਧੱਕੇ ਨਾਲ ਗੈਰ-ਮੁਸਲਮਾਨਾਂ ਨੂੰ ਮੁਸਲਮਾਨ ਬਣਾ ਰਿਹਾ ਸੀ। ਕਸ਼ਮੀਰ ਦੇ ਪੰਡਿਤਾਂ ਨੂੰ ਵੀ ਧਰਮ ਤਬਦੀਲ ਕਰਨ ਦਾ ਹੁਕਮ ਸੁਣਾਇਆ ਗਿਆ। ਕਿਸੇ ਹਿੰਦੂ ਰਾਜੇ-ਮਹਾਰਾਜੇ ਨੇ ਪੰਡਿਤਾਂ ਦੀ ਬਾਂਹ ਨਾ ਫੜੀ। ਅਖੀਰ ਉਹ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਆਏ। ਬਾਲ ਗੋਬਿੰਦ ਰਾਏ ਨੇ ਪੁੱਛਿਆ, 'ਪਿਤਾ ਜੀ ਇਸ ਜ਼ੁਲਮ ਨੂੰ ਠੱਲ੍ਹ ਕਿਵੇਂ ਪਾਈ ਜਾ ਸਕਦੀ ਹੈ?' ਪਿਤਾ ਜੀ ਦਾ ਉਤਰ ਸੀ ਕਿ ਕਿਸੇ ਮਹਾਪੁਰਖ ਦੇ ਕੁਰਬਾਨੀ ਦੇਣ ਨਾਲ ਹੀ ਇਸ ਜ਼ੁਲਮ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਬਾਲ ਗੋਬਿੰਦ ਰਾਏ ਨੇ ਆਖਿਆ, 'ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਪੁਰਖ ਕੌਣ ਹੋ ਸਕਦਾ ਹੈ।' ਆਪਣੇ ਪੁੱਤਰ ਦੇ ਸ਼ਬਦ ਸੁਣ ਕੇ ਗੁਰੂ ਜੀ ਨਿਹਾਲ ਹੋ ਗਏ। ਉਨ੍ਹਾਂ ਪੰਡਿਤਾਂ ਨੂੰ ਆਖਿਆ, 'ਜਾ ਕੇ ਬਾਦਸ਼ਾਹ ਨੂੰ ਆਖ ਦਿਓ ਕਿ ਜੇ ਸਾਡਾ ਗੁਰੂ ਇਸਲਾਮ ਕਬੂਲ ਕਰ ਲਵੇ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ।'

ਨੌਵੇਂ ਗੁਰੂ ਨੇ ਆਪਣੀ ਮਰਜ਼ੀ ਨਾਲ ਸ਼ਹਾਦਤ ਦੇਣ ਲਈ ਦਿੱਲੀ ਵੱਲ ਚਾਲੇ ਪਾਏ। ਇਹ ਸ਼ਹਾਦਤ ਉਨ੍ਹਾਂ ਆਪਣੀ ਮਰਜ਼ੀ ਨਾਲ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ। ਇਹ ਅਦੁੱਤੀ ਸ਼ਹਾਦਤ ਸੀ, ਕਿਉਂਕਿ ਸੰਸਾਰ ਵਿੱਚ ਬਹੁਤੀਆਂ ਸ਼ਹਾਦਤਾਂ ਮੌਕੇ ਦੇ ਹਾਕਮਾਂ ਵੱਲੋਂ ਆਪਣੇ ਵਿਰੋਧੀਆਂ ਨੂੰ ਸਜ਼ਾ ਦੇ ਰੂਪ ਵਿੱਚ ਦਿੱਤੀ ਗਈਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਵਾਲੇ ਦਿਨ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭਰੇ ਦੀਵਾਨ ਵਿੱਚ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਇੱਕ ਸਿਰ ਦੀ ਮੰਗ ਕੀਤੀ। ਇੰਝ ਉਨ੍ਹਾਂ ਪੰਜ ਜਿਊਂਦੇ ਸ਼ਹੀਦਾਂ ਦੀ ਚੋਣ ਕੀਤੀ, ਜਿਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਨਾਲ ਸਿੰਘ ਸਜਾ ਕੇ ਪੰਜ ਪਿਆਰਿਆਂ ਦਾ ਨਾਮ ਦਿੱਤਾ। ਗੁਰੂ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਆਪਣੇ ਆਪ ਨੂੰ ਉਸੇ ਪੰਗਤੀ ਵਿੱਚ ਖੜ੍ਹਾ ਕਰ ਦਿੱਤਾ। ਗੁਰੂ ਸਾਹਿਬ ਨੇ ਸਮਾਜ 'ਚੋ ਉਚ-ਨੀਚ ਤੇ ਜਾਤ-ਪਾਤ ਦੇ ਫ਼ਰਕ ਨੂੰ ਮੇਟ ਸਭਨਾਂ ਨੂੰ ਬਰਾਬਰੀ ਬਖ਼ਸ਼ੀ। ਗੁਰੂ ਦਾ ਸਿੰਘ ਕੇਵਲ ਆਪਣੇ ਹੱਕਾਂ ਦੀ ਰਾਖੀ ਨਹੀਂ ਕਰਦਾ, ਸਗੋਂ ਮਜ਼ਲੂਮਾਂ ਦੇ ਹੱਕਾਂ ਦੀ ਰਾਖੀ ਵੀ ਕਰਦਾ ਹੈ। ਉਹ ਕਿਰਤ ਕਰਦਾ ਹੈ, ਵੰਡ ਛਕਦਾ ਹੈ ਤੇ ਨਾਮ ਜਪਦਾ ਹੈ। ਉਹ ਮਿੱਠ ਬੋਲੜਾ ਹੈ ਤੇ ਉੱਚੇ ਆਚਰਣ ਵਾਲਾ ਹੈ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫੌਜਾਂ ਨਾਲ ਦਸਮੇਸ਼ ਦੇ ਗੜ੍ਹ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫੌਜਾਂ ਨੇ 1701 ਤੋਂ 1704 ਦੇ ਵਿਚਕਾਰ ਆਨੰਦਪੁਰ ਸਾਹਿਬ 'ਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿੱਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫੌਜ ਨਾਲ ਸ਼ਾਹੀ ਫੌਜਾਂ ਨੇ ਆਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫੌਜਾਂ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਲੜਾਈ ਬੰਦ ਕਰਕੇ ਆਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ।

ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਸਾਹਿਬ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁੱਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ 'ਤੇ ਹਮਲਾ ਬੋਲ ਦਿੱਤਾ। ਅੱਗੇ ਸਿਰਸਾ ਨਦੀ ਹੜ੍ਹ ਆਇਆ ਹੋਇਆ ਸੀ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ- ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ 'ਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇੱਥੋਂ ਚੱਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨ੍ਹਾਂ ਨਾਲ ਸਿਰਫ 40 ਸਿੰਘ ਹੀ ਰਹਿ ਗਏ ਸਨ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇੱਥੇ ਗੁਰੂ ਜੀ ਨੇ ਇੱਕ ਵੱਡੀ ਹਵੇਲੀ ਵਿੱਚ ਟਿਕਾਣਾ ਕੀਤਾ, ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫੌਜਾਂ ਪਿੱਛਾ ਕਰਦੀਆਂ ਇੱਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡਟ ਕੇ ਮੁਕਾਬਲਾ ਕੀਤਾ, ਪਰ



■ਚਿੱਤਰ ਦੀ ਜ਼ੁਬਾਨੀ: ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦਾ ਪਰਿਵਾਰ ਤੇ ਸਿੰਘ ਸਰਸਾ ਨਦੀ ਦੇ ਕਿਨਾਰੇ 'ਤੇ...

ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ-ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜਥੇ ਬਣਾਏ ਗਏ, ਜਿਨ੍ਹਾਂ ਗੜ੍ਹੀ 'ਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜਥਿਆਂ ਦੇ ਸਰਦਾਰ- ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ 15 ਸਾਲ ਸੀ। ਸਿੰਘਾਂ ਦਾ ਜਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਉਨ੍ਹਾਂ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿੱਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੱਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਰਾਤ ਨੂੰ ਖਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਗਏ। ਗੁਰੂ ਜੀ ਦਾ ਘੋੜਾ ਇੱਕ ਥਾਂ ਆ ਕੇ ਰੁਕ ਗਿਆ ਤੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਆਖਿਆ ਕਿ ਵੇਖੋ ਘੋੜਾ ਕਿਉਂ ਰੁਕਿਆ ਹੈ? ਦਇਆ ਸਿੰਘ ਨੇ ਦੱਸਿਆ ਕਿ ਸਾਹਿਬਜ਼ਾਦੇ ਦਾ ਸਰੀਰ ਪਿਆ ਹੈ ਤੇ ਘੋੜਾ ਉਨ੍ਹਾਂ ਦੇ ਪੈਰ ਚੁੰਮ ਰਿਹਾ ਹੈ। ਭਾਈ ਦਇਆ ਸਿੰਘ ਆਪਣਾ ਕਮਰਕੱਸਾ ਖੋਲ੍ਹ ਸਾਹਿਬਜ਼ਾਦੇ 'ਤੇ ਪਾਉਣ ਲੱਗੇ ਤਾਂ ਗੁਰੂ ਜੀ ਨੇ ਰੋਕ ਦਿੱਤਾ। ਉਨ੍ਹਾਂ ਕਿਹਾ, 'ਇਹ ਸਾਰੇ ਮੇਰੇ ਹੀ ਸਾਹਿਬਜ਼ਾਦੇ ਹਨ। ਕੋਈ ਆ ਕੇ ਆਪੇ ਹੀ ਇਨ੍ਹਾਂ ਦਾ ਸਸਕਾਰ ਕਰ ਦੇਵੇਗਾ।' ਸ਼ਹੀਦਾਂ ਦੇ ਸਤਿਕਾਰ ਵਜੋਂ ਗੁਰੂ ਜੀ ਆਪ ਵੀ ਘੋੜੇ ਤੋਂ ਉਤਰੇ ਅਤੇ ਆਪਣੇ ਜੋੜੇ ਉਤਾਰ ਨੰਗੇ ਪੈਰੀਂ ਤੁਰ ਪਏ। ਨਾਲ ਦੇ ਸਿੰਘਾਂ ਨੇ ਸੋਚਿਆ, ਗੁਰੂ ਜੀ ਮੁੜ ਘੋੜੇ 'ਤੇ ਸਵਾਰ ਹੋਣਗੇ ਪਰ ਉਹ ਤਾਂ ਅੱਗੇ ਜਾ ਚੁਕੇ ਸਨ। ਗੁਰੂ ਜੀ ਨਾਲ ਉਨ੍ਹਾਂ ਦਾ ਮੇਲ ਮਾਛੀਵਾੜੇ ਜਾ ਕੇ ਹੋਇਆ, ਜਿੱਥੇ ਦਸਮੇਸ਼ ਪਿਤਾ ਇੱਕ ਟਿੰਡ ਦਾ ਸਰਾਹਣਾ ਬਣਾਈ ਸੁੱਤੇ ਪਏ ਸਨ। ਤੜਕੇ ਇੱਕ ਸਿੰਘਣੀ ਬੀਬੀ ਸ਼ਰਨ ਕੌਰ ਨੇ ਚਿਤਾ ਸਜਾਈ ਤੇ ਸਾਰੇ ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਉਸ 'ਤੇ ਰੱਖ ਅੱਗ ਲਗਾ ਦਿੱਤੀ। ਅੱਗ ਦੀ ਲਪਟਾਂ ਵੇਖ ਵੈਰੀ ਦੀ ਫ਼ੌਜ ਵਿੱਚ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਗੁਰੂ ਤੇਗ ਬਹਾਦਰ ਦਾ ਨਿਰਭਉ ਤੇ ਨਿਰਵੈਰ ਸਮਾਜ ਦਾ ਸੰਕਲਪ

ਅਧਿਆਤਮਕ

ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਇਲਾਹੀ ਬਾਣੀ ਅਤੇ ਸਰਵ ਵਿਆਪੀ ਸਿਖਿਆਵਾਂ ਦਾ ਮੁਤਾਲਿਆ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਨੁੱਖੀ ਏਕਤਾ, ਇੱਕ-ਦੂਜੇ ਦਾ ਸਤਿਕਾਰ, ਭਾਈਚਾਰਕ ਸਾਂਝ, ਆਪਸੀ ਸਦਭਾਵਨਾ, ਧਾਰਮਿਕ ਸਹਿਣਸ਼ੀਲਤਾ ਅਤੇ ਪਰਸਪਰ ਸਹਿਯੋਗ ਨੂੰ ਵਧਾਉਣ ਦੇ ਮਨੋਰਥ ਨਾਲ ਗੁਰੂ ਜੀ ਨੇ ਇੱਕ ਆਦਰਸ਼ ਸਮਾਜ ਦੀ ਸਿਰਜਣਾ ਕੀਤੀ। ਅਜਿਹੇ ਆਦਰਸ਼ਕ ਸਮਾਜ ਨੂੰ ਸਿਰਜਣ ਲਈ ਲੋਕਾਂ ਨੂੰ ਲਾਮਬੰਦ ਅਤੇ ਜਾਗਰੂਕ ਕਰਨ ਲਈ ਉਨ੍ਹਾਂ ਆਪਣਾ ਆਪ ਵਾਰ ਕੇ ਅਜਿਹੇ ਨਿਰਾਲੇ ਅਤੇ ਅਜ਼ੀਮੋਸ਼ਾਨ ਪੰਥ ਦੀ ਬੁਨਿਆਦ ਨੂੰ ਮਜਬੂਤ ਕਰਨ ਵਿੱਚ ਲਾਸਾਨੀ ਯੋਗਦਾਨ ਪਾਇਆ ਕਿ ਜਿਸ ਰਾਹੀਂ ਗ਼ਫ਼ਲਤ ਅਤੇ ਵਹਿਮਾਂ-ਭਰਮਾਂ ਵਿੱਚ ਭਟਕ ਰਹੇ ਲੋਕਾਂ ਨੂੰ ਜ਼ਹਾਲਤ, ਫਿਰਕਾਪ੍ਰਸਤੀ, ਤੰਗਦਿਲ ਸੋਚ ਅਤੇ ਨਿੰਜੀ ਮੁਫ਼ਾਦ ਦੀ ਦਲਦਲ ਵਿੱਚੋਂ ਬਾਹਰ ਕੱਢਿਆ ਜਾ ਸਕੇ। ਗੁਰੂ ਤੇਗ ਬਹਾਦਰ ਜੀ ਦੇ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਫ਼ਲਸਫ਼ੇ ਦੇ ਬੁਨਿਆਦੀ ਸਿਧਾਂਤਾਂ ਅਤੇ ਸਰੋਕਾਰਾਂ ਵਿੱਚ ਦੱਬੇ-ਕੁਚਲੇ ਸ਼ੋਸ਼ਿਤ ਲੋਕਾਂ ਪ੍ਰਤੀ ਹਮਦਰਦੀ, ਜ਼ੁਲਮ ਦਾ ਟਾਕਰਾ, ਮਨੁੱਖੀ ਅਧਿਕਾਰਾਂ ਦੀ ਰਾਖੀ, ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਨਸਲੀ ਵਿੰਭਿਨਤਾਵਾਂ ਦਾ ਸਤਿਕਾਰ ਸ਼ਾਮਲ ਹਨ।

ਗੁਰੂ ਜੀ ਨੇ ਲੋਕਾਈ ਨੂੰ ਇੱਕ ਅਜਿਹੀ ਨਿਵੇਕਲੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਵੀ ਪ੍ਰੇਰਿਤ ਕੀਤਾ, ਜਿਸ ਨੂੰ ਅਪਣਾਉਣ ਪਿਛੋਂ ਇਨਸਾਨ ਸਚਿਆਰਾ, ਨਿਮਰ, ਨਿਰਸਵਾਰਥ, ਨਿਰਛਲ, ਨਿਰਭੈ, ਨਿਰਵੈਰ ਅਤੇ ਰਹਿਮਦਿਲ ਰਹਿੰਦੇ ਹੋਏ ਇਸ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿੱਚੋਂ ਉਸ ਪਰਵਦਗਾਰ ਦੀ ਹੋਂਦ ਨੂੰ ਮਹਿਸੂਸ ਕਰ ਸਕੇ। ਸ਼ਾਂਤਮਈ ਸਹਿਹੋਂਦ ਦੇ ਸੰਕਲਪ ਉੱਪਰ ਆਧਾਰਿਤ ਨਿਆਂਪੂਰਨ ਬਹੁ-ਸੱਭਿਆਚਾਰਕ ਸਮਾਜ ਦੇ ਸੰਕਲਪ ਦੀ ਪੁਰਜ਼ੋਰ ਵਕਾਲਤ ਕਰਦਿਆਂ ਗੁਰੂ ਜੀ ਨੇ ਬਿਹਤਰ, ਸੁਰੱਖਿਅਤ, ਸਥਿਰ ਅਤੇ ਉੱਜਵਲ ਭਵਿੱਖ ਲਈ ਰਾਜਸੀ ਅੱਤਿਆਚਾਰ, ਮਜ਼ਹਬੀ ਮੁਤੱਸਬੀਪੁਣੇ, ਨਾਬਰਾਬਰੀ, ਗੁਲਾਮੀ, ਸੱਭਿਆਚਾਰਕ ਤੇ ਨਸਲੀ ਟਕਰਾਅ ਦੀ ਸਥਿਤੀ ਨਾਲ ਨਜਿੱਠਣ ਲਈ ਸਰਬਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਸੰਦੇਸ਼ ਦਿੱਤਾ।

ਗੁਰੂ ਜੀ ਨੇ ਨਜ਼ਰੀਆਤੀ, ਮਜ਼ਹਬੀ, ਨਸਲੀ, ਭਾਸ਼ਾਈ, ਜਾਤੀ, ਨਫ਼ਸੀਆਤੀ, ਸਕਾਫ਼ਤੀ ਅਤੇ ਇਲਾਕਾਈ ਆਧਾਰ ਉੱਪਰ ਮਿਲਦੀ ਕਸ਼ਮਕਸ਼, ਕਸ਼ੀਦਗੀ, ਇਖਤਲਾਫ ਅਤੇ ਆਪਸੀ ਝਗੜਿਆਂ ਨੂੰ ਸਦੀਵੀਂ ਤੌਰ 'ਤੇ ਸੁਲਝਾਉਣ ਲਈ ਰਾਹ ਹਮਵਾਰ ਕਰਦਿਆਂ ਇੱਕ ਪੁਰਅਮਨ, ਪੁਰਸਕੂਨ, ਇਨਸਾਫ਼ ਪਸੰਦ, ਖੁਸ਼ਹਾਲ, ਮਾਨਵਤਾਵਾਦੀ ਅਤੇ ਬਹੁਲਵਾਦੀ ਸਮਾਜ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਮੁੱਚੀ ਮਾਨਵਤਾ ਨੂੰ ਆਪਣੀ ਇਲਾਹੀ ਬਾਣੀ ਰਾਹੀਂ ਨਵੀਂ ਸੇਧ ਦਿੱਤੀ। ਅਸਲ ਵਿੱਚ ਗੁਰੂ ਤੇਗ ਬਹਾਦਰ ਜੀ ਦਾ ਆਦਰਸ਼ ਸਮਾਜ ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ ਦੇ ਆਦਰਸ਼ਾਂ ਨੂੰ ਸਮਰਪਿਤ ਜਾਤ ਰਹਿਤ, ਸ਼ੋਸ਼ਣ ਰਹਿਤ, ਜ਼ਬਰ ਰਹਿਤ, ਵਰਗ ਰਹਿਤ, ਭੇਦਭਾਵ ਰਹਿਤ ਅਤੇ ਨਿਆਂ ਉੱਪਰ ਆਧਾਰਿਤ ਇੱਕ ਅਜਿਹਾ ਆਦਰਸ਼ ਸਮਾਜ ਹੈ, ਜਿਸ ਵਿੱਚ ਹਰੇਕ ਧਰਮ, ਜਾਤ, ਫ਼ਿਰਕੇ, ਵਰਗ ਜਾਂ ਸ਼੍ਰੇਣੀ ਨਾਲ ਸਬੰਧਤ ਮਰਦ ਤੇ ਔਰਤ ਨੂੰ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਕਰਨ ਦੇ ਬਰਾਬਰ ਮੌਕੇ ਹਾਸਲ ਹੋਣ ਅਤੇ ਮਨੁੱਖ ਇੱਕ ਖੁਸ਼ਹਾਲ ਤੇ ਸਨਮਾਨਜਨਕ ਜੀਵਨ ਗੁਜ਼ਾਰਨ ਦੇ ਸਮਰੱਥ ਹੋ ਸਕੇ। ਵੱਖ-ਵੱਖ ਜਾਤਾਂ, ਵਰਗਾਂ, ਧਰਮਾਂ, ਭਾਸ਼ਾਵਾਂ, ਕਿੱਤਿਆਂ ਅਤੇ ਖਿੱਤਿਆਂ ਨਾਲ ਸਬੰਧਤ ਲੋਕਾਂ ਲਈ ਗੁਰੂ ਜੀ ਵੱਲੋਂ ਜਿਸ ਨਵੇਂ ਸਮਾਜ ਦੀ ਨੀਂਹ ਰੱਖੀ ਗਈ, ਉਹ ਅੱਜ ਦੇ ਸਮੇਂ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਉੱਪਰ ਆਧਾਰਿਤ ਹੈ।

ਗੁਰੂ ਜੀ ਵੱਲੋਂ ਲੋਕਤੰਤਰੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਲੋਕਤੰਤਰੀ ਕਦਰਾਂ-ਕੀਮਤਾਂ ਦੇ ਧਾਰਨੀ ਬਣਨ ਦਾ ਸੰਦੇਸ਼ ਵੀ ਦਿੱਤਾ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜਦੋਂ ਤੱਕ ਲੋਕਾਂ ਦਾ ਵਾਸਤਵਿਕ ਨਜ਼ਰੀਆ ਅਤੇ ਵਿਹਾਰ ਨਹੀਂ ਬਦਲਿਆ ਜਾਵੇਗਾ, ਤਦ ਤੱਕ ਨਿਆਂਪੂਰਨ ਤੇ ਲੋਕਤੰਤਰੀ ਸਮਾਜ ਦੀ ਸਿਰਜਣਾ ਸੰਭਵ ਨਹੀਂ ਹੋ ਪਾਏਗੀ। ਉਨ੍ਹਾਂ ਨੇ ਸਮਾਜ ਵਿੱਚ ਮਿਲਦੀ ਕਾਣੀ ਵੰਡ, ਜ਼ਬਰ-ਜ਼ੁਲਮ, ਸਮਾਜਿਕ-ਸੱਭਿਆਚਾਰਕ ਭੇਦਭਾਵ ਅਤੇ ਆਰਥਿਕ ਸ਼ੋਸ਼ਣ ਦੇ ਖਿਲਾਫ ਗੁਰੂ ਨਾਨਕ ਸਾਹਿਬ ਦੇ ਦੱਸੇ ਰਾਹ ਉੱਪਰ ਬੇਖ਼ੌਫ਼ ਤੁਰਦਿਆਂ ਕੇਵਲ ਜ਼ੋਰਦਾਰ ਆਵਾਜ਼ ਬੁਲੰਦ ਹੀ ਨਹੀਂ ਕੀਤੀ, ਸਗੋਂ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮਨੁੱਖੀ ਇਤਿਹਾਸ ਵਿੱਚ ਇੱਕ ਮਿਸਾਲ ਪੈਦਾ ਕੀਤੀ।

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਇਲਾਹੀ ਬਾਣੀ ਰਾਹੀਂ ਇੱਕ ਅਜਿਹੀ ਆਦਰਸ਼ਕ ਸਮਾਜਿਕ ਵਿਵਸਥਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਸਮਾਜ ਦੇ ਦੱਬੇ ਕੁਚਲੇ, ਕਮਜ਼ੋਰ ਤੇ ਸ਼ੋਸ਼ਿਤ ਵਰਗਾਂ ਨੂੰ ਸਵੈਮਾਣ ਦੀ ਭਾਵਨਾ ਨਾਲ ਜਿਉਣ ਲਈ ਬਿਹਤਰ ਪ੍ਰਸਥਿਤੀਆਂ ਪ੍ਰਾਪਤ ਹੋ ਸਕਣ। ਨਿਰਭਉ ਦੇ ਭੈਅ ਵਿੱਚ ਰਹਿੰਦੇ ਹੋਏ ਬਿਨਾਂ ਕਿਸੇ ਵਿਤਕਰੇ ਦੇ ਅਦਲ ਪ੍ਰਦਾਨ ਕਰਨ ਵਾਲੇ ਸ਼ਾਸਕ ਦਾ ਸ਼ਾਸਨ ਹੋਵੇ। ਸੇਵਾ ਤੇ ਸਿਮਰਨ ਦੇ ਰਾਹ ਉੱਪਰ ਚਲਦਿਆਂ ਹੱਕ-ਸੱਚ ਉੱਪਰ ਪਹਿਰਾ ਦੇਣ ਵਾਲੇ ਲੋਕ ਸੱਚੀ ਕਿਰਤ ਕਮਾਉਣ। ਹੱਥੀਂ ਕਿਰਤ ਕਰਨ ਵਾਲਿਆਂ ਦਾ ਸਤਿਕਾਰ ਬਹਾਲ ਹੋਵੇ। ਇਨਸਾਫ਼ ਪਸੰਦ ਮੁਨਸਿਫ਼ ਸੱਚ ਅਤੇ ਝੂਠ ਦਾ ਨਿਤਾਰਾ ਕਰਨ। ਆਪਣੇ ਕਿੱਤੇ ਪ੍ਰਤੀ ਵਫ਼ਾਦਾਰ ਤੇ ਪ੍ਰਤੀਬੱਧ ਲੋਕ ਆਪਣੇ ਫ਼ਰਜ਼ਾਂ ਦੀ ਅਦਾਇਗੀ ਈਮਾਨਦਾਰੀ ਨਾਲ ਕਰਨ। ਦੇਸ਼, ਕੌਮ ਤੇ ਧੀਆਂ-ਭੈਣਾਂ ਦੀ ਇੱਜ਼ਤ ਦੇ ਰਖਵਾਲੇ, ਆਪਣੇ ਦੇਸ਼, ਕੌਮ ਅਤੇ ਅਣਖ਼ ਲਈ ਮਰ ਮਿਟਣ ਵਾਲੇ ਜੁਝਾਰੂ ਅਤੇ ਆਪਣੇ ਰਿਜ਼ਕ ਲਈ ਆਪਣੇ ਰਾਜ਼ਕ ਨੂੰ ਸਦਾ ਰਾਜ਼ੀ ਰੱਖਣ ਵਾਲੇ ਲੋਕ ਸਾਨੂੰ ਚੁਫੇਰੇ ਵਿਚਰਦੇ ਹੋਏ ਦਿਖਾਈ ਦੇਣ। ਵਿਕਾਰਾਂ ਤੋਂ ਦੂਰ ਰਹਿਣ ਨੂੰ ਤਰਜੀਹ ਦਿੰਦੇ ਹੋਏ ਲੋਕ ਸਾਫ਼ਗੋਈ, ਸਦਾਕਤ, ਦਿਆਨਤਦਾਰੀ, ਸਬਰ, ਸ਼ੁਕਰ, ਸੰਜਮ, ਸਹਿਜ ਅਤੇ ਸੰਤੋਖ ਦੇ ਰਾਹ ਨੂੰ ਅਪਣਾਉਣ।

ਗੁਰੂ ਜੀ ਨੇ ਵਿਅਕਤੀਗਤ ਸੁਤੰਤਰਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕਾਤਿਲ, ਜਾਬਰ ਅਤੇ ਮਗ਼ਰੂਰ ਹਾਕਮ ਔਰੰਗਜ਼ੇਬ ਦੀ ਈਨ ਮੰਨਣ ਤੋਂ ਇਨਕਾਰ ਕਰਦਿਆਂ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਕੁਰਬਾਨ ਕਰ ਦਿੱਤਾ। ਗੁਰੂ ਜੀ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲਦੇ ਹੋਏ ਸਾਹਿਬ-ਏ-ਕਮਾਲ ਤੇ ਸਰਬੰਸਦਾਨੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੇ ਹੁਕਮ ਅਧੀਨ ਨਾ ਕੇਵਲ ਇਸ ਮੁਲਕ ਤੋਂ ਆਪਣਾ ਸਰਬੰਸ ਵਾਰਿਆ ਸਗੋਂ ਆਦਰਸ਼ ਸਮਾਜ ਅਤੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਨਵੀਆਂ ਬੁਲੰਦੀਆਂ ਤੱਕ ਪਹੁੰਚਾਉਂਦੇ ਹੋਏ ਖਾਲਸਾ ਪੰਥ ਦੀ ਬੁਨਿਆਦ ਰੱਖੀ। ਛੋਟੇ ਤੇ ਵੱਡੇ ਸਾਹਿਬਜ਼ਾਦਿਆਂ ਅਤੇ ਅਣਗਿਣਤ ਸਿੰਘਾਂ ਤੇ ਸਿੰਘਣੀਆਂ ਨੇ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ ਨੂੰ ਹਕੀਕੀ ਰੂਪ ਦੇਣ ਲਈ ਸ਼ਹਾਦਤ ਦਾ ਜ਼ਾਮ ਪੀਤਾ।

ਅਜੋਕੇ ਸਮੇਂ ਵਿੱਚ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਮੁੱਚੀ ਮਾਨਵ ਜਾਤੀ ਨੂੰ ਭੂਗੋਲਿਕ, ਨਸਲੀ, ਭਾਸ਼ਾਈ, ਧਾਰਮਿਕ, ਜਾਤੀ ਜਾਂ ਸੱਭਿਆਚਾਰਕ ਵਲਗਣਾਂ ਤੋਂ ਨਿਜ਼ਾਤ ਦਿਵਾਉਣ ਲਈ ਗੁਰੂ ਤੇਗ ਬਹਾਦਰ ਜੀ ਦੇ ਅਦੁੱਤੀ ਫ਼ਲਸਫ਼ੇ ਨੂੰ ਆਪਣੇ ਅਮਲੀ ਜੀਵਨ ਦਾ ਹਿੱਸਾ ਬਣਾਉਣ ਦੀ ਬੇਹੱਦ ਲੋੜ ਹੈ। ਅਜੋਕੇ ਸਮੇਂ ਵਿੱਚ ਅਸੀਂ ਲੋਕ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਗੁਰੂ ਤਾਂ ਮੰਨਦੇ ਹਾਂ, ਪਰ ਅਫ਼ਸੋਸ ਵਿਹਾਰਕ ਤੌਰ 'ਤੇ ਅਸੀ ਗੁਰੂ ਜੀ ਦੀ ਕਿਸੇ ਵੀ ਸਿੱਖਿਆ ਨੂੰ ਆਪਣੇ ਅਮਲੀ ਜੀਵਨ ਦਾ ਬੁਨਿਆਦੀ ਹਿੱਸਾ ਬਣਾਉਣ ਤੋਂ ਮੁਨਕਰ ਹਾਂ। ਜੇਕਰ ਅਸੀਂ ਆਪਣੇ ਅਮਲਾਂ ਨੂੰ ਗੁਰੂ ਜੀ ਦੇ ਦੱਸੇ ਰਾਹ ਅਨੁਸਾਰ ਦਰੁਸਤ ਕੀਤਾ ਹੁੰਦਾ ਤਾਂ ਮੌਜੂਦਾ ਸਥਿਤੀ ਨਿਸ਼ਚਿਤ ਤੌਰ 'ਤੇ ਕੁਝ ਹੋਰ ਹੁੰਦੀ। ਵਰਤਮਾਨ ਪ੍ਰਸਥਿਤੀਆਂ ਉੱਪਰ ਗੌਰ ਕਰਦਿਆਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਸਾਡੀ ਵਿਅਕਤੀਗਤ ਅਤੇ ਸਮੂਹਿਕ ਤੌਰ ਉੱਪਰ ਇੱਕ ਬਹੁਤ ਵੱਡੀ ਅਸਫ਼ਲਤਾ ਤੇ ਤ੍ਰਾਸਦੀ ਇਹ ਹੈ ਕਿ ਅਸੀਂ ਅਗਿਆਨਤਾ ਵੱਸ ਗੁਰੂ ਤੇਗ ਬਹਾਦਰ ਜੀ ਦੀਆਂ ਵਿਸ਼ਵਵਿਆਪੀ ਸਿੱਖਿਆਵਾਂ ਅਤੇ ਉਨ੍ਹਾਂ ਦੇ ਸਰੋਕਾਰਾਂ ਨੂੰ ਇੱਕ ਵਿਸ਼ੇਸ਼ ਖਿੱਤੇ, ਭਾਸ਼ਾ, ਕੌਮ, ਸੱਭਿਆਚਾਰ ਜਾਂ ਧਾਰਮਿਕ ਸਮੂਹ ਤੱਕ ਸੀਮਤ ਸਮਝਣ ਦੀ ਭੁੱਲ ਕਰਦੇ ਹੋਏ, ਉਨ੍ਹਾਂ ਦੀਆਂ ਰੂਹਾਨੀ ਸਿੱਖਿਆਵਾਂ ਨੂੰ ਦੁਨੀਆ ਦੇ ਕੋਨੇ-ਕੋਨੇ ਵਿੱਚ ਫੈਲਾਉਣ ਅਤੇ ਅਮਲ ਵਿੱਚ ਲਿਆਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੇ ਹਾਂ।

*ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ (ਹਰਿਆਣਾ)

ਗੱਲ ਇਤਿਹਾਸ ਦੀ

ਡਾ. ਆਸਾ ਸਿੰਘ ਘੁੰਮਣ
ਫੋਨ:+91-9779853245



# 'ਗੁਰੁ ਲਾਧੋ ਰੇ' ਵਾਲੇ ਬਾਬਾ ਮੱਖਣ ਸ਼ਾਹ

## ਬਾਬਾ ਮੱਖਣ ਸ਼ਾਹ ਬਾਰੇ ਕੁਝ ਸੁਆਲਾਂ ਦੇ ਜੁਆਬ ਖੋਜ ਦੇ ਮੁਹਤਾਜ ਹਨ

***ਬੜੀ ਹੈਰਾਨੀ ਦੀ ਗੱਲ ਹੈ ਕਿ ਗੁਰਿਆਈ ਮੌਕੇ ਏਡਾ ਵੱਡਾ ਰੋਲ ਅਦਾ ਕਰਨ ਵਾਲੇ ਸ਼ਖਸ ਦਾ ਗੁਰੂ ਜੀ ਵੱਲੋਂ ਗੁਰਿਆਈ ਉਪਰੰਤ ਕਿਸੇ ਵੀ ਹੁਕਮਨਾਮੇ ਵਿੱਚ ਜ਼ਿਕਰ ਨਹੀਂ, ਨਾ ਹੀ ਕਿਤੇ ਉਨ੍ਹਾਂ ਨਾਲ ਮੇਲ-ਮਿਲਾਪ ਦਾ ਜ਼ਿਕਰ ਹੀ ਆਉਂਦਾ ਹੈ। ਗੁਰੂ ਜੀ ਦੀ ਗ੍ਰਿਫਤਾਰੀ ਜਾਂ ਸ਼ਹਾਦਤ ਮੌਕੇ ਉਹ ਕਿੱਥੇ ਸੀ? ਇਤਿਹਾਸ ਇਸ ਬਾਰੇ ਮੁਕੰਮਲ ਚੁੱਪ ਹੈ। ਜਿਹੜਾ ਔਰੰਗਜ਼ੇਬ ਗੁਰੂ ਤੇਗ ਬਹਾਦਰ ਜੀ ਅਤੇ ਧੀਰ ਮੱਲ- ਦੋਹਾਂ ਨੂੰ ਗ੍ਰਿਫਤਾਰ ਕਰਕੇ ਖ਼ਤਮ ਕਰਾ ਦੇਂਦਾ ਹੈ, ਉਸਦਾ ਬਾਬਾ ਮੱਖਣ ਸ਼ਾਹ ਪ੍ਰਤੀ ਕੀ ਵਤੀਰਾ ਰਿਹਾ ਹੋਵੇਗਾ? ਉਸਦੇ ਪਰਿਵਾਰ-ਕਾਰੋਬਾਰ ਪ੍ਰਤੀ ਹਕੂਮਤ ਨੇ ਕੀ ਰੁਖ ਅਖ਼ਤਿਆਰ ਕੀਤਾ ਹੋਵੇਗਾ? ਬੜੇ ਉਤਸੁਕਤਾ ਵਾਲੇ ਸੁਆਲ ਹਨ, ਜਿਨ੍ਹਾਂ ਬਾਰੇ ਇਤਿਹਾਸ ਵਿੱਚ ਕੋਈ ਉਲੇਖ ਨਹੀਂ।***



(ਸੱਜੇ) ਇੱਕ ਚਿੱਤਰਕਾਰ ਦੀਆਂ ਨਜ਼ਰਾਂ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਮੌਕੇ ਬਾਬਾ ਮੱਖਣ ਸ਼ਾਹ

ਮਾਰਚ 1964 ਵਿੱਚ ਜਦ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਵਿਖੇ ਚੇਚਕ ਦੀ ਬਿਮਾਰੀ ਨਾਲ ਨਿਢਾਲ ਹੋ ਗਏ ਤਾਂ ਆਲੇ-ਦੁਆਲੇ ਦੇ ਜ਼ਿੰਮੇਵਾਰ ਸਿੱਖਾਂ ਨੇ ਚਿੰਤਤ ਹੋ ਕੇ ਅਨਹੋਣੀ ਹੋ ਜਾਣ ਦੀ ਸੂਰਤ ਵਿੱਚ ਅਗਲੇ ਗੁਰੂ ਬਾਰੇ ਜਾਨਣਾ ਚਾਹਿਆ। ਗੁਰੂ ਜੀ ਨੇ ਸਭ ਦੀ ਸਲਾਹ ਨਾਲ ਮੌਜੂਦਾ ਪ੍ਰਸਥਿਤੀਆਂ ਦੇ ਮੱਦੇਨਜ਼ਰ ਇਹ ਸੋਚਿਆ ਕਿ ਬੇਹਤਰੀਨ ਇਹ ਰਹੇਗਾ ਕਿ ਪਿਛਲੇ ਵੀਹ ਸਾਲ ਤੋਂ ਆਪਣੇ ਨਾਨਕੇ ਪਿੰਡ ਬਕਾਲੇ ਬੈਠੇ ਬਾਬਾ ਤੇਗ ਬਹਾਦੁਰ ਜੀ ਨੂੰ ਗੁਰੂ ਥਾਪਿਆ ਜਾਵੇ। ਹਾਲਾਂਕਿ ਗੁਰੂ ਹਰਿਕ੍ਰਿਸ਼ਨ ਜੀ ਵੱਲੋਂ ਜਾਨਸ਼ੀਨੀ ਸਪਸ਼ਟ ਸ਼ਬਦਾਂ ਵਿੱਚ ਪ੍ਰਗਟਾਈ ਗਈ ਸੀ ਅਤੇ ਗੁਰੂਤਾ-ਪ੍ਰਦਾਨਤਾ ਦੀਆਂ ਨਿਸ਼ਾਨੀਆਂ ਆਪਣੇ ਹੱਥੀਂ ਮੁਹਤਬਰ ਸਿੱਖਾਂ ਨੂੰ ਸੌਂਪੀਆਂ ਗਈਆਂ ਸਨ, ਪਰ ਕਿਉਂਕਿ ਗੁਰੂ-ਘਰ ਅਤੇ ਸਰਕਾਰੇ-ਦਰਬਾਰੇ ਹਾਲਾਤ ਬੜੇ ਪ੍ਰਤੀਕੂਲ ਚੱਲ ਰਹੇ ਸਨ, ਇਸ ਲਈ ਇਸ ਸੰਬੰਧੀ ਜਾਣ-ਬੁੱਝ ਕੇ ਕਈ ਕਿਸਮ ਦੇ ਭੰਬਲਭੂਸੇ ਖੜੇ ਕਰ ਦਿੱਤੇ ਗਏ।

ਸਮੇਂ ਦਾ ਹਾਕਮ ਮਹਿਸੂਸ ਕਰ ਰਿਹਾ ਸੀ ਕਿ ਸਿੱਖ-ਗੁਰੂਆਂ ਵੱਲੋਂ ਕੀਤੇ ਜਾਂਦੇ ਉਪਦੇਸ਼ ਸਮੁੱਚੇ ਸਮਾਜ ਨੂੰ ਜਿਵੇਂ ਪ੍ਰਭਾਵਿਤ ਕਰ ਰਹੇ ਸਨ, ਉਹ ਉਸ ਦੇ ਮੁਸਲਿਮ-ਪ੍ਰਸਾਰ ਏਜੰਡੇ ਸਾਹਮਣੇ ਰੋੜਾ ਬਣ ਰਹੇ ਸਨ, ਕਿਉਂਕਿ ਸਿੱਖ-ਗੁਰੂਆਂ ਵੱਲੋਂ ਸਥਾਪਤ ਸਮਾਜ ਪੂਰੀ ਤਰ੍ਹਾਂ ਰਾਜਨੀਤਕ-ਚੇਤੰਨ ਸੀ। ਗੁਰੂ ਹਰਿ ਰਾਏ ਜੀ ਦੇ ਵੱਡੇ ਪੁੱਤਰ ਨੂੰ ਪਹਿਲਾਂ ਹੀ ਔਰੰਗਜ਼ੇਬ ਨੇ ਆਪਣੇ ਪ੍ਰਭਾਵ ਥੱਲੇ ਰੱਖਿਆ ਹੋਇਆ ਸੀ ਅਤੇ ਉਸਨੂੰ ਜਗੀਰ ਬਖਸ਼ ਕੇ ਉਸਦਾ ਡੇਰਾ ਡੇਹਰਾਦੂਨ ਵਿਖੇ ਸਥਾਪਤ ਕਰ ਦਿੱਤਾ ਸੀ। ਕੁਝ ਸਿੱਖ-ਸਰੋਤਾਂ ਅਨੁਸਾਰ ਧੀਰ-ਮੱਲ ਵੀ ਮੁਗਲ-ਹਕੂਮਤ ਤੋਂ ਧਰਮ-ਅਰਥ ਜਗੀਰ ਪ੍ਰਾਪਤ ਕਰਕੇ ਆਪਣੀ ਗੱਦੀ ਕਰਤਾਰਪੁਰ ਜਮਾਈ ਬੈਠਾ ਸੀ। ਮੀਣੇ ਕਹੇ ਜਾਂਦੇ ਹਰਿ ਜੀ ਪਹਿਲਾਂ ਹੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ 'ਤੇ ਆਪਣਾ ਕਬਜ਼ਾ ਜਮਾ ਕੇ ਆਪਣੇ ਆਪ ਨੂੰ ਸਮਰੱਥ ਸਮਝਦੇ ਸਨ। ਗੁਰੂ-ਘਰ ਵਿੱਚੋਂ ਇੱਕੋ ਤੇਗ ਬਹਾਦਰ ਹੀ ਸਨ, ਜੋ ਗੁਰੂ-ਪੁੱਤਰ ਹੋਣ ਨਾਤੇ ਆਪਣੀਆਂ ਗੁਰ-ਉਪਦੇਸ਼ਕ ਯਾਤਰਾਵਾਂ ਰਾਹੀਂ ਕੌਮੀ ਪੱਧਰ 'ਤੇ ਸਿੱਖ-ਸੰਗਤ ਵਿੱਚ ਗੁਰੂ ਨਾਨਕ ਅਨੁਸਾਰੀ ਸਿੱਖੀ ਦਾ ਪ੍ਰਚਾਰ ਕਰ ਰਹੇ ਸਨ।

ਸਿੱਖ-ਸਰੋਤਾਂ ਤੋਂ ਸਾਨੂੰ ਇਹ ਤਾਂ ਸਪਸ਼ਟ ਨਹੀਂ ਹੁੰਦਾ ਕਿ ਔਰੰਗਜ਼ੇਬ ਨੇ ਗੁਰਿਆਈ ਧਾਰਨ ਕਰ ਲੈਣ ਤੋਂ ਪਹਿਲਾਂ ਤੇਗ ਬਹਾਦਰ ਜੀ ਨੂੰ ਅਗਲਾ ਜਾਨਸ਼ੀਨ ਸਮਝ ਕੇ ਉਸ ਤੱਕ ਕਿਸੇ ਕਿਸਮ ਦੀ ਪਹੁੰਚ ਕੀਤੀ ਹੋਵੇ ਜਾਂ ਨਾ, ਜਾਂ ਉਨ੍ਹਾਂ 'ਤੇ ਕੋਈ ਸ਼ੱਕੀ ਨਜ਼ਰ ਰੱਖੀ ਹੋਵੇ ਜਾਂ ਨਾ, ਪਰ ਗੁਰਿਆਈ-ਵਸਤਾਂ ਦਾ ਬਕਾਲੇ ਵਿਖੇ ਦੇਰੀ ਨਾਲ ਪਹੁੰਚਣ ਦਾ ਇੱਕ ਕਾਰਨ ਜ਼ਰੂਰੀ ਤੌਰ 'ਤੇ ਸਰਕਾਰੀ ਹਕੂਮਤ ਦਾ ਲੁਕਵਾਂ ਹੱਥ ਹੋ ਸਕਦਾ ਹੈ।

ਬਾਬਾ ਮੱਖਣ ਸ਼ਾਹ ਦਾ ਸਭ ਤੋਂ ਪਹਿਲਾ ਜ਼ਿਕਰ ਕਵੀ ਕੰਕਨ ਦੀ ਕ੍ਰਿਤ "ਦਸ ਗੁਰ-ਕਥਾ" ਵਿੱਚ ਮਿਲਦਾ ਹੈ, ਭਾਵੇਂ ਕਿ ਉਹ ਉਸਨੂੰ ਕੇਵਲ 'ਨਾਇਕ' ਹੀ ਲਿਖਦਾ ਹੈ। ਕੰਕਨ ਅਨੁਸਾਰ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਦਾ ਟਿੱਕਾ ਲਾਉਣ ਵਾਲਿਆਂ ਵਿੱਚ (ਬਾਬਾ) ਮੱਖਣ ਸ਼ਾਹ ਖ਼ੁਦ ਵੀ ਸ਼ਾਮਲ ਸੀ:

ਨਾਯਕ ਹਾਥ ਸੋਂ ਟੀਕਾ ਲਵਾਯਕੈ
ਭਾਨ ਸਮਾਨ ਭਯਾ ਗੁਰ ਭਾਰਾ।

ਪਰ ਬਾਅਦ ਦੇ ਇਤਿਹਾਸਕ ਸਰੋਤਾਂ ਵਿੱਚ ਮੱਖਣ ਸ਼ਾਹ ਗੁਰੂਤਾ-ਰਸਮ ਤੋਂ ਕਾਫੀ ਦੇਰ ਬਅਦ ਬਕਾਲੇ ਵਿਖੇ ਆਉਂਦੇ ਹਨ। ਇਨ੍ਹਾਂ ਸਰੋਤਾਂ ਅਨੁਸਾਰ ਭਾਈ ਦਰਗਾਹ ਮੱਲ ਆਪਣੇ ਭਤੀਜਿਆਂ ਸਤੀ ਦਾਸ ਤੇ ਮਤੀ ਦਾਸ ਅਤੇ ਹੋਰ ਅਹਿਮ ਸਿੱਖ ਸ਼ਖ਼ਸੀਅਤਾਂ ਸਮੇਤ ਅਗਸਤ ਮਹੀਨੇ ਬਕਾਲੇ ਵਿਖੇ ਪਹੁੰਚਦੇ ਹਨ ਤੇ ਖੁੱਲ੍ਹੇ ਪੰਡਾਲ ਵਿੱਚ ਮਾਤਾ ਨਾਨਕੀ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਦੀ ਹਾਜ਼ਰੀ ਵਿੱਚ ਤਾਜਪੋਸ਼ੀ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਇਹ ਦਿਹਾੜਾ ਪੁੰਨਿਆ ਦਾ ਸੀ ਜਾਂ ਨਹੀਂ, ਪਰ ਮੌਜੂਦਾ ਨਗਰ ਬਾਬਾ ਬਕਾਲੇ ਵਿਖੇ ਇਹ ਮੌਕਾ ਰੱਖੜ-ਪੁੰਨਿਆ ਵਾਲੇ ਦਿਨ ਬੜੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਬਹੁਤੇ ਥਾਈਂ ਲੁਬਾਣਾ-ਸਮਾਜ ਵੱਲੋਂ ਰੱਖੜ-ਪੁੰਨਿਆਂ 'ਗੁਰੂ ਲਾਧੋ ਰੇ ਦਿਵਸ' ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਧੀਰ ਮੱਲ ਕਈ ਦਿਨਾਂ ਤੋਂ ਬਕਾਲੇ ਢੇਰਾ ਲਾਈ ਬੈਠਾ ਸੀ, ਪਰ ਗੁਰੂਤਾ ਤੋਂ ਬਾਅਦ ਤਾਂ ਧੀਰ ਮੱਲ ਬੁਖਲਾ ਹੀ ਉਠਿਆ ਅਤੇ ਆਪਣੇ ਸਹਿਯੋਗੀਆਂ ਦਾ ਇਕੱਠ ਵਧਾਉਣ ਦੇ ਆਹਰ ਵਿੱਚ ਜੁਟ ਗਿਆ। ਉਹ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਹੋਣ ਕਰਕੇ ਆਪਣੇ ਆਪ ਨੂੰ 'ਬਾਬਾ' ਹੋਣ ਦਾ ਜਨਮ-ਸਿੱਧ ਅਧਿਕਾਰੀ ਸਮਝਦਾ ਸੀ। ਹਕੂਮਤ ਤਾਂ ਸਿੱਧੇ/ਅਸਿੱਧੇ ਢੰਗ ਨਾਲ ਉਹਦੀ ਪਿੱਠ ਪਿੱਛੇ ਹੈ ਹੀ ਸੀ। ਗੁਰੂ ਗ੍ਰੰਥ ਸਾਹਿਬ ਦੀ ਹੱਥ-ਲਿਖਤ ਵੀ ਉਸ ਪਾਸ ਸੀ। ਭਾਵੇਂਕਿ ਫੁਰਮਾਨ ਜਾਂ ਹੁਕਮਨਾਮੇ ਲਿਖਣ ਦਾ ਰਿਵਾਜ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸ਼ੁਰੂ ਹੋ ਹੀ ਗਿਆ ਸੀ, ਪਰ ਇਸ ਮਾਮਲੇ ਵਿੱਚ ਗੁਰੂ ਹਰਿ ਕ੍ਰਿਸ਼ਨ ਜੀ ਨੇ ਕੋਈ ਹੱਥ-ਲਿਖਤ ਫੁਰਮਾਨ ਤਾਂ ਕੀਤਾ ਨਹੀਂ ਸੀ, ਉਨ੍ਹਾਂ ਦਾ ਕਥਨ ਗਵਾਹੀ-ਆਧਾਰਿਤ ਹੀ ਸੀ। ਪਹਿਲੇ ਗੁਰੂ ਤਾਂ ਆਪਣੇ ਜਿਉਂਦੇ ਜੀਅ ਗੁਰੂ ਥਾਪ ਦੇਂਦੇ ਸਨ, ਇਸ ਲਈ ਇਹ ਫੈਸਲਾ ਚਸ਼ਮਦੀਦ ਗਵਾਹਾਂ 'ਤੇ ਨਿਰਭਰ ਨਹੀਂ ਸੀ ਕਰਦਾ। ਇਸ ਲਈ ਗੁਰਗੱਦੀ ਦੇ ਹੱਕਦਾਰ ਹੋਣ ਲਈ ਰੌਲਾ ਪਾਇਆ ਜਾ ਸਕਦਾ ਸੀ।

ਉਧਰ ਗੁਰੂ ਤੇਗ ਬਹਾਦਰ ਜੀ ਪਹਿਲਾਂ ਹੀ ਗੁਰਗੱਦੀ ਦੇ ਦਾਅਵਿਆਂ ਤੋਂ ਦੂਰ ਬੈਠੇ ਸਨ। ਹੁਣ ਵੀ ਇਸ ਜ਼ਿੰਮੇਵਾਰੀ ਦਾ ਟਿੱਕਾ ਲਗਵਾ ਲੈਣ ਤੋਂ ਬਾਅਦ ਵੀ ਉਹ ਸਰਗਰਮ ਹੋਣ ਲਈ ਅਨੁਚਿਤ ਸਮੇਂ ਦੀ ਉਡੀਕ ਕਰ ਰਹੇ ਸਨ, ਉਂਝ ਯਤਨਸ਼ੀਲ ਵੀ ਸਨ। ਉਨ੍ਹਾਂ ਨੇ ਆ ਰਹੀ ਦੀਵਾਲੀ ਵਾਸਤੇ ਸੰਗਤਾਂ ਨੂੰ ਹੁੰਮ-ਹੁਮਾ ਕੇ ਆਉਣ ਲਈ ਹੁਕਮਨਾਮੇ ਭੇਜਣੇ ਸ਼ੁਰੂ ਕਰ ਦਿੱਤੇ ਸਨ। ਭਾਈ ਬਠਾ ਵਰਗੇ ਸ਼ਰਧਾਲੂਆਂ ਨੂੰ 'ਸਰਬਤ ਸੰਗਤ' ਸਮੇਤ ਪਹੁੰਚਣ ਦੇ ਅਦੇਸ਼ ਦਿੱਤੇ ਗਏ ਸਨ।

ਕਰਮ ਸਿੰਘ ਹਿਸਟੋਰੀਅਨ ਅਨੁਸਾਰ ਮੱਖਣ ਸ਼ਾਹ ਗੁਜਰਾਤ (ਭਾਰਤ) ਦੇ ਇਲਾਕੇ ਦੇ ਮਸੰਦ ਸਨ ਅਤੇ ਹਰ ਸਾਲ ਦੀਵਾਲੀ-ਵਿਸਾਖੀ 'ਤੇ ਗੁਰੂ-ਘਰ ਦੀ ਕਾਰ-ਸੇਵਾ ਭੇਟ ਕਰਨ ਗੁਰੂ ਜੀ ਕੋਲ ਆਉਂਦੇ ਸਨ। ਕੁਝ ਲੇਖਕਾਂ ਦਾ ਖਿਆਲ ਹੈ ਕਿ ਉਹ ਬੜੇ ਵੱਡੇ ਧਨਾਢ ਸਨ ਤੇ ਉਨ੍ਹਾਂ ਦਾ ਜੱਦੀ-ਘਰ ਮੁਜ਼ਫਰਾਬਾਦ (ਕਸ਼ਮੀਰ) ਵਿਖੇ ਸੀ ਅਤੇ ਉਹ ਹਰ ਸਾਲ ਪਰਿਵਾਰ ਸਮੇਤ ਗੁਰੂ ਜੀ ਨੂੰ ਮੱਥਾ ਟੇਕਣ ਆਉਂਦੇ ਸਨ ਤੇ ਅੰਮ੍ਰਿਤਸਰ ਵਿਖੇ ਇਸ਼ਨਾਨ ਕਰਕੇ ਅੱਗੇ ਮੁਜ਼ਫਰਾਬਾਦ ਨੂੰ ਨਿਕਲਦੇ ਸਨ। ਬਹੁ-ਪ੍ਰਚੱਲਿਤ ਅਤੇ ਸਥਾਪਿਤ ਪਰੰਪਰਾ ਅਨੁਸਾਰ ਉਹ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦੀ ਭਾਲ ਵਿੱਚ ਇਸ ਕਰਕੇ ਨਿਕਲੇ ਸਨ,



ਬਾਬਾ ਮੱਖਣ ਸ਼ਾਹ ਦਾ ਇੱਕ ਚਿੱਤਰ

ਕਿਉਂਕਿ ਗੁਰੂ ਜੀ ਨੇ ਉਨ੍ਹਾਂ ਦੇ ਘਟਨਾ-ਗ੍ਰਸਤ ਜਹਾਜ਼ ਨੂੰ ਬਚਾਉਣ ਵਿੱਚ ਸਹਾਇਤਾ ਕੀਤੀ ਸੀ ਅਤੇ ਉਨ੍ਹਾਂ ਇਸ ਸੰਬੰਧ ਵਿੱਚ ਆਪਣੀ ਸੁੱਖੀ ਸੁੱਖਣਾ ਉਤਾਰਨੀ ਸੀ।

ਗੁਰੂ ਤੇਗ ਬਹਾਦਰ ਜੀ ਦੀ ਗੁਰ-ਸਥਾਪਤੀ ਵਿੱਚ ਬਾਬਾ ਮੱਖਣ ਸ਼ਾਹ ਵੱਲੋਂ ਕੀਤੇ ਗਏ ਰੋਲ ਦਾ ਤਕਰੀਬਨ ਸਭ ਇਤਿਹਾਸਕਾਰ (ਕੇਸਰ ਸਿੰਘ ਛਿੱਬਰ ਤੋਂ ਬਿਨਾ) ਕਿਸੇ ਨਾ ਕਿਸੇ ਰੂਪ ਵਿੱਚ ਉਲੇਖ ਕਰਦੇ ਹਨ। ਬਿਨਾ ਸ਼ੱਕ, ਮੱਖਣ ਸ਼ਾਹ ਵੱਡਾ ਵਿਉਪਾਰੀ ਸੀ ਅਤੇ ਗੁਰੂ-ਘਰ ਦਾ ਪਿਤਾ-ਪੁਰਖੀ ਅਨਿੰਨ ਭਗਤ ਸੀ। ਉਹ ਆਪਣੇ ਪਰਿਵਾਰ ਅਤੇ ਵੱਡੀ ਗਿਣਤੀ ਵਿੱਚ ਸੰਗਤ ਸਮੇਤ ਬਕਾਲੇ ਪਹੁੰਚਿਆ ਸੀ (ਕੁਝ ਸਰੋਤ ਇਹ ਗਿਣਤੀ 300 ਦੱਸਦੇ ਹਨ, ਕੁਝ 500)। ਚੋਖੀ ਗਿਣਤੀ ਵਿੱਚ ਸ਼ਸਤਰ-ਬੰਦ ਅਮਲਾ ਉਨ੍ਹਾਂ ਦੇ ਨਾਲ ਅਕਸਰ ਰਹਿੰਦਾ ਸੀ, ਕਿਉਂਕਿ ਸਰਕਾਰੀ ਫੌਜਾਂ ਨੂੰ ਰਸਦ ਵਗੈਰਾ ਦੀ ਸਪਲਾਈ ਅਜਿਹੇ ਵਣਜਾਰੇ-ਵਪਾਰੀਆਂ ਵੱਲੋਂ ਕੀਤੀ ਜਾਂਦੀ ਸੀ, ਜਿਸ ਲਈ ਕਾਰਵਾਂ ਰਾਤ-ਬਰਾਤੇ ਚੱਲਦੇ ਰਹਿੰਦੇ ਸਨ। ਮੱਖਣ ਸ਼ਾਹ ਨਾਮਵਰ ਸਿੱਖਾਂ ਵਿੱਚ ਵੀ ਜਾਣੀ-ਪਛਾਣੀ ਹਸਤੀ ਸੀ। ਸੰਗਤਾਂ ਉਸਦੇ ਕਿਰਦਾਰ ਤੋਂ ਖੂਬ ਵਾਕਫ ਸਨ ਅਤੇ ਉਹ ਵੀ ਧੀਰ ਮੱਲ ਵਰਗਿਆਂ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ। ਜੇ ਉਹ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਨਾਂ ਵੀ ਜਾਣਦਾ ਹੋਵੇ ਤਾਂ ਵੀ ਆਪਣੀ ਪਰਖ ਅਤੇ ਨਿੱਜੀ ਅਨੁਭਵ ਤੋਂ ਉਸਨੇ ਇਹ ਨਤੀਜਾ ਕੱਢ ਲਿਆ ਸੀ ਕਿ ਇਸ ਗੱਦੀ ਦੇ ਅਸਲ ਵਾਰਿਸ ਗੁਰੂ ਤੇਗ ਬਹਾਦਰ ਜੀ ਹੀ ਹੋਣੇ ਚਾਹੀਦੇ ਹਨ।

ਦੀਵਾਲੀ ਦੇ ਮੌਕੇ 'ਤੇ ਬਕਾਲਾ ਵਿਖੇ ਧੀਰ ਮੱਲ ਦੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਅਲੱਗ ਅਲੱਗ ਅਗਵਾਈ ਵਿੱਚ ਵੱਡੇ ਜੋੜ-ਮੇਲੇ ਅਯੋਜਿਤ ਕੀਤੇ ਗਏ। ਬਾਬਾ ਮੱਖਣ ਸ਼ਾਹ ਨੇ ਉੱਚੇ ਸਥਾਨ 'ਤੇ ਚੜ੍ਹ ਕੇ ਧੀਰ ਮੱਲ ਦੀ ਸੰਗਤ ਨੂੰ ਸੰਬੋਧਨ ਕਰਦਿਆਂ ਉੱਚੇ ਆਵਾਜ਼ੇ ਲਗਾ ਦਿੱਤੇ ਕਿ ਅਸਲੀ ਅਤੇ ਸੱਚਾ ਗੁਰੂ ਤਾਂ ਏਧਰ ਬੈਠਾ ਹੈ। ਗੁਰੂ ਉਹ ਹੀ ਹੁੰਦਾ, ਜਿਸਨੂੰ ਪਹਿਲਾ ਗੁਰੂ ਆਪਣੀ ਜੋਤ ਬਖਸ਼ ਜਾਵੇ, ਨਾ ਕਿ ਉਹ ਜਿਸ ਕੋਲ ਹੱਥ-ਲਿਖਤ ਗ੍ਰੰਥ ਸਾਹਿਬ ਹੋਵੇ ਜਾਂ ਜੋ ਹਰਿਮੰਦਰ ਸਾਹਿਬ 'ਤੇ ਕਾਬਜ਼ ਹੋਵੇ। ਉਸਨੇ ਗੁਰੂ ਜੀ ਪ੍ਰਤੀ ਆਪਣਾ ਨਿੱਜੀ ਅਨੁਭਵ ਵੀ ਸਾਂਝਾ ਕੀਤਾ। ਬੱਸ ਧੀਰ ਮੱਲ ਦੇ ਵੇਂਹਦਿਆਂ-ਵੇਂਹਦਿਆਂ ਹੀ ਸਿੱਖ-ਸੰਗਤ ਗੁਰੂ ਤੇਗ ਬਹਾਦਰ ਜੀ ਵੱਲ ਆਉਣੀ ਸ਼ੁਰੂ ਹੋ ਗਈ। ਰਾਤ ਨੂੰ ਖੂਬ ਦੀਪਾ-ਵਲੀ ਕੀਤੀ ਗਈ।

ਕਾਰੋਬਾਰੀ, ਵਿਉਪਾਰੀ ਆਮ ਤੌਰ 'ਤੇ ਹਕੂਮਤ ਦੀਆਂ ਇੱਛਾਵਾਂ ਦੇ ਉਲਟ ਘੱਟ ਹੀ ਚੱਲਦੇ ਹਨ, ਉਹ ਵੀ ਜੋ ਸਰਕਾਰ ਨੂੰ ਮਾਲ-ਸਵਾਬ ਮਹੱਈਆ ਕਰਦੇ ਹੋਣ, ਪਰ ਬਾਬਾ ਮੱਖਣ ਸ਼ਾਹ ਸ਼ਰਧਾਵੱਸ ਇਨ੍ਹਾਂ ਗੱਲਾਂ ਤੋਂ ਉੱਪਰ ਉੱਠ ਗਏ ਸਨ। ਇਹ ਤਾਂ ਹੋ ਨਹੀਂ ਸਕਦਾ ਕਿ ਹਕੂਮਤ ਮੱਖਣ ਸ਼ਾਹ ਬਾਰੇ ਜਾਣਦੀ ਨਾ ਹੋਵੇ ਅਤੇ ਇਹ ਵੀ ਨਹੀਂ ਹੋ ਸਕਦਾ ਕਿ ਬਾਬਾ ਮੱਖਣ ਸ਼ਾਹ ਧੀਰ ਮੱਲੀਆਂ ਪ੍ਰਤੀ ਸਰਕਾਰੀ ਰੁਖ ਤੋਂ ਅਣਭੋਲ਼ ਅਤੇ ਅਨਜਾਣ ਹੋਣ।

ਖ਼ੈਰ! ਬਾਬਾ ਮੱਖਣ ਸ਼ਾਹ ਬਾਰੇ ਕੁਝ ਸੁਆਲਾਂ ਦੇ ਜੁਆਬ ਖੋਜ ਦੇ ਮੁਹਤਾਜ ਹਨ। ਬੜੀ ਹੈਰਾਨੀ ਦੀ ਗੱਲ ਹੈ ਕਿ ਗੁਰਿਆਈ ਮੌਕੇ ਏਡਾ ਵੱਡਾ ਰੋਲ ਅਦਾ ਕਰਨ ਵਾਲੇ ਸ਼ਖਸ ਦਾ ਗੁਰੂ ਜੀ ਵੱਲੋਂ ਗੁਰਿਆਈ ਉਪਰੰਤ ਕਿਸੇ ਵੀ ਹੁਕਮਨਾਮੇ ਵਿੱਚ ਜ਼ਿਕਰ ਨਹੀਂ, ਨਾ ਹੀ ਕਿਤੇ ਉਨ੍ਹਾਂ ਨਾਲ ਮੇਲ-ਮਿਲਾਪ ਦਾ ਜ਼ਿਕਰ ਹੀ ਆਉਂਦਾ ਹੈ। ਗੁਰੂ ਜੀ ਦੀ ਗ੍ਰਿਫਤਾਰੀ ਜਾਂ ਸ਼ਹਾਦਤ ਮੌਕੇ ਉਹ ਕਿੱਥੇ ਸੀ? ਇਤਿਹਾਸ ਇਸ ਬਾਰੇ ਮੁਕੰਮਲ ਚੁੱਪ ਹੈ। ਜਿਹੜਾ ਔਰੰਗਜ਼ੇਬ ਗੁਰੂ ਤੇਗ ਬਹਾਦਰ ਜੀ ਅਤੇ ਧੀਰ ਮੱਲ- ਦੋਹਾਂ ਨੂੰ ਗ੍ਰਿਫਤਾਰ ਕਰਕੇ ਖ਼ਤਮ ਕਰਾ ਦੇਂਦਾ ਹੈ, ਉਸਦਾ ਬਾਬਾ ਮੱਖਣ ਸ਼ਾਹ ਪ੍ਰਤੀ ਕੀ ਵਤੀਰਾ ਰਿਹਾ ਹੋਵੇਗਾ? ਉਸਦੇ ਪਰਿਵਾਰ-ਕਾਰੋਬਾਰ ਪ੍ਰਤੀ ਹਕੂਮਤ ਨੇ ਕੀ ਰੁਖ ਅਖ਼ਤਿਆਰ ਕੀਤਾ ਹੋਵੇਗਾ? ਬੜੇ ਉਤਸੁਕਤਾ ਵਾਲੇ ਸੁਆਲ ਹਨ, ਜਿਨ੍ਹਾਂ ਬਾਰੇ ਇਤਿਹਾਸ ਵਿੱਚ ਕੋਈ ਉਲੇਖ ਨਹੀਂ।

***

## ਦਸਮ ਪਾਤਸ਼ਾਹ ਦੇ ਪਰਿਵਾਰ ਦੀਆਂ ਸ਼ਹੀਦੀਆਂ ਦਾ ਮਹੀਨਾ ਦਸੰਬਰ

ਭਗਦੜ ਮਚ ਗਈ ਤੇ ਉਨ੍ਹਾਂ ਚਿਤਾ ਨੂੰ ਘੇਰਾ ਪਾ ਲਿਆ। ਇਸ ਤੋਂ ਪਹਿਲਾਂ ਕਿ ਫ਼ੌਜੀ ਬੀਬੀ ਨੂੰ ਫੜ ਲੈਂਦੇ, ਉਸ ਨੇ ਬਲਦੀ ਚਿਖਾ ਵਿੱਚ ਛਾਲ ਮਾਰ ਕੇ ਆਪਣੀ ਕੁਰਬਾਨੀ ਦੇ ਦਿੱਤੀ। ਬਾਕੀ ਸਿੰਘਾਂ ਨੇ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਰਾਹ ਦੇ ਦੁੱਖਾਂ-ਤਕਲੀਫਾਂ ਨੂੰ ਝੱਲਦਿਆਂ ਖਿਦਰਾਣੇ ਦੀ ਢਾਬ ਪੁੱਜੇ। ਉਦੋਂ ਤੱਕ ਵਿਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਦੇ ਨਾਲ ਹੋ ਗਈ। ਜ਼ਾਲਮ ਦੀ ਫੌਜ ਵੀ ਪਿੱਛਾ ਕਰਦੀ ਹੋਈ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫੌਜਾਂ ਨੂੰ ਮੁੜਨ ਲਈ ਮਜਬੂਰ ਕਰ ਦਿੱਤਾ। ਮੁੜ ਸ਼ਾਹੀ ਫੌਜ ਦਾ ਗੁਰੂ ਜੀ ਉਤੇ ਹਮਲਾ ਕਰਨ ਦਾ ਕਦੇ ਵੀ ਹੌਸਲਾ ਨਹੀਂ ਹੋਇਆ। ਇਸ ਯੁੱਧ 'ਚ ਉਨ੍ਹਾਂ 40 ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ, ਜਿਹੜੇ ਆਨੰਦਪੁਰ ਸਾਹਿਬ ਤੋਂ ਬੇਦਾਵਾ ਲਿਖ ਕੇ ਦੇ ਆਏ ਸਨ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ- ਬਾਬਾ ਜ਼ੋਰਾਵਰ ਸਿੰਘ (9 ਸਾਲ) ਤੇ ਬਾਬਾ ਫ਼ਤਹਿ ਸਿੰਘ (7 ਸਾਲ) ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਸਿਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿਛੜ ਗਏ ਸਨ। ਉਨ੍ਹਾਂ ਨਾਲ ਸਿਰਫ ਗੁਰੂ ਘਰ ਦਾ ਰਸੋਈਆ ਗੰਗੂ ਸੀ। ਉਹ ਇਨ੍ਹਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦੇ ਲਾਲਚ ਨਾਲ ਉਸ ਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇੱਕ ਬਜ਼ੁਰਗ ਔਰਤ ਅਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿੱਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਇਸਲਾਮ ਕਬੂਲਣ ਲਈ ਡਰਾਇਆ ਤੇ ਧਮਕਾਇਆ ਗਿਆ, ਤਸੀਹੇ ਦਿੱਤੇ ਗਏ। ਜਦੋਂ ਡਰ ਅਤੇ ਤਸੀਹੇ ਇਨ੍ਹਾਂ ਮਹਾਨ ਰੂਹਾਂ ਨੂੰ ਡਰਾ ਨਾ ਸਕੇ ਤਾਂ ਲਾਲਚ ਦਿੱਤੇ ਗਏ, ਪਰ ਸਾਹਿਬਜ਼ਾਦੇ ਅਟਲ ਰਹੇ। ਇਸ ਤੋਂ ਵੱਡੀ ਸਿਰੜ ਤੇ ਸਿਦਕ ਦੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਸੂਬੇਦਾਰ ਨੇ ਗੁੱਸੇ ਵਿੱਚ ਆ ਕੇ ਸਾਹਿਬਜ਼ਾਦਿਆਂ ਨੂੰ ਕੰਧਾਂ ਵਿੱਚ ਚਿਣਵਾਉਣ ਦਾ ਹੁਕਮ ਸੁਣਾ ਦਿੱਤਾ।

ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਤੇ ਇਸਲਾਮ ਕਬੂਲ ਕਰ ਲੈਣਗੇ, ਪਰ ਬੱਚਿਆਂ ਦੇ ਮੁੱਖ ਉੱਤੇ ਇੱਕ ਇਲਾਹੀ ਨੂਰ ਸੀ, ਉਹ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਬੱਚੇ ਅਡੋਲ ਖੜ੍ਹੇ ਸਨ ਤੇ ਰਾਜ ਇੱਟਾਂ ਚਿਣ ਰਿਹਾ ਸੀ। ਇਸ ਤੋਂ ਵੱਡਾ ਸ਼ਾਇਦ ਕੋਈ ਹੋਰ ਜ਼ੁਲਮ ਹੋ ਹੀ ਨਹੀਂ ਸਕਦਾ ਅਤੇ ਇਸ ਤੋਂ ਵੱਡੀ ਹੋਰ ਕੋਈ ਕੁਰਬਾਨੀ ਹੋ ਨਹੀਂ ਸਕਦੀ। ਜਦੋਂ ਇਹ ਖਬਰ ਮਾਤਾ ਗੁਜ਼ਰੀ ਜੀ ਕੋਲ ਪੁੱਜੀ ਤਾਂ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਕਈ ਇਤਿਹਾਸਕਾਰ ਲਿਖਦੇ ਹਨ ਕਿ ਮਾਤਾ ਜੀ ਨੂੰ ਛੱਤ ਤੋਂ ਧੱਕਾ ਦੇ ਕੇ ਥੱਲੇ ਸੁੱਟਿਆ ਗਿਆ। ਇੰਝ ਦਸਮੇਸ਼ ਪਿਤਾ ਨੇ ਖਾਲਸੇ ਦੀ ਸਿਰਜਣਾ ਸ਼ਹੀਦੀ ਰੂਪੀ ਇੱਟਾਂ ਨਾਲ ਕੀਤੀ।



**ਰਵਿੰਦਰ ਸਹਿਰਾਅ**
ਫੋਨ: 219-900-1115

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ਼ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ਼ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਚੌਥੀ ਕਿਸ਼ਤ, ਜਿਸ ਵਿੱਚ ਗੁਰਦੁਆਰਾ ਸੱਚਾ ਸੌਦਾ, ਜੰਡਿਆਲਾ ਸ਼ੇਰ ਖ਼ਾਂ ਅਤੇ ਪੰਜਾ ਸਾਹਿਬ (ਹਸਨ ਅਬਦਾਲ) ਫੇਰੀ ਦਾ ਸੰਖੇਪ ਵੇਰਵਾ ਦਰਜ ਹੈ...*

# ਸਾਂਝੇ ਮੁਕੱਦਸ ਅਸਥਾਨਾਂ ਦੇ ਦਰਸ਼ਨ




## ਗੁਰੂਘਰ ਸੱਚਾ ਸੌਦਾ

ਸ੍ਰੀ ਨਨਕਾਣਾ ਸਾਹਿਬ ਤੋਂ ਕੋਈ ਵੀਹ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ, ਗੁਰੂਘਰ ਸੱਚਾ ਸੌਦਾ (ਚੂਹੜਕਾਣਾ, ਫ਼ਾਰੂਕਾਬਾਦ)। ਨਨਕਾਣਾ ਸਾਹਿਬ ਤੋਂ ਸਾਨੂੰ ਪਿੰਡਾਂ ਵਿੱਚੋਂ ਹੋ ਕੇ ਜਾਣਾ ਪਿਆ, ਪਰ ਇਸ ਬਹਾਨੇ ਅਸੀਂ ਏਧਰਲੇ ਪਿੰਡਾਂ ਦੀ ਹਾਲਤ ਵੀ ਦੇਖ ਲਈ। ਬਿਲਕੁਲ ਮਾਲਵੇ ਜਾਂ ਮਾਝੇ ਦੇ ਪੁਰਾਣੇ ਪਿੰਡਾਂ ਵਰਗੇ। ਰਾਹਾਂ ਕੰਢੇ ਕੂੜੇ ਦੇ ਢੇਰ, ਪਾਥੀਆਂ, ਛੱਪੜ, ਠੇਲ੍ਹੇ, ਨੰਗ-ਧੜੰਗੇ ਖੇਡਦੇ ਬੱਚੇ ਤੇ ਡੌਰ-ਭੌਰ ਜਿਹੇ ਬਜ਼ੁਰਗ ਅਤੇ ਬਜ਼ੁਰਗ ਔਰਤਾਂ। ਸਾਡਾ ਦਿਲ ਕਰੇ ਉਤਰ ਕੇ ਉਨ੍ਹਾਂ ਨਾਲ਼ ਗੱਲਾਂ ਕਰੀਏ, ਪਰ ਵਕਤ ਦੀ ਮਜਬੂਰੀ ਵੀ ਸੀ ਅਤੇ ਦੂਜੇ ਸਿਕਿਓਰਿਟੀ ਦੀ ਸਮੱਸਿਆ ਸੀ, ਕਿਉਂਕਿ ਇੱਕ ਗੁਰੂਘਰ ਤੋਂ ਤੁਰਨ ਸਮੇਂ ਤੁਹਾਨੂੰ ਪੁਲਿਸ ਵਾਲਿਆਂ ਕੋਲ਼ ਲਿਖਵਾਉਣਾ ਪੈਂਦਾ ਕਿ ਅੱਗੇ ਕਿੱਥੇ ਜਾ ਰਹੇ ਹੋ। ਉਹ ਪਹਿਲਾਂ ਹੀ ਤੁਹਾਡੇ ਅਗਲੇ ਪੜਾਅ 'ਤੇ ਆਪਣੇ ਬੰਦੇ ਭੇਜ ਦਿੰਦੇ ਹਨ। ਕਈ ਵੇਰ ਉਹ ਸਿਵਲ ਕੱਪੜਿਆਂ 'ਚ ਹੁੰਦੇ ਹਨ। ਜੇ ਪਹਿਲਾਂ ਹੀ ਉਥੇ ਪੁਲਿਸ ਟੁਕੜੀ ਤਾਇਨਾਤ ਹੋਵੇ ਤਾਂ ਉਨ੍ਹਾਂ ਨੂੰ ਸੁਨੇਹਾ ਲਾ ਦਿੰਦੇ ਹਨ।

ਅਸੀਂ ਕੋਈ ਪੌਣੇ ਘੰਟੇ ਵਿੱਚ ਗੁਰੂਘਰ ਅੱਗੇ ਉਤਰੇ। ਬਹੁਤ ਹੀ ਸੁੰਦਰ ਇਮਾਰਤ ਬਾਹਰੋਂ ਹੀ ਦਿਸ ਰਹੀ ਸੀ। ਦਰਵਾਜ਼ੇ 'ਚੋਂ ਲੰਘਦਿਆਂ ਖੁੱਲ੍ਹੇ ਲਾਅਨ ਵਿੱਚ ਬੜੇ ਸਲੀਕੇ ਨਾਲ਼ ਫੁੱਲ ਬੂਟੇ ਲਾਏ ਹੋਏ। ਦੱਸਦੇ ਹਨ ਕਿ ਦੂਜੇ ਬਹੁਤੇ ਗੁਰੂਘਰਾਂ ਦੀ ਤਰ੍ਹਾਂ ਇਸ ਦੀ ਉਸਾਰੀ ਵੀ ਮਹਾਰਾਜਾ ਰਣਜੀਤ ਸਿੰਘ ਦੇ ਹੁਕਮਾਂ 'ਤੇ ਕਰਵਾਈ ਗਈ ਸੀ। ਫਿਰ 1947 ਤੱਕ ਇਹ ਬੰਦ ਰਿਹਾ। ਬਾਹਰ ਵਿਹੜੇ ਵਿੱਚ ਸਦੀਆਂ ਪੁਰਾਣਾ ਉਹ ਵਣ ਰੁੱਖ ਵੀ ਹੈ, ਜਿਸ ਥੱਲੇ ਦੱਸਿਆ ਜਾਂਦਾ ਹੈ ਕਿ ਏਥੇ ਨਾਨਕ ਨੇ ਭੁੱਖੇ ਸਾਧੂਆਂ ਨੂੰ ਬਾਪ ਵੱਲੋਂ ਵਿਉਪਾਰ ਕਰਨ ਲਈ ਦਿੱਤੇ ਵੀਹ ਰੁਪਏ ਖ਼ਰਚ ਕੇ ਉਨ੍ਹਾਂ ਨੂੰ ਲੰਗਰ ਛਕਾ ਦਿੱਤਾ ਸੀ। ਇਹ ਇੱਕ ਸਾਖੀ ਵਿੱਚ ਲਿਖਿਆ ਮਿਲਦਾ ਹੈ; ਪਰ ਬਹੁਤੇ ਵਿਦਵਾਨ ਖ਼ਾਸ ਕਰਕੇ ਡਾ. ਹਰਜਿੰਦਰ ਸਿੰਘ ਦਿਲਗੀਰ ਇਸ ਨੂੰ ਸਹੀ ਨਹੀਂ ਮੰਨਦੇ। ਉਹ ਦੱਸਦੇ ਹਨ ਕਿ ਉਸ ਸਮੇਂ ਵੀਹ ਰੁਪਈਆਂ ਨਾਲ਼ ਕੁਝ ਕੁ ਸਾਧੂਆਂ ਨੂੰ ਨਹੀਂ, ਸਗੋਂ ਕਈ ਹਜ਼ਾਰ ਭੁੱਖਿਆਂ ਨੂੰ ਖਾਣਾ ਖੁਆਇਆ ਜਾ ਸਕਦਾ ਸੀ। ਉਂਜ ਵੀ ਇਹ ਸਾਖੀ ਸਿਰਫ਼ ਬਾਲੇ ਵਾਲੀ ਸਾਖੀਆਂ ਵਿੱਚ ਹੀ ਮਿਲਦੀ ਦੱਸੀ ਗਈ ਹੈ। ਬਹੁਤੇ ਵਿਦਵਾਨਾਂ ਦਾ ਮੱਤ ਹੈ ਕਿ ਬਾਲੇ ਦਾ ਕਿਰਦਾਰ ਬਾਬੇ ਦੀ ਜ਼ਿੰਦਗੀ ਵਿੱਚ ਹੋਇਆ ਈ ਨਹੀਂ। ਭਾਈ ਮਰਦਾਨਾ ਹੀ ਉਨ੍ਹਾਂ ਦੇ ਅੰਤਲੇ ਦਮ ਤਕ ਸਾਥੀ ਰਹੇ। ਇਸ ਗੁਰੂਘਰ ਦੇ ਨਾਂ 250 ਵਿੱਘੇ ਜ਼ਮੀਨ ਵੀ ਮਹਾਰਾਜਾ ਰਣਜੀਤ ਸਿੰਘ ਵੱਲੋਂ ਲੁਆਈ ਦੱਸੀ ਜਾਂਦੀ ਹੈ। ਪਹਿਲਾਂ ਇਸਦਾ ਪ੍ਰਬੰਧ ਉਦਾਸੀ ਸਾਧਾਂ ਕੋਲ ਸੀ। ਜਥੇਦਾਰ ਕਰਤਾਰ ਸਿੰਘ ਝੱਬਰ ਨੇ 30 ਦਸੰਬਰ 1920 ਨੂੰ ਇਸਨੂੰ ਆਜ਼ਾਦ ਕਰਵਾਇਆ। ਅੱਜ ਕੱਲ੍ਹ ਹੋਰ ਗੁਰਦਵਾਰਿਆਂ ਵਾਂਗ ਇਹਦਾ ਪ੍ਰਬੰਧ ਵੀ ਵਕਫ਼ ਬੋਰਡ ਪਾਕਿਸਤਾਨ ਕੋਲ ਹੈ।

ਅਸੀਂ ਗੁਰੂਘਰ ਦੇ ਦਰਬਾਰ ਵਿੱਚ ਦਾਖ਼ਲ ਹੋਏ ਤਾਂ ਵਕਫ਼ ਬੋਰਡ ਦੇ ਇੱਕ ਨੌਜੁਆਨ ਮੁਲਾਜ਼ਮ ਨੇ ਸਾਡਾ ਸਵਾਗਤ ਕੀਤਾ। ਭਾਈ ਸਾਹਿਬ ਅਜੇ ਉੱਥੇ ਨਹੀਂ ਸਨ। ਉਹ ਆਪਣੀ ਰਿਹਾਇਸ਼ (ਜੋ ਗੁਰਦਵਾਰੇ ਦੇ ਅੰਦਰ ਹੀ ਸੀ) 'ਤੇ ਤਿਆਰ ਹੋ ਰਹੇ ਸਨ। ਉਨ੍ਹਾਂ ਆ ਕੇ ਅਰਦਾਸ ਕੀਤੀ ਤੇ ਸਾਨੂੰ ਸਿਰੋਪਾਓ ਦਿੱਤਾ।

ਥੋੜ੍ਹੀ ਦੇਰ ਬਾਅਦ ਅਸੀਂ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠੇ। ਭਾਈ ਸਾਹਿਬ ਨੇ ਰਵਾਇਤੀ ਕਿਸਮ ਦੇ ਪ੍ਰਵਚਨ ਕੀਤੇ। ਅਸੀਂ ਸਤਿਬਚਨ ਕਹਿ ਕੇ ਸੁਣੀ ਜਾ ਰਹੇ ਸਾਂ। ਭਾਈ ਸਾਹਿਬ ਨੇ ਕਿਤੇ ਹੋਰ ਜਾਣਾ ਸੀ ਤੇ ਸਾਡੇ ਕੋਲੋਂ ਵਿਦਾਈ ਲਈ। ਉਂਜ ਕਾਹਲ ਸਾਨੂੰ ਵੀ ਸੀ, ਕਿਉਂਕਿ ਅਸੀਂ ਅੱਗੇ ਜੰਡਿਆਲਾ ਸ਼ੇਰ ਖ਼ਾਂ ਰੁਕਣਾ ਸੀ। ਉੱਠਣ ਲੱਗੇ ਤਾਂ ਵਕਫ਼ ਬੋਰਡ ਦਾ ਨੌਜਵਾਨ ਮੁਲਾਜ਼ਮ ਸਾਨੂੰ ਪੁੱਛਦਾ ਕਿ ਕਿਹੜੇ ਕੰਟਰੀ ਤੋਂ ਆਏ ਹੋ। ਮੈਂ ਦੱਸਿਆ ਕਿ ਅਮੈਰਿਕਾ ਤੋਂ। ਉਸਦੇ ਅਗਲੇ ਸਵਾਲ ਨੇ ਮੈਨੂੰ ਹੈਰਾਨੀ ਭਰੀ ਖ਼ੁਸ਼ੀ ਦਿੱਤੀ। ਉਸ ਪੁੱਛਿਆ ਕਿ ਤੁਸੀਂ ਇੱਕ ਅਮਰੀਕਨ ਨਾਵਲਕਾਰ ਹੈਮਿੰਗਵੇ ਦਾ ਨਾਵਲ 'ਓਲਡ ਮੈਨ ਐਂਡ ਦ ਸੀ' ਪੜ੍ਹਿਆ ਹੈ? ਮੈਂ ਦੱਸਿਆ ਕਿ ਗੁਰਮੁਖੀ ਤੇ ਅੰਗਰੇਜ਼ੀ- ਦੋਹਾਂ 'ਚ ਹੀ ਪੜ੍ਹਿਆ ਹੈ। ਇਹ ਨਾਵਲ ਉਹਨੇ ਕਿਊਬਾ 'ਚ ਲਿਖਿਆ ਸੀ ਅਤੇ ਇਸਨੇ ਨੋਬਲ ਪ੍ਰਾਈਜ਼ ਵੀ ਜਿੱਤਿਆ ਸੀ; ਪਰ ਅਮੈਰਿਕਾ ਆ ਕੇ ਹੈਮਿੰਗਵੇ ਨੇ ਖ਼ੁਦਕੁਸ਼ੀ ਕਰ ਲਈ ਸੀ। ਸਾਡਾ ਦਿਲ ਕਰਦਾ ਸੀ ਕਿ ਉਸ ਨਾਲ਼ ਹੋਰ ਗੱਲਾਂ ਕਰੀਏ। ਬਿਨਾਂ ਸ਼ੱਕ ਉਹਨੇ ਹੋਰ ਵੀ ਸਾਹਿਤ ਜ਼ਰੂਰ ਪੜ੍ਹਿਆ ਹੋਵੇਗਾ, ਪਰ ਸਾਨੂੰ ਸੁਖ਼ਨ ਦੇ ਵਾਰਿਸ ਦਾ ਪਿੰਡ ਜੰਡਿਆਲਾ ਸ਼ੇਰ ਖ਼ਾਂ ਉਡੀਕ ਰਿਹਾ ਸੀ।

ਅਸੀਂ ਵਿਦਾਇਗੀ ਲਈ ਤੇ ਸਿਰੋਪਿਆਂ ਲਈ ਧੰਨਵਾਦ ਕੀਤਾ। ਭਾਵੇਂ ਧਰਮ ਪ੍ਰਤੀ ਸਾਡਾ ਵੱਖਰਾ ਨਜ਼ਰੀਆ ਹੈ, ਪਰ ਵਕਤ ਦੀ ਨਜ਼ਾਕਤ ਨੂੰ ਦੇਖਦਿਆਂ ਨਾ ਤਾਂ ਅਸੀਂ ਸਿਰੋਪਿਆਂ ਨੂੰ ਨਾਂਹ ਕੀਤੀ ਅਤੇ ਨਾ ਹੀ ਕਿਸੇ ਬਹਿਸ ਵਿੱਚ ਪੈਣਾ ਚਾਹੁੰਦੇ ਸੀ। ਸਰਬ-ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਬਾਬਾ ਨਾਨਕ ਨੂੰ ਯਾਦ ਕਰਦਿਆਂ ਅਗਾਂਹ ਚਲਦੇ ਹਾਂ।

## ਜੰਡਿਆਲਾ ਸ਼ੇਰ ਖ਼ਾਂ


ਜੰਡਿਆਲਾ ਸ਼ੇਰ ਖ਼ਾਂ ਜ਼ਿਲ੍ਹਾ ਸ਼ੇਖ਼ੂਪੁਰ ਵਿੱਚ ਪੈਂਦਾ ਹੈ। ਪੰਜਾਬੀ ਦੇ ਮਹਿਬੂਬ ਸ਼ਾਇਰ ਵਾਰਿਸ ਸ਼ਾਹ ਦੀ ਜੰਮਣ ਭੂਮੀ; ਜਿਸ ਬਾਰੇ ਮੀਆਂ ਮੁਹੰਮਦ ਬਖ਼ਸ਼ ਨੇ ਇੱਕ ਜਗ੍ਹਾ ਲਿਖਿਆ ਹੈ:

ਵਾਰਿਸ ਸ਼ਾਹ ਸੁਖ਼ਨ ਦਾ ਵਾਰਿਸ, ਨਿੰਦੇ ਕੌਣ ਉਨ੍ਹਾਂ ਨੂੰ,

ਹਰਫ਼ ਉਹਦੇ 'ਤੇ ਉਂਗਲ ਧਰਨੀ, ਨਾਹੀਂ ਕਦਰ ਅਸਾਂ ਨੂੰ।

ਵਾਰਿਸ ਸ਼ਾਹ ਦਾ ਜਨਮ 23 ਜਨਵਰੀ 1722 ਦਾ ਦੱਸਦੇ ਹਨ, ਮਲਿਕਾ ਹਾਂਸ ਨਾਂ ਦੇ ਕਸਬੇ ਵਿੱਚ ਜਿੱਥੇ ਉਨ੍ਹਾਂ ਨੇ ਹੀਰ ਮੁਕੰਮਲ ਕੀਤੀ। ਉਨ੍ਹਾਂ ਦੀ ਮੌਤ 1798 ਈ. ਵਿੱਚ ਹੋਈ। ਦੱਸਿਆ ਜਾਂਦਾ ਹੈ ਕਿ ਬਾਦਸ਼ਾਹ ਅਕਬਰ ਦਾ ਇੱਕ ਟਹਿਲਦਾਰ ਸ਼ੇਰ ਖਾਂ ਖੋਖਰ ਸੀ। ਅਕਬਰ ਨੇ ਉਹਨੂੰ ਜਗੀਰ ਬਖ਼ਸ਼ੀ, ਜਿਸ ਵਿੱਚ ਜੰਡਾਂ ਦੇ ਦਰਖ਼ਤਾਂ ਦੀ ਭਰਮਾਰ ਸੀ। ਉਸੇ ਕਾਰਨ ਇਹਦਾ ਨਾਂ ਜੰਡਿਆਲਾ ਤੇ ਫਿਰ ਜੰਡਿਆਲਾ ਸ਼ੇਰ ਖ਼ਾ ਪੈ ਗਿਆ।

ਚੂਹੜਕਾਣਾ ਤੋਂ ਤੁਰਨ ਸਮੇਂ ਦਿਲ ਵਿੱਚ ਅਜੀਬ ਕਿਸਮ ਦਾ ਚਾਅ ਸੀ। ਇਨ੍ਹੀਂ ਦਿਨੀਂ ਵਾਰਿਸ ਸ਼ਾਹ ਦੀ ਸੌਵੀਂ ਜਨਮ ਸ਼ਤਾਬਦੀ ਵੀ ਮਨਾਈ ਜਾ ਰਹੀ ਸੀ। ਚੜ੍ਹਦੇ ਪੰਜਾਬ ਵਿੱਚ ਬੜੇ ਪ੍ਰੋਗਰਾਮ ਉਲੀਕੇ ਗਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਉਚੇਚੇ ਪ੍ਰੋਗਰਾਮ ਦਾ ਸਿਲਸਿਲਾ ਚਲਦਾ ਰਿਹਾ। ਲਹਿੰਦੇ ਪੰਜਾਬ ਤੋਂ ਕਿੰਨੇ ਹੀ ਅਦੀਬਾਂ ਨੂੰ ਸੱਦਾ ਪੱਤਰ ਵੀ ਭੇਜੇ ਗਏ, ਪਰ ਵੀਜ਼ਾ ਨਾ ਲੱਗਣ ਕਾਰਨ ਕੋਈ ਵੀ ਨਹੀਂ ਪਹੁੰਚ ਸਕਿਆ। ਤਾਹਿਰ ਦੱਸਦਾ ਸੀ ਕਿ ਉਹਨੇ, ਬਾਬਾ ਨਜ਼ਮੀ ਅਤੇ ਡਾ. ਨਬੀਲਾ ਨੇ ਵੀ ਆਉਣਾ ਸੀ ਪਰ ਵੀਜ਼ੇ ਕਰਕੇ ਨਹੀਂ ਆ ਸਕੇ। ਮਨ ਦੁਖੀ ਵੀ ਹੁੰਦਾ ਹੈ ਕਿ ਸਾਡੇ ਏਡੇ ਵੱਡੇ ਸ਼ਾਇਰ ਦੀ ਜਨਮ ਸ਼ਤਾਬਦੀ ਹੋਵੇ ਤੇ ਉਹਦੀ ਜੰਮਣ ਭੋਂ ਵਾਲੇ ਪਾਸਿਉਂ ਕੋਈ ਸ਼ਿਰਕਤ ਹੀ ਨਾ ਕਰ ਸਕੇ। ਪਤਾ ਨਹੀਂ ਸਾਡੀਆਂ ਹਕੂਮਤਾਂ ਨੂੰ ਹੁਣ ਸ਼ਾਇਰਾਂ, ਅਦੀਬਾਂ ਕੋਲੋਂ ਕਿਉਂ ਡਰ ਲੱਗਣ ਲੱਗ ਪਿਆ ਹੈ! ਇਨ੍ਹਾਂ ਭਲੇ ਲੋਕਾਂ ਨੇ ਕਿਹੜਾ ਕਿਸੇ ਹਕੂਮਤ ਦੀ ਜਾਸੂਸੀ ਕਰਨੀ ਹੁੰਦੀ ਹੈ। ਜਿਹੜੇ ਅਜਿਹੀਆਂ ਹਰਕਤਾਂ ਕਰਦੇ ਹਨ, ਉਹ ਤਾਂ ਇਨ੍ਹਾਂ ਤੋਂ ਸਾਂਭੇ ਨਹੀਂ ਜਾ ਰਹੇ। ਦੋਵੇਂ ਪਾਸਿਆਂ ਦੀਆਂ ਸਰਕਾਰਾਂ ਜੇਕਰ ਸੱਭਿਆਚਾਰਕ ਸਾਂਝ ਵਧਾਉਣ ਲਈ ਵੀਜ਼ੇ ਵਿੱਚ ਢਿੱਲ ਦੇ ਦੇਣ ਤਾਂ ਮੁਹੱਬਤ ਹੀ ਵਧੇਗੀ। ਦਿਮਾਗ਼ਾਂ ਵਿੱਚ ਧੁਖ਼ਦੀ ਅੱਗ ਉੱਪਰ ਪਾਣੀ ਦੇ ਛੱਟੇ ਹੀ ਪੈਣਗੇ, ਪਰ ਇਹ ਸਭ ਸਾਡੇ ਵੱਸ ਦੀ ਗੱਲ ਹੈ ਨਹੀਂ, ਅਸੀਂ ਤਾਂ ਸਿਰਫ਼ ਕੋਸ਼ਿਸ਼ਾਂ ਹੀ ਕਰ ਸਕਦੇ ਹਾਂ।



ਪੰਜਾ ਸਾਹਿਬ (ਹਸਨ ਅਬਦਾਲ) ਵਿਖੇ

ਰਸਤੇ 'ਚ ਪੁੱਛਦੇ-ਪੁਛਾਉਂਦੇ ਹੁਣ ਅਸੀਂ ਵਾਰਿਸ ਸ਼ਾਹ ਦੀ ਮਜ਼ਾਰ ਅੱਗੇ ਖੜ੍ਹੇ ਹਾਂ। ਗੇਟ ਦੇ ਨਾਲ਼ ਫੁੱਲਾਂ ਦੀਆਂ ਦੁਕਾਨਾਂ ਹਨ। ਲੋਕੀਂ ਮਜ਼ਾਰ ਉਪਰ ਚੜ੍ਹਾਉਣ ਲਈ ਫੁੱਲ-ਪੱਤੀਆਂ ਖ਼ਰੀਦ ਰਹੇ ਸਨ। ਅਸੀਂ ਵੀ ਖ਼ਰੀਦੀਆਂ। ਇੱਧਰ ਆ ਕੇ ਮੈਂ ਇੱਕ ਗੱਲ ਦੇਖੀ ਕਿ ਕਿਵੇਂ ਲੋਕੀਂ ਆਪਣੇ ਪੀਰਾਂ-ਫ਼ਕੀਰਾਂ ਤੇ ਸ਼ਾਇਰਾਂ ਨੂੰ ਅਕੀਦਤ ਪੇਸ਼ ਕਰਦਿਆਂ ਫੁੱਲ-ਪੱਤੀਆਂ ਉਨ੍ਹਾਂ ਦੀ ਮਜ਼ਾਰ ਉਪਰ ਬਖੇਰਦੇ ਹਨ। ਇਹ ਉਨ੍ਹਾਂ ਦੇ ਸਤਿਕਾਰ ਦਾ ਇੱਕ ਢੰਗ ਹੀ ਕਿਹਾ ਜਾ ਸਕਦਾ ਹੈ।

ਮੁੱਖ ਦਰਵਾਜ਼ੇ 'ਚੋਂ ਲੰਘ ਕੇ ਬਹੁਤ ਥੋੜ੍ਹੀ ਜਿਹੀ ਵਿੱਥ 'ਤੇ ਇੱਕ ਛੋਟੀ ਜਿਹੀ ਖ਼ੂਬਸੂਰਤ ਇਮਾਰਤ ਵਿੱਚ ਸਾਡਾ ਸ਼ਾਇਰ ਸੁੱਤਾ ਪਿਆ ਹੈ। ਅਸੀਂ ਪੋਲੇ ਜਿਹੇ ਪੈਰੀਂ ਉਸ ਕੋਲ ਖੜ੍ਹ ਗਏ। ਫੁੱਲ-ਪੱਤੀਆਂ ਨਾਲ਼ ਅਕੀਦਤ ਪੇਸ਼ ਕਰਦਿਆਂ ਮਨ ਹੀ ਮਨ ਉਸਦੀ ਮਹਿਮਾ ਕੀਤੀ। ਡਰ ਵੀ ਸੀ ਕਿ ਸਾਡਾ ਇਹ ਮਹਾਨ ਸ਼ਾਇਰ ਕਿਤੇ ਜਾਗ ਨਾ ਜਾਵੇ, ਜਾਣੀ ਉਹਦੀ ਨੀਂਦ ਨਾ ਉੱਖੜ ਜਾਵੇ।

ਬੁੱਲ੍ਹੇ ਦੇ ਦਰਬਾਰ ਵਾਂਗ ਏਥੇ ਵੀ ਮਜ਼ਾਰ ਦੁਆਲ਼ੇ ਕਾਫ਼ੀ ਖੁੱਲ੍ਹੀ ਜਗ੍ਹਾ ਹੈ। ਆਲ਼ੇ-ਦੁਆਲ਼ੇ ਬਰਾਂਡੇ ਹਨ। ਬਾਹਰ ਮੱਠੀ-ਮੱਠੀ ਧੁੱਪ ਸੀ; ਨਵੰਬਰ ਦੀ ਤੀਹ ਤਰੀਕ। ਲੋਕੀਂ ਸਾਡੇ ਵੱਲ ਬੜੀ ਉਤਸੁਕਤਾ ਨਾਲ਼ ਦੇਖ ਰਹੇ ਸਨ। ਬਾਹਰ ਧੁੱਪ ਵਿੱਚ ਦਰੀ ਵਿਛਾਅ ਕੇ ਇੱਕ ਫ਼ਕੀਰ ਹੀਰ ਦਾ ਗਾਇਨ ਕਰ ਰਿਹਾ ਸੀ। ਕੁਝ ਲੋਕ ਉਸ ਦੁਆਲ਼ੇ ਜੁੜ ਬੈਠੇ ਹਨ ਤੇ ਅਸੀਂ ਵੀ ਜਾ ਕੇ ਬਹਿ ਗਏ। ਸ਼ਾਹਜੇਬ ਤੇ ਅਜਾਜ ਵੀ ਮੇਰੇ ਨਾਲ਼ ਬਹਿ ਗਏ। ਬਹੁਤ ਆਨੰਦ ਆਇਆ। ਮੈਂ ਉਸ ਫ਼ਕੀਰ ਨੂੰ ਆਪਣੀ ਮਰਜ਼ੀ ਦੇ ਬੰਦ ਜਦੋਂ ਮੱਝਾਂ ਘਾਹ ਖਾਣ ਤੋਂ ਨਾਂਹ ਕਰਦੀਆਂ ਹਨ ਤਾਂ ਹੀਰ ਦਾ ਬਾਪ ਫਿਰ ਰਾਂਝੇ ਨੂੰ ਮੋੜ ਲਿਆਉਂਦਾ ਹੈ, ਦਾ ਗਾਇਨ ਕਰਨ ਦੀ ਅਰਜ਼ ਕੀਤੀ। ਪਲ ਵਿੱਚ ਹੀ ਉਹ ਗਾਉਣ ਲੱਗਿਆ। ਥੋੜ੍ਹੀ ਦੇਰ ਬੈਠਣ ਤੋਂ ਬਾਅਦ ਅਸੀਂ ਉਸਦੀ ਝੋਲੀ ਵਿੱਚ ਤਿਲ-ਫੁੱਲ ਪਾ ਕੇ ਵਿਦਾ ਲੈ ਲਈ। ਇਹ ਫ਼ਕੀਰ ਵੀਹ ਸਾਲਾਂ ਤੋਂ ਹਰ ਰੋਜ਼ ਇੱਥੇ ਗਾਉਂਦਾ ਆ ਰਿਹਾ ਹੈ।





ਮਲਕਾ ਹਾਂਸ ਦੀ ਉਹ ਮਸੀਤ ਜਿੱਥੇ ਵਾਰਿਸ ਸ਼ਾਹ ਨੇ ਹੀਰ ਮੁਕੰਮਲ ਕੀਤੀ ਅਤੇ (ਸੱਜੇ) ਧੁੱਪ ਵਿੱਚ ਦਰੀ ਵਿਛਾਅ ਕੇ ਇੱਕ ਫ਼ਕੀਰ ਹੀਰ ਦਾ ਗਾਇਨ ਕਰਦਾ ਹੋਇਆ

## ਪੰਜਾ ਸਾਹਿਬ (ਹਸਨ ਅਬਦਾਲ)

ਪਹਿਲੀ ਦਸੰਬਰ 2022 ਦਾ ਦਿਨ ਅਸੀਂ ਹਸਨ ਅਬਦਾਲ ਜ਼ਿਲ੍ਹਾ ਅੱਟਕ ਲਈ ਰੱਖਿਆ ਹੋਇਆ ਸੀ। ਪੰਜਾ ਸਾਹਿਬ ਗੁਰੂਘਰ ਏਥੇ ਹੀ ਹੈ। ਦਰਅਸਲ ਅਸੀਂ ਕਿਤੇ ਵੀ ਦੂਰ ਜਾਂ ਨੇੜੇ ਜਾ ਕੇ ਮੁੜ ਰਾਤ ਨੂੰ ਲਾਹੌਰ ਹੋਟਲ ਵਿੱਚ ਆ ਕੇ ਰਹਿੰਦੇ ਸੀ। ਇੱਕ ਦਿਨ ਪਹਿਲਾਂ ਜਾਂ ਸ਼ਾਮ ਨੂੰ ਅਗਲੇ ਦਿਨ ਦਾ ਪ੍ਰੋਗਰਾਮ ਉਲੀਕਦੇ ਸੀ। ਤਾਹਿਰ ਸੰਧੂ ਜਾਂ ਮੁਸ਼ਤਾਕ ਸੂਫ਼ੀ ਨੂੰ ਵੀ ਇਸ ਦੀ ਜਾਣਕਾਰੀ ਹੁੰਦੀ ਸੀ। ਉਂਜ ਅੱਜ ਕੱਲ੍ਹ ਤਾਹਿਰ ਦਾ ਭਾਣਜਾ ਸ਼ਾਹਜੇਬ ਸਾਡੇ ਨਾਲ਼ ਸੀ।

ਪੰਜਾ ਸਾਹਿਬ ਸਾਡੇ ਲਈ ਬੜਾ ਰਹੱਸਮਈ ਸੀ। ਛੋਟੇ ਹੁੰਦੇ ਸੁਣਦੇ ਆ ਰਹੇ ਸੀ ਕਿ ਇਸ ਜਗ੍ਹਾ ਜਦੋਂ ਮਰਦਾਨੇ ਨੂੰ ਪਿਆਸ ਲੱਗੀ ਤਾਂ ਬਾਬੇ ਨਾਨਕ ਕਿਹਾ ਕਿ ਔਹ ਉਪਰ ਪਹਾੜੀ ਉੱਪਰ ਵਲੀ ਕੰਧਾਰੀ ਕੋਲ ਪਾਣੀ ਹੈ, ਉੱਥੋਂ ਜਾ ਕੇ ਪੀ ਆ। ਵਲੀ ਕੰਧਾਰੀ ਇੱਕ-ਦੋ ਵੇਰ ਨਾਂਹ ਕਰਦਾ ਹੈ, ਪਰ ਜਦੋਂ ਮਰਦਾਨਾ ਫਿਰ ਜਾ ਕੇ ਅਰਜ਼ ਕਰਦਾ ਹੈ ਤਾਂ ਗੁੱਸੇ 'ਚ ਆਇਆ ਵਲੀ ਕੰਧਾਰੀ ਉਪਰੋਂ ਭਾਰੀ ਪੱਥਰ ਰੋੜ੍ਹ ਦਿੰਦਾ ਹੈ। ਜਿਸ ਨੂੰ ਬਾਬਾ ਨਾਨਕ ਪੰਜੇ ਨਾਲ਼ ਰੋਕ ਲੈਂਦੇ ਹਨ। ਹੈ ਨਾ ਕਰਾਮਾਤ! ਬਾਬਾ ਨਾਨਕ ਜੋ ਕਰਾਮਾਤਾਂ ਦੇ ਵਿਰੁੱਧ ਸੀ, ਸਾਖ਼ੀਕਾਰਾਂ ਨੇ ਬਾਬੇ ਨੂੰ ਦੂਜੇ ਪੈਗ਼ੰਬਰਾਂ ਦੇ ਮੁਕਾਬਲੇ ਦਾ ਸਿੱਧ ਕਰਨ ਲਈ ਇਹ ਵੀ ਕਰ ਵਿਖਾਇਆ, ਪਰ ਅਸੀਂ ਇਹ ਅੱਖੀਂ ਦੇਖਣਾ ਚਾਹੁੰਦੇ ਸੀ।

ਲਾਹੌਰ ਤੋਂ ਮੋਟਰਵੇ ਰਾਹੀਂ ਤਕਰੀਬਨ 410 ਕਿਲੋਮੀਟਰ ਦਾ ਇਹ ਸਫ਼ਰ ਪੰਜ ਸਾਢੇ ਪੰਜ ਘੰਟੇ ਦਾ ਹੈ। ਜੀ.ਟੀ. ਰੋਡ ਰਾਹੀਂ ਦੋ ਘੰਟੇ ਜ਼ਿਆਦਾ ਲੱਗਦੇ ਹਨ। ਸਾਨੂੰ ਤਾਹਿਰ ਵਾਰ-ਵਾਰ ਕਹਿ ਰਿਹਾ ਸੀ ਕਿ ਇਨ੍ਹੀਂ ਦਿਨੀਂ ਧੁੰਦ ਪੈ ਜਾਵੇ ਤਾਂ ਫਿਰ ਮੋਟਰਵੇ ਬੰਦ ਕਰ ਦਿੱਤਾ ਜਾਂਦਾ ਹੈ, ਕਿਉਂਕਿ ਉਥੋਂ ਦੇ ਮੋਟਰਵੇ ਜ਼ਮੀਨੀ ਧਰਾਤਲ ਤੋਂ ਉੱਚੇ ਬਣਾਏ ਹੋਏ ਹਨ। ਇਸ ਕਰਕੇ ਧੁੰਦ ਵੀ ਜ਼ਿਆਦਾ ਪੈਂਦੀ ਹੈ। ਫਿਰ ਧੁੰਦ ਖਿੰਡਣ ਤੋਂ ਬਾਅਦ ਹੀ ਖੋਲ੍ਹੇ ਜਾਂਦੇ ਹਨ। ਸਾਡੇ ਹੋਟਲ ਵਿੱਚ ਨਾਸ਼ਤਾ ਸਵੇਰੇ ਸੱਤ ਵਜੇ ਸ਼ੁਰੂ ਹੋ ਜਾਂਦਾ ਸੀ, ਪਰ ਉਸ ਦਿਨ ਅਸੀਂ ਨਾਸ਼ਤਾ ਕੀਤੇ ਬਗ਼ੈਰ ਹੀ ਤੁਰਨ ਦਾ ਫ਼ੈਸਲਾ ਕੀਤਾ ਤਾਂ ਕਿ ਟਾਈਮ ਬਚ ਸਕੇ। ਸਾਡਾ ਡਰਾਈਵਰ ਅਜਾਜ, ਤਾਹਿਰ ਦੇ ਘਰੋਂ ਸ਼ਾਹਜੇਬ ਨੂੰ ਲੈ ਕੇ ਸੱਤ ਵਜੇ ਤੋਂ ਪਹਿਲਾਂ ਹੀ ਹੋਟਲ ਪਹੁੰਚ ਗਿਆ। ਲਾਹੌਰ ਵਿੱਚ ਅਸੀਂ ਦੇਖਿਆ ਕਿ ਅੱਧੀ ਰਾਤ ਤਕ ਪੂਰੀ ਚਹਿਲ-ਪਹਿਲ ਹੁੰਦੀ ਹੈ ਅਤੇ ਸਵੇਰੇ ਗਿਆਰਾਂ ਵਜੇ ਤਕ ਇਵੇਂ ਲੱਗਦਾ ਜਿਵੇਂ ਕੋਈ ਵਸਦਾ ਈ ਨਾ ਹੋਵੇ। ਦੁਕਾਨਾਂ ਵੀ ਬਹੁਤ ਲੇਟ ਖੁਲ੍ਹਦੀਆਂ ਹਨ। ਸੋ ਅਸੀਂ ਪੰਜ-ਦਸ ਮਿੰਟਾਂ ਵਿੱਚ ਹੀ ਉਸ ਜਗ੍ਹਾ ਪਹੁੰਚ ਗਏ, ਜਿੱਥੋਂ ਮੋਟਰਵੇ ਲੈਣਾ ਸੀ। ਆਹ ਤੇ ਓਹੀ ਗੱਲ ਹੋਈ ਮੋਟਰਵੇ ਬੰਦ। ਹੁਣ ਕੀ ਕੀਤਾ ਜਾਵੇ! ਅਜਾਜ ਸਾਡੇ ਨਾਲ਼ ਕਾਫ਼ੀ ਘੁਲ-ਮਿਲ ਗਿਆ ਸੀ। ਕਹਿੰਦਾ, 'ਸਰਦਾਰ ਜੀ ਫ਼ਿਕਰ ਨਾ ਕਰੋ, ਆਪਾਂ ਜੀ.ਟੀ. ਰੋਡ ਲੈ ਲੈਨੇ ਆਂ।' ਲਉ ਜੀ ਗੱਡੀ ਪਾ ਲਈ ਉਹਨੇ ਜੀ.ਟੀ. ਰੋਡ ਉੱਪਰ। ਅਸੀਂ ਨਾਸ਼ਤਾ ਤਾਂ ਕਰਕੇ ਨਹੀਂ ਸੀ ਆਏ ਸੋ ਉਹਨੂੰ ਕਿਹਾ ਕਿ ਜਿੱਥੇ ਵੀ ਕੋਈ ਚੰਗਾ ਜਿਹਾ ਢਾਬਾ ਮਿਲੇ, ਗੱਡੀ ਰੋਕ ਲਈਂ; ਪਰ ਇੱਕ ਘੰਟਾ, ਦੋ ਘੰਟਾ, ਤੀਜਾ ਘੰਟਾ ਵੀ ਗੁਜ਼ਰ ਗਿਆ, ਸਾਨੂੰ ਕੋਈ ਢਾਬਾ ਖੁੱਲ੍ਹਾ ਨਾ ਮਿਲਿਆ। ਜੇਕਰ ਕੋਈ ਖੁੱਲ੍ਹਾ ਵੀ ਸੀ ਤਾਂ ਬਹਿਣ ਦੇ ਕਾਬਲ ਨਹੀਂ ਸੀ।

ਅਸੀਂ ਗੁੱਜਰਾਂਵਾਲਾ, ਗੱਖੜ, ਵਜ਼ੀਰਾਬਾਦ, ਗੁਜਰਾਤ, ਲਾਲਾ ਮੂਸਾ, ਖਾਰੀਆਂ, ਸਰਾਏ ਆਲਮਗੀਰ ਵੀ ਲੰਘ ਗਏ। ਹੁਣ ਭੁੱਖ ਸਹਿਣੀ ਔਖੀ ਹੋ ਰਹੀ ਸੀ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਫਿਲਮ ਅਦਾਕਾਰ ਧਰਮਿੰਦਰ ਬਾਰੇ ਕੁਝ ਸੁਣੇ-ਸੁਣਾਏ ਕਿੱਸੇ

**ਜਸਵੀਰ ਸਿੰਘ ਸ਼ੀਰੀ**


ਹਿੰਦੀ ਸਿਨੇਮਾ ਦੇ ਮਹਾਂਬਲੀ ਅਦਾਕਾਰ ਧਰਮਿੰਦਰ ਸਿੰਘ ਦਿਉਲ ਪਿਛਲੇ ਦਿਨੀਂ ਚਲਾਣਾ ਕਰ ਗਏ ਹਨ। ਲੁਧਿਆਣਾ ਦੇ ਪਿੰਡ ਨਸਰਾਲੀ ਵਿਖੇ 1935 ਵਿੱਚ ਜਨਮੇ ਇਸ ਖ਼ੂਬਸੂਰਤ/ਸੀਰਤ ਐਕਟਰ ਦੀ ਐਕਟਿੰਗ ਤੋਂ ਤਕਰੀਬਨ ਸਾਰੇ ਲੋਕ ਵਾਕਿਫ ਹੋਣਗੇ, ਪਰ ਇਹ ਸ਼ਖਸ ਇਨਸਾਨ ਕਿੰਨਾ ਕਮਾਲ ਦਾ ਸੀ ਇਸ ਬਾਰੇ ਉਨ੍ਹਾਂ ਨੂੰ ਮਿਲਣ ਅਤੇ ਉਨ੍ਹਾਂ ਨਾਲ ਵਿਚਰਣ ਵਾਲੇ ਲੋਕ ਹੀ ਮਹਿਸੂਸ ਕਰ ਸਕਦੇ ਹਨ। ਅੱਖੀ ਵੇਖੇ ਦ੍ਰਿਸ਼ਾਂ ਅਤੇ ਸੁਣੀਆਂ-ਸਣਾਈਆਂ ਗੱਲਾਂ ਵਿੱਚ ਸੌ ਕੋਹ ਦਾ ਫਰਕ ਹੁੰਦਾ ਹੈ, ਪਰ ਇਹ ਲਿਖਤ ਧਰਮਿੰਦਰ ਬਾਰੇ ਅੱਖੀਂ ਵੇਖੇ ਨਹੀਂ, ਸਗੋਂ ਸੁਣੇ-ਸੁਣਾਏ ਕਿੱਸਿਆਂ 'ਤੇ ਆਧਾਰਤ ਹੈ।

ਵੱਖ-ਵੱਖ ਕਿਸਮ ਦੀਆਂ ਭੂਮਿਕਾਵਾਂ ਵਿੱਚ ਜਾਨ ਪਾ ਦੇਣ ਵਾਲੇ ਇਸ ਅਦਾਕਾਰ ਦੀ ਕਹਾਣੀ ਇਸ ਲਿਖਤ ਦੇ ਅੱਖਰਕਾਰ ਦੇ ਜਨਮ ਤੋਂ ਪਹਿਲਾਂ ਹੀ ਤੁਰ ਪਈ ਸੀ। ਮੇਰਾ ਜਨਮ ਜਨਵਰੀ 1964 ਦਾ ਹੈ ਅਤੇ ਧਰਮਿੰਦਰ ਦਾ ਜਨਮ 1935 ਵਿੱਚ ਹੋਇਆ। 1975-76 ਵਿੱਚ ਜਦੋਂ ਅਸੀਂ ਪੰਜਵੀਂ-ਛੇਵੀਂ ਵਿੱਚ ਪੜ੍ਹਦੇ ਸਾਂ ਤਾਂ ਧਰਮਿੰਦਰ ਦੀ ਗੁੱਡੀ ਸਿਖ਼ਰਾਂ 'ਤੇ ਸੀ। ਸਾਡੇ ਪਿੰਡ ਦਾ ਇੱਕ ਪੰਡਿਤਾਂ ਦਾ ਮੁੰਡਾ ਜੀਹਨੂੰ ਨਿੱਕ ਨੇਮ ਵਜੋਂ ਲੋਕ 'ਘਿੰਨਾ' ਕਹਿੰਦੇ ਸਨ, ਪ੍ਰਚੂਨ ਦੀ ਦੁਕਾਨ ਚਲਾਉਂਦਾ ਸੀ। ਉਸ ਦੀ ਸ਼ਕਲ ਹੂਬਹੂ ਧਰਮਿੰਦਰ ਨਾਮ ਮਿਲਦੀ ਸੀ। ਉਸ ਨੇ ਧਰਮਿੰਦਰ ਦੀ ਫੋਟੋ ਦੁਕਾਨ ਦੇ ਅੰਦਰ ਦੀਵਾਰ 'ਤੇ ਲਾਈ ਹੋਈ ਸੀ। ਮੈਂ ਉਹਨੂੰ ਇੱਕ ਵਾਰ ਪੁੱਛ ਬੈਠਾ, ਬਾਈ ਜੀ ਇਹ ਫੋਟੋ ਤੁਹਾਡੀ ਹੈ? (ਛੋਟੇ ਹੁੰਦਿਆਂ ਹੀ ਘਰ ਵਾਲਿਆਂ ਨੇ ਆਦਤ ਪਾ ਦਿੱਤੀ ਸੀ ਕਿ ਆਪਣੇ ਤੋਂ ਵੱਡੇ ਮੁੰਡਿਆਂ ਨੂੰ ਬਾਈ ਜੀ ਕਹਿ ਕੇ ਬੁਲਾਉਣਾ ਹੈ) ਉਹ ਚੁੱਪ ਰਿਹਾ ਤੇ ਮੁਸਕੜੀਂ ਹੱਸਦਾ ਰਿਹਾ। ਮੈਂ ਸੌਦਾ ਲੈ ਕੇ ਜਦੋਂ ਜਾਣ ਲੱਗਾ ਤਾਂ ਉਹਨੇ ਮੈਨੂੰ ਰੋਕ ਕੇ ਪੁੱਛਿਆ, 'ਇਹ ਫੋਟੋ ਤੈਨੂੰ ਮੇਰੀ ਲਗਦੀ?' ਮੈਂ ਅਣਭੋਲ ਹੀ 'ਹਾਂ' ਵਿੱਚ ਜਵਾਬ ਦਿੱਤਾ। ਫਿਰ ਉਹਨੇ ਮੈਨੂੰ ਦੱਸਿਆ ਕਿ ਇਹ ਹਿੰਦੀ ਫਿਲਮਾਂ ਦਾ ਬਹੁਤ ਵੱਡਾ ਐਕਟਰ ਧਰਮਿੰਦਰ ਹੈ। ਸਾਹਨੇਵਾਲ ਦਾ ਰਾਹਿਣ ਵਾਲਾ ਹੈ ਇਹ, ਬੰਬਈ ਵਿੱਚ ਇਹਦੀਆਂ ਧੁੰਮਾਂ ਪਈਆਂ ਹੋਈਆਂ ਹਨ। ਇਸ ਤਰ੍ਹਾਂ ਐਕਟਰ ਧਰਮਿੰਦਰ ਬਾਰੇ ਮੈਨੂੰ ਪਹਿਲੀ ਜਾਣਕਾਰੀ ਵੀ ਕਿਸੇ ਤੋਂ ਸੁਣ-ਸੁਣਾ ਕੇ ਹੀ ਮਿਲੀ। 'ਘਿੰਨੇ' ਨੇ ਵੀ ਧਰਮਿੰਦਰ ਦੀ ਪੈੜ 'ਚ ਪੈਰ ਧਰਨ ਦੇ ਬੜੇ ਯਤਨ ਕੀਤੇ, ਪਰ ਉਨ੍ਹਾਂ ਨੂੰ ਫ਼ਲ ਨਾ ਪਿਆ। ਹਰ ਕਿਸੇ ਨੂੰ ਕੁਦਰਤ ਸ਼ਾਇਦ ਇਹੋ ਜਿਹੀ ਪ੍ਰਤੀਭਾ ਨਹੀਂ ਬਖਸ਼ਦੀ।

ਧਰਮਿੰਦਰ ਨੇ ਇੱਕ ਇੰਟਰਵਿਊ 'ਚ ਖੁਦ ਦੱਸਿਆ ਕਿ ਐਕਟਰ ਬਣਨ ਦਾ ਵਿਚਾਰ ਉਸ ਦੇ ਮਨ ਵਿੱਚ ਦਲੀਪ ਕੁਮਾਰ ਦੀ ਫਿਲਮ 'ਸ਼ਹੀਦ' ਵੇਖ ਕੇ ਆਇਆ ਸੀ। ਉਸ ਨੇ ਦੱਸਿਆ ਕਿ ਮੈਂ ਦਲੀਪ ਕੁਮਾਰ ਦਾ ਬਹੁਤ ਵੱਡਾ ਫੈਨ ਸਾਂ। ਉਨ੍ਹਾਂ ਜਿਹਾ ਹੀ ਬਣਨਾ ਚਾਹੁੰਦਾ ਸਾਂ।

1975-76 ਵਿੱਚ ਟੈਲੀਵਿਜ਼ਨ ਸਾਡੇ ਘਰਾਂ ਵਿੱਚ ਉਦੋਂ ਹੈ ਨਹੀਂ ਸਨ। ਘਰਾਂ ਵਾਲੇ ਉਦੋਂ ਫਿਲਮ ਵੇਖਣ ਨੂੰ 'ਖੇਲੁ ਵੇਖਣਾ' ਕਿਹਾ ਕਰਦੇ ਸਨ; ਖਾਸ ਕਰਕੇ ਬਜ਼ੁਰਗ ਬਾਬੇ। 'ਖੇਲੁ ਵੇਖਣ' ਨੂੰ ਬਾਬੇ ਬੁਰਾ ਵੀ ਮੰਨਦੇ ਸਨ, ਕਿਉਂਕਿ ਇਹਦੇ ਨਾਲ ਬੱਚੇ ਵਿਗੜ ਸਕਦੇ ਸਨ! ਖੈਰ ਦਸਵੀਂ ਤੱਕ ਸਾਨੂੰ ਕਿਸੇ ਸਿਨੇਮਾ ਵਗੈਰਾ ਵਿੱਚ ਜਾ ਕੇ 'ਖੇਲੁ' ਵੇਖਣ ਦੀ ਇਜਾਜ਼ਤ ਨਾ ਦਿੱਤੀ ਗਈ। ਉਦੋਂ ਗਵੱਈਆਂ ਅਤੇ ਉਨ੍ਹਾਂ ਦੇ ਨਾਲ ਗਾਉਣ ਵਾਲੀਆਂ ਔਰਤ ਕਲਾਕਾਰਾਂ ਨੂੰ ਵੀ ਲੋਕ ਮੈਲੀ ਅੱਖ ਨਾਲ ਵੇਖਿਆ ਕਰਦੇ ਸਨ। ਕੁਲਦੀਪ ਮਾਣਕ, ਮੁਹੰਮਦ ਸਦੀਕ ਅਤੇ ਜਸਵੰਤ ਸੰਦੀਲਾ ਵਗੈਰਾ ਦੇ ਕਈ ਅਖਾੜੇ ਅਸੀਂ ਘਰ ਵਾਲਿਆਂ ਤੋਂ ਚੋਰੀ ਛਿੱਪੇ ਹੀ ਵੇਖੇ।

ਫਿਰ 1978 ਦੇ ਲਾਗੇ-ਚਾਗੇ ਪਿੰਡਾਂ ਵਿੱਚ ਬਲੈਕ ਐਂਡ ਵਾਈਟ ਟੈਲੀਵਿਜ਼ਨ ਟਾਵੇਂ-ਟਾਵੇਂ ਘਰਾਂ ਵਿੱਚ ਆਏ। ਉਦੋਂ ਜਿਨ੍ਹਾਂ ਦੇ ਘਰ ਟੈਲੀਵਿਜ਼ਨ ਹੁੰਦਾ ਸੀ, ਸ਼ਾਮ ਨੂੰ ਵੇਖਣ ਵਾਲਿਆਂ ਦਾ ਮੇਲਾ ਲੱਗ ਜਾਂਦਾ। ਹਰ ਐਤਵਾਰ ਕੋਈ ਨਾ ਕੋਈ ਫਿਲਮ ਆਇਆ ਕਰਦੀ, ਅਸੀਂ ਵੀ ਬੱਚਿਆ ਨਾਲ ਗੁਆਂਢੀਆਂ ਦੇ ਘਰੀਂ ਇਹ ਵੇਖਣ ਚਲੇ ਜਾਣਾ। ਜੁਆਕ ਟੈਲੀਵਿਜ਼ਨਾਂ ਵਾਲੇ ਘਰੀਂ ਧੱਕੇ ਨਾਲ ਅੰਦਰ ਆ ਵੜਦੇ। ਇਹੋ ਵਕਤ ਸੀ ਜਦੋਂ ਸਾਨੂੰ ਫਿਲਮਾਂ ਵੇਖਣ ਦਾ ਮੌਕਾ ਮਿਲਣ ਲੱਗਾ। ਧਰਮਿੰਦਰ ਦੀਆਂ ਵੀ ਕਈ ਫਿਲਮਾਂ ਟੈਲੀਵਿਜ਼ਨ 'ਤੇ ਹੀ ਵੇਖੀਆਂ। ਨਾਮ ਪਤਾ ਨਹੀਂ। 80ਵਿਆਂ ਤੱਕ



ਆਉਂਦਿਆਂ ਅਮਿਤਾਭ ਬੱਚਨ ਸੁਪਰ ਸਟਾਰ ਬਣ ਚੁਕਾ ਸੀ। ਜਦੋਂ ਦਸਵੀਂ ਪਾਸ ਕਰਕੇ ਹਾਇਰ ਸੈਕੰਡਰੀ ਵਿੱਚ ਪੜ੍ਹਨ ਲੱਗੇ ਤਾਂ ਜਾ ਕੇ ਸਿਨੇਮਾ ਵਿੱਚ ਫਿਲਮਾਂ ਵੇਖਣ ਦਾ ਵਕਤ ਲੱਗਣ ਲੱਗਾ। ਧਰਮਿੰਦਰ ਅਤੇ ਅਮਿਤਾਭ ਬੱਚਨ ਦੀ ਫਿਲਮ 'ਸ਼ੋਅਲੇ' ਮੈਂ ਰਜਿੰਦਰਾ ਮੈਡੀਕਲ ਕਾਲਜ ਵਿੱਚ ਪਟਿਆਲੇ ਪੜ੍ਹਦੇ ਆਪਣੇ ਦੋਸਤਾਂ ਨਾਲ ਵੇਖੀ ਸੀ। ਇਹ ਫਿਲਮ ਜ਼ਬਰਦਸਤ ਐਕਸ਼ਨ ਪੈਕੇਜ ਸੀ, ਪਰ ਮੈਨੂੰ ਇਸ ਵਿੱਚ ਵੀ ਸੰਜੀਵ ਕੁਮਾਰ ਦੀ ਭੂਮਿਕਾ ਜ਼ਿਆਦਾ ਚੰਗੀ ਲੱਗੀ। ਅਮਿਤਾਭ ਅਤੇ ਧਰਮਿੰਦਰ ਲੋਹਫਰ ਲਾਣੇ ਵਿੱਚੋਂ ਸਨ। ਲੋਹਫਰ ਤੋਂ ਯਾਦ ਆਇਆ, ਧਰਮਿੰਦਰ ਦੀ ਫਿਲਮ 'ਲੋਹਫਰ' ਮੈਂ ਜਗਰਾਵਾਂ ਦੇ ਇੱਕ ਛੋਟੇ ਜਿਸੇ ਸਿਨੇਮਾ ਵਿੱਚ ਵੇਖੀ ਸੀ। ਧਰਮਿੰਦਰ ਦੀ ਦੇਖਣੀ ਪਾਖਣੀਂ, ਡੀਲ ਡੌਲ ਸੋਹਣੀ ਸੀ, ਗੀਤ ਚੰਗੇ ਲੱਗੇ ਪਰ ਫਿਲਮ ਵਿੱਚੋਂ ਫਿਰ ਵੀ ਕੁਝ ਨਾ ਲੱਭਿਆ। ਦਿਲ ਬਹਿਲਾਨੇ ਕੇ ਲੀਏ ਠੀਕ ਸੀ। ਸ਼ੋਅਲਾ ਔਰ ਸ਼ਬਨਮ, ਆਈ ਮਿਲਨ ਕੀ ਬੇਲਾ, ਅਨਪੜ੍ਹ, ਸਤਿਆਕਾਮ, ਫੂਲ ਔਰ ਪੱਥਰ ਅਤੇ ਨੀਲਾ ਆਕਾਸ਼ ਆਦਿ ਧਰਮਿੰਦਰ ਦੀਆਂ ਕਲਾਸਿਕ ਫਿਲਮਾਂ ਸਮਝੀਆਂ ਜਾਂਦੀਆਂ ਹਨ। ਪਰ ਬਦਕਿਸਮਤੀ ਵੱਸ ਮੈਂ ਇਨ੍ਹਾਂ ਵਿੱਚੋਂ ਕੋਈ ਵੀ ਵੇਖ ਨਾ ਸਕਿਆ। ਧਰਮਿੰਦਰ ਦੀ ਸਭ ਤੋਂ ਚੰਗੀ ਫਿਲਮ ਮੈਨੂੰ 'ਗੁਲਾਮੀ' ਲੱਗੀ। ਇਸ ਵਿੱਚ ਉਹ ਸੰਜੀਦਾ ਭੂਮਿਕਾ ਵਿੱਚ ਸੀ। ਇਸ ਵਿੱਚ ਰੀਨਾ ਰਾਏ, ਸਮਿਤਾ ਪਾਟਿਲ, ਨਸੀਰੂਦੀਨ ਸ਼ਾਹ, ਮਿਥੁਨ ਚੱਕਰਵਰਤੀ ਅਤੇ ਅਨੀਤਾ ਰਾਜ ਉਸ ਦੇ ਸਹਾਇਕ ਐਕਟਰ ਸਨ। ਮਿਥੁਨ ਚੱਕਰਵਰਤੀ ਦੀ ਭੂਮਿਕਾ ਵੀ ਮੈਨੂੰ ਇਸੇ ਫਿਲਮ ਵਿੱਚ ਜਚੀ, ਨਹੀਂ ਤਾਂ ਉਹਦੇ ਡਿਸਕੋ ਡਾਂਸ ਨਾਲ ਮੈਨੂੰ ਬੜੀ ਚਿੜ੍ਹ ਸੀ। ਦੱਸਣ ਵਾਲੇ ਦੱਸਦੇ ਹਨ ਕਿ ਧਰਮਿੰਦਰ ਹਰ ਕਿਸਮ ਦੀ ਭੂਮਿਕਾ ਦਿਲ ਨਾਲ ਨਿਭਾਉਂਦਾ ਸੀ। 'ਚੁਪਕੇ-ਚੁਪਕੇ' ਵਿੱਚ ਉਸ ਦੀ ਕਾਮੇਡੀ ਵੇਖਣ ਲਾਇਕ ਸੀ, ਪਰ ਮੈਨੂੰ ਅਜੀਬ ਜਿਹੇ ਐਕਟਰ ਪਸੰਦ ਸਨ, ਮਸਲਨ ਰਾਜ ਕੁਮਾਰ, ਪ੍ਰਾਣ, ਅਨਿਲ ਕਪੂਰ, ਕੁਲਭੂਸ਼ਨ ਖਰਬੰਦਾ, ਓਮ ਪ੍ਰਕਾਸ਼, ਓਮ ਪੁਰੀ, ਰਾਜ ਬੱਬਰ, ਮਨੋਜ ਕੁਮਾਰ, ਸੰਜੀਵ ਕੁਮਾਰ, ਚੰਦਰਚੂਹੜ, ਜਿੰਮੀ ਸ਼ੇਰਗਿੱਲ ਆਦਿ।

ਅਮਿਤਾਭ ਬੱਚਨ ਅਤੇ ਰੇਖਾ ਦੀਆਂ ਮੈਨੂੰ ਕਈ ਫਿਲਮਾਂ ਚੰਗੀਆਂ ਲੱਗੀਆਂ। ਗੁਜਰਾਂਵਾਲਾ ਸਕੂਲ ਵਿੱਚ ਹੋਏ ਜ਼ਿਲ੍ਹਾ ਸਕੂਲ ਹਾਕੀ ਦੇ ਇੱਕ ਮਹੱਤਵਪੂਰਨ ਮੁਕਾਬਲੇ ਵਿੱਚ ਖੇਤੀਬਾੜੀ ਯੂਨੀਵਰਸਿਟੀ ਦੇ ਹਾਇਰ ਸੈਕੰਡਰੀ ਸਕੂਲ ਤੋਂ ਹਾਰਨ ਤੋਂ ਬਾਅਦ ਫਿਲਮ 'ਦੀਵਾਰ' ਲੁਧਿਆਣੇ ਦੇ ਪ੍ਰੀਤ ਪੈਲਿਸ ਵਿੱਚ ਵੇਖ ਕੇ ਅਸੀਂ ਆਪਣਾ ਗਮ ਗਲਤ ਕੀਤਾ ਸੀ। ਮੁਕੱਦਰ ਕਾ ਸਿਕੰਦਰ ਵੇਖੀ ਤੇ ਸੀ, ਪਰ ਪਤਾ ਨਹੀ ਕਿੱਥੇ। ਸ਼ਰਾਬੀ ਕਾਲੀਆ ਅਤੇ ਜੰਜੀਰ ਵੀ ਵੇਖੀਆਂ ਸਨ, ਪਰ ਪਤਾ ਨਹੀਂ ਕਿਸ ਸਿਨੇਮਾ ਵਿੱਚ ਵੇਖੀਆਂ ਸਨ।

ਫਿਲਮਾਂ ਤੋਂ ਇਲਾਵਾ ਇੱਕ ਮਨੁੱਖ ਦੇ ਤੌਰ 'ਤੇ ਧਰਮਿੰਦਰ ਦੀਆਂ ਢੇਰ ਸਾਰੀਆਂ ਸਿਫਤਾਂ ਸੁਣੀਆਂ ਹਨ, ਬਹੁਤ ਸਾਰੇ ਲੋਕਾਂ ਤੋਂ। ਕੋਈ ਉਸ ਦੀ ਬਦਖੋਈ ਕਰਦਾ ਨਹੀਂ ਸੁਣਿਆ। ਹਾਂ ਪੰਜਾਬ ਦੇ ਫਿਲਮੀ ਅਤੇ ਸਾਹਿਤਕ ਹਲਕਿਆਂ ਵਿੱਚ ਇਹ ਗਿਲਾ ਜ਼ਰੂਰ ਕੀਤਾ ਜਾਂਦਾ ਹੈ ਕਿ ਪੰਜਾਬ ਤੋਂ ਹੋਣ ਦੇ ਬਾਵਜੂਦ ਧਰਮਿੰਦਰ ਪਰਿਵਾਰ ਨੇ ਪੰਜਾਬੀ ਫਿਲਮਾਂ ਲਈ ਕੁਝ ਖਾਸ ਨਹੀਂ ਕੀਤਾ, ਜਦਕਿ ਉਹ ਕਰਨ ਦੇ ਸਮਰੱਥ ਸਨ। ਇੱਕ ਦੋਸਤ ਨੇ ਇਹ ਵੀ ਦੱਸਿਆ ਕਿ ਪੰਜਾਬ ਦਾ ਇੱਕ ਨਛੱਤਰ ਸਿੰਘ ਨਾਂ ਦਾ ਉਚਾ ਲੰਬਾ ਸੁਨੱਖਾ ਨੌਜਵਾਨ ਨਕਸਲੀ ਲਹਿਰ ਵਿੱਚ ਭਗੌੜਾ ਹੋ ਗਿਆ ਸੀ। ਉਹ ਧਰਮਿੰਦਰ ਦੇ ਸਹੁਰਿਆਂ ਦੇ ਪਿੰਡੋਂ ਸੀ। ਵਾਹਵਾ ਜ਼ਮੀਨ ਦਾ ਮਾਲਕ ਤੇ ਪਿੰਡ ਦਾ ਸਰਪੰਚ ਰਿਹਾ ਸੀ। 3-4 ਕੁ ਸਾਲ ਬਾਅਦ ਹੀ ਜਦੋਂ ਨਕਸਲੀ ਲਹਿਰ ਵਿੱਚ ਫੁੱਟ ਪੈ ਗਈ ਤਾਂ ਉਹ ਕਿਸੇ ਗਰੁੱਪ ਨਾਲ ਨਹੀਂ ਗਿਆ, ਵਾਪਸ ਧਰਮਿੰਦਰ ਕੋਲ ਆ ਗਿਆ ਅਤੇ ਸਾਰੀ ਉਮਰ ਉਸ ਦੇ ਕੋਲ ਹੀ ਰਿਹਾ। ਫਿਰ ਪਤਾ ਨਹੀਂ ਉਸ ਦਾ ਕੀ ਬਣਿਆ।

ਪਤਾ ਨਹੀਂ ਝੂਠੀਆਂ ਕਿ ਸੱਚੀਆਂ, ਇਹ ਗੱਲਾਂ ਵੀ ਸੁਣੀਆਂ ਹਨ ਕਿ ਪੰਜਾਬ ਦੇ ਕਈ ਖਾੜਕੂ ਮੁੰਡੇ ਵੀ ਉਸ ਕੋਲ ਚਲੇ ਜਾਂਦੇ ਸਨ। ਕੁਝ ਦਿਨ ਰਹਿ ਵੀ ਲੈਂਦੇ ਅਤੇ ਪੈਸਾ ਧੇਲਾ ਵੀ ਲੈ ਜਾਂਦੇ। ਉਨ੍ਹਾਂ ਨੂੰ ਧਰਮਿੰਦਰ ਬੜੇ ਪਿਆਰ ਨਾਲ ਰੱਖਦਾ ਸੀ। ਪਰ ਲਹਿਰ ਦੀ ਗਿਰਾਵਟ ਦੇ ਦੌਰ ਵਿੱਚ ਖਾੜਕੂਆਂ ਦੇ ਕਿਸੇ ਗੁੱਟ ਨੇ ਉਸ ਤੋਂ ਫਰੌਤੀ ਮੰਗ ਲਈ ਤੇ ਉਹਨੇ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਇਸ ਪਾਸਿਉਂ ਉਸ ਦਾ ਸੰਪਰਕ ਟੁੱਟ ਗਿਆ ਸੀ।

ਆਪਣਾ ਆਖਰੀ ਸਮਾਂ ਧਰਮਿੰਦਰ ਨੇ ਆਪਣੇ ਫਾਰਮ ਦੇ ਹਰੇ-ਭਰੇ ਮਾਹੌਲ ਵਿੱਚ ਗੁਜ਼ਾਰਿਆ। ਉਸ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਮੇਰੇ ਅੰਦਰੋਂ ਸਾਹਨੇਵਾਲ ਵਾਲਾ ਬਚਪਨ ਕਦੇ ਨਹੀਂ ਮਰਿਆ। ਇਸ ਮਿੱਟੀ ਦੀ ਖੁਸ਼ਬੂ ਹੀ ਉਸ ਦੇ ਰਾਹੀਂ ਹਰ ਥਾਂ ਮਹਿਕੀ ਹੈ। ਉਹਨੇ ਕਿਹਾ, 'ਮੇਰੇ ਖੇਤਾਂ ਦੀ ਮਿੱਟੀ ਨੇ ਮੇਰੀ ਦਿਲਦਾਰੀ ਨੂੰ ਕਾਇਮ ਰੱਖਿਆ।' ਧਰਮਿੰਦਰ ਨਾਲ ਕੰਮ ਕਰਨ ਵਾਲੀ ਐਕਟਰ ਸ਼ਰਮੀਲਾ ਟੈਗੋਰ ਨੇ ਚੈਨਲ 'ਇੰਡੀਆ ਟੂਡੇ' ਨਾਲ ਇੱਕ ਗੱਲਬਾਤ ਵਿੱਚ ਕਿਹਾ ਕਿ ਧਰਮਿੰਦਰ ਦੀ ਮੁਸਕਰਾਹਟ ਉਸ ਨੂੰ ਸਭ ਤੋਂ ਜ਼ਿਆਦਾ ਪਸੰਦ ਸੀ। ਇਹ ਉਸ ਦੇ ਸਿੱਧੀ ਦਿਲ ਨਾਲ ਜੁੜੀ ਹੋਈ ਸੀ। ਉੱਤਰੀ ਅਮਰੀਕਾ ਵਿੱਚ ਅਟਾਰਨੀ ਵਜੋਂ ਕੰਮ ਕਰਦੇ ਇੱਕ ਵਕੀਲ ਜਸਪ੍ਰੀਤ ਸਿੰਘ ਦਾ ਉਸ ਨਾਲ ਮਿਲਣ ਜੁਲਣ ਸੀ, ਬੀਤੇ ਦਿਨੀਂ ਜਦੋਂ ਧਰਮਿੰਦਰ ਦੀ ਮੌਤ ਦੀ ਝੂਠੀ ਖ਼ਬਰ ਉਡੀ ਤਾਂ ਉਨ੍ਹਾਂ ਇੱਕ ਟੀ.ਵੀ. ਚੈਨਲ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਧਰਮਿੰਦਰ ਬਹੁਤ ਜ਼ਿਆਦਾ ਚੰਗੇ ਇਨਸਾਨ ਹਨ। ਆਪਣੀ ਇੱਕ ਇੰਟਰਵਿਊ ਵਿੱਚ ਫਿਲਮ ਐਕਟਰ ਅਤੇ ਪਹਿਲਵਾਨ ਦਾਰਾ ਸਿੰਘ ਨੇ ਦੱਸਿਆ ਸੀ ਕਿ ਧਰਮਿੰਦਰ ਦਾ ਕੱਦ ਮੇਰੇ ਨਾਲੋਂ ਛੋਟਾ ਸੀ, ਪਰ ਉਸ ਦੇ ਹੱਥ ਮੇਰੇ ਨਾਲੋਂ ਵੱਡੇ ਸਨ। ਦਾਰਾ ਸਿੰਘ ਨੇ ਕਿਹਾ ਸੀ ਕਿ ਜੇ ਐਕਟਰ ਨਾ ਹੁੰਦਾ ਤਾਂ ਧਰਮਿੰਦਰ ਨੇ ਪਹਿਲਵਾਨ ਹੋਣਾ ਸੀ।

ਹੇਮਾ ਮਾਲਿਨੀ ਨਾਲ ਧਰਮਿੰਦਰ ਨੇ ਬਹੁਤ ਸਾਰੀਆਂ ਫਿਲਮਾਂ ਕੀਤੀਆਂ। ਫਿਲਮ ਐਕਟਰ ਜਤਿੰਦਰ ਨਾਲ ਹੇਮਾ ਨਾਲ ਹੋਈ ਮੰਗਣੀ ਧੱਕੇ ਨਾਲ ਤੁੜਵਾਈ ਅਤੇ ਆਪ ਵਿਆਹ ਕਰਵਾਇਆ। ਧਰਮਿੰਦਰ ਦੇ ਪਹਿਲੇ ਵਿਆਹ ਤੋਂ ਉਸ ਦੇ ਦੋ ਕੁੜੀਆਂ ਅਤੇ ਦੋ ਮੁੰਡੇ- ਸੰਨੀ ਦਿਓਲ ਅਤੇ ਬਾਬੀ ਦਿਓਲ ਹਨ। ਹੇਮਾ ਤੋਂ ਦੋ ਕੁੜੀਆਂ ਇਸ਼ਾ ਦਿਓਲ ਅਤੇ ਆਇਨਾ ਦਿਓਲ। ਹੇਮਾ ਮਾਲਿਨੀ ਨੇ ਇੱਕ ਟੈਲੀਵਿਜ਼ਨ ਚੈਨਲ ਨਾਲ ਇੰਟਰਵਿਊ ਵਿੱਚ ਦੱਸਿਆ ਕਿ ਦੋਹਾਂ ਦੇ ਜਨਮ ਵੇਲੇ ਧਰਮਿੰਦਰ ਨੇ ਪੂਰਾ ਹਸਪਤਾਲ ਬੁੱਕ ਕਰਵਾ ਦਿੱਤਾ ਸੀ। ਕਹਿੰਦਾ ਸੀ ਰੈਗੂਲਰ ਹਸਪਤਾਲ ਵਿੱਚ ਨਹੀਂ ਜਾਣਾ। ਈਸ਼ਾ ਦਿਓਲ ਨੇ ਜਦੋਂ ਫਿਲਮ ਐਕਟਰਸ ਬਣਨ ਦੀ ਇੱਛਾ ਪ੍ਰਗਟ ਕੀਤੀ ਤਾਂ ਕਹਿੰਦੇ ਧਰਮਿੰਦਰ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਫਿਲਮਾਂ ਵਿੱਚ ਦਿਸਦੇ ਮਾਸੂਮ ਹੀਰੋ ਦੇ ਅੰਦਰਲਾ 'ਜੱਟ' ਇੱਥੇ ਪੂਰੀ ਤਰ੍ਹਾਂ ਅੜ ਖਲੋਤਾ ਸੀ; ਪਰ ਹੇਮਾ ਮਾਲਿਨੀ ਅਨੁਸਾਰ ਕਾਫੀ ਦੇਰ ਬਾਅਦ ਫਿਰ ਅਸਾਂ ਉਨ੍ਹਾਂ ਨੂੰ ਮਨਾ ਲਿਆ ਸੀ। ਉਸ ਦੇ ਚਲਾਣੇ 'ਤੇ ਇਕੱਲੀ ਫਿਲਮ ਇੰਡਸਟਰੀ ਹੀ ਨਹੀਂ, ਹਿੰਦੁਸਤਾਨ ਦੀ ਸਾਰੀ ਸੀਨੀਅਰ ਰਾਜਨੀਤਿਕ ਲੀਡਰਸ਼ਿਪ ਵੀ ਸੋਗ ਵਿੱਚ ਡੁੱਬ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਧਰਮਿੰਦਰ ਦੇ ਚਲਾਣੇ ਉੱਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਧਰਮਿੰਦਰ ਦੀ ਮੌਤ ਨਾਲ ਭਾਰਤੀ ਸਿਨੇਮਾ ਦੇ ਇੱਕ ਯੁੱਗ ਦਾ ਅੰਤ ਹੋ ਗਿਆ। ਬਾਲੀਵੁੱਡ ਦੇ ਮਸ਼ਹੂਰ ਡਾਇਰੈਕਟ ਕਰਨ ਜੌਹਰ ਨੇ ਵੀ ਤਕਰੀਬਨ ਏਸੇ ਕਿਸਮ ਦੇ ਵਿਚਾਰ ਪ੍ਰਗਟ ਕੀਤੇ। ਐਕਟਰ ਫਰਹਾਨ ਖਾਨ, ਕਾਜੋਲ ਤੇ ਅਜੇ ਦੇਵਗਨ ਨੇ ਕਿਹਾ ਕਿ ਧਰਮਿੰਦਰ ਦੇ ਚਲੇ ਜਾਣ ਨਾਲ ਬਾਲੀਵੁੱਡ ਨੂੰ ਬਹੁਤ ਵੱਡਾ ਘਾਟਾ ਪਿਆ ਹੈ।

## ਸਾਂਝੇ ਮੁਕੱਦਸ ਅਸਥਾਨਾਂ ਦੇ ਦਰਸ਼ਨ

ਅੱਗੇ ਜੇਹਲਮ ਆਉਣ ਵਾਲਾ ਸੀ। ਸ਼ਾਹਜੇਬ ਨੂੰ ਯਾਦ ਆਇਆ ਕਿ ਜੇਹਲਮ ਦੇ ਕਿਨਾਰੇ ਇੱਕ ਬਹੁਤ ਖ਼ੂਬਸੂਰਤ ਰਿਜ਼ੋਰਟ ਹੈ। ਉਥੇ ਬਹੁਤ ਹੀ ਸੋਹਣਾ ਰੈਸਟੋਰੈਂਟ ਵੀ ਹੈ ਤੇ ਨਾਂ ਵੀ ਉਹਦਾ 'ਕਿਨਾਰਾ' ਹੈ। ਬੱਸ ਪੰਦਰਾਂ-ਵੀਹ ਮਿੰਟਾਂ ਵਿੱਚ ਅਸੀਂ ਜੇਹਲਮ ਦੇ ਕਿਨਾਰੇ ਬਣੇ 'ਕਿਨਾਰਾ' ਵਿੱਚ ਸੀ। ਮਾੜੀ ਕਿਸਮਤ ਬ੍ਰੇਕਫਾਸਟ ਦੀ ਹੁਣ ਰਹਿੰਦ-ਖੂੰਹਦ ਹੀ ਬਚੀ ਸੀ ਉਨ੍ਹਾਂ ਕੋਲ, ਕਿਉਂਕਿ ਗਿਆਰਾਂ ਸਾਢੇ ਗਿਆਰਾਂ ਵੱਜ ਚੁੱਕੇ ਸਨ। ਅਸੀਂ ਮੈਨੇਜਰ ਨੂੰ ਫ਼ਤਹਿ ਬੁਲਾ ਕੇ ਤੁਰਨ ਹੀ ਲੱਗੇ ਸੀ ਕਿ ਉਹ ਕਹਿੰਦਾ, 'ਸਰਦਾਰ ਜੀ ਬੱਸ ਪੰਦਰਾਂ-ਵੀਹ ਮਿੰਟ ਦਿਉ ਮੈਂ ਤੁਹਾਡੇ ਲਈ ਸਪੈਸ਼ਲ ਤਿਆਰ ਕਰਵਾ ਦਿੰਦਾ ਹਾਂ।' ਅਸੀਂ ਸੁੱਖ ਦਾ ਸਾਹ ਲਿਆ। ਅਜਾਜ ਤੇ ਸ਼ਾਹਜੇਬ ਕਹਿੰਦੇ, 'ਸਰਦਾਰ ਜੀ ਤੁਹਾਡੀ ਪਗੜੀ ਦਾ ਕਮਾਲ ਹੈ ਇਹ। ਅਸੀਂ ਰੈਸਟੋਰੈਂਟ ਦੇ ਮੈਨੇਜਰ ਦਾ ਸ਼ੁਕਰੀਆ ਅਦਾ ਕੀਤਾ ਅਤੇ ਅਗਾਂਹ ਸਫ਼ਰ ਲਈ ਤੁਰ ਪਏ।

ਜੇਹਲਮ ਤੋਂ ਬਾਅਦ ਕਸਬਾ ਦੀਨਾ, ਸੁਹਾਵਾ, ਗੁੱਜਰਖਾਨ ਮੰਦਰਾ, ਰਵਾਤ, ਰਾਵਲਪਿੰਡੀ, ਟੈਕਸਲਾ, ਵਾਹ ਕੈਂਟ ਤੇ ਆਖ਼ਰ ਅਸੀਂ ਹਸਨ ਅਬਦਾਲ ਪਹੁੰਚ ਹੀ ਗਏ। ਫਿਰ ਗਲੀਆਂ 'ਚੋਂ ਹੁੰਦੇ ਹੋਏ ਇੱਕ ਗਲੀ ਮੂਹਰੇ ਪੰਜਾ ਸਾਹਿਬ ਗੁਰੂਘਰ ਦਾ ਮੁੱਖ ਦਰਵਾਜ਼ਾ ਸੀ। ਅਜਾਜ ਨੇ ਸਾਹਮਣੇ ਪਾਰਕਿੰਗ ਲਾਟ ਵਿੱਚ ਗੱਡੀ ਖੜ੍ਹੀ ਕੀਤੀ ਤੇ ਸਾਡੇ ਨਾਲ਼ ਆ ਕੇ ਅੰਦਰ ਜਾਣ ਲਈ ਰਲ਼ ਗਿਆ। ਪੁਲਿਸ ਨੇ ਸਾਡੇ ਪਾਸਪੋਰਟ ਤੇ ਵੀਜੇ ਚੈੱਕ ਕੀਤੇ। ਉਨ੍ਹਾਂ ਸ਼ਾਹਜੇਬ ਨੂੰ ਤਾਂ ਸਾਡੇ ਨਾਲ਼ ਅੰਦਰ ਜਾਣ ਦਿੱਤਾ, ਪਰ ਅਜਾਜ ਨੂੰ ਨਾਂਹ ਕਰ ਦਿੱਤੀ। ਉਨ੍ਹਾਂ ਏਨਾ ਹੀ ਪੁੱਛਿਆ ਕਿ ਇਹ ਕੌਣ ਹੈ? ਜੀ ਸਾਡਾ ਡਰਾਈਵਰ ਹੈ। ਵਕਫ਼ ਬੋਰਡ ਦੇ ਮੁਲਾਜ਼ਮਾਂ ਮੈਨੂੰ ਕਿਹਾ ਅਸੀਂ ਤੁਹਾਡੇ ਨਾਲ਼ ਬਾਅਦ 'ਚ ਗੱਲ ਕਰਦੇ ਆਂ। ਅਜਾਜ ਦੇ ਜਾਣ ਬਾਅਦ ਉਨ੍ਹਾਂ ਦੱਸਿਆ ਕਿ ਇਹ ਡਰਾਈਵਰ ਲੋਕ ਸਿਗਰਟਨੋਸ਼ੀ ਅਤੇ ਹੋਰ ਈ ਤਰ੍ਹਾਂ ਦੇ ਨਸ਼ੇ ਕਰਦੇ ਹਨ। ਅਸੀਂ ਨਹੀਂ ਚਾਹੁੰਦੇ ਕਿ ਗੁਰੂਘਰ ਦੀ ਬੇਅਦਬੀ ਹੋਵੇ। ਮੈਂ ਕਿਹਾ ਕਿ ਡਰਾਈਵਰ ਦੀ ਚੋਣ ਵੇਲੇ ਸਾਡੀ ਪਹਿਲੀ ਸ਼ਰਤ ਸੀ ਕਿ ਸਾਡੇ ਨਾਲ਼ ਸਫ਼ਰ ਵਿੱਚ ਉਹ ਕਿਸੇ ਕਿਸਮ ਦਾ ਨਸ਼ਾ ਜਾਂ ਸਿਗਰਟ ਨਹੀਂ ਪੀਏਗਾ; ਪਰ ਨਹੀਂ...!

ਅਸੀਂ ਗੁਰੂਘਰ ਵਿੱਚ ਨਤਮਸਤਕ ਹੋਏ। ਇੱਕ ਹੋਰ ਪਰਿਵਾਰ ਅਮੈਰਿਕਾ ਤੋਂ ਸਾਡੇ ਨਾਲ਼ ਹੀ ਦਾਖ਼ਿਲ ਹੋਇਆ। ਕੈਲੀਫੋਰਨੀਆ ਤੋਂ ਸੀ ਉਹ ਪਰਿਵਾਰ। ਹਰ ਗੁਰੂਘਰ ਦੀ ਤਰ੍ਹਾਂ ਸਾਡਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਸੀਂ ਪੰਜਾ ਜਿੱਥੇ ਲੱਗਿਆ ਹੋਇਆ ਹੈ, ਉਹ ਪੱਥਰ ਦੇਖਿਆ। ਥੱਲੇ ਇੱਕ ਸਾਫ਼ ਪਾਣੀ ਦਾ ਚਸ਼ਮਾ ਵਗਦਾ ਹੈ। ਗੋਡੇ-ਗੋਡੇ ਪਾਣੀ ਵਿੱਚ ਤੁਸੀਂ ਥੱਲੇ ਉਤਰ ਕੇ ਪੰਜੇ ਦੇ ਨਿਸ਼ਾਨ ਉਪਰ ਪੰਜਾ ਰੱਖ ਕੇ ਦੇਖਿਆ। ਸਾਨੂੰ ਸੇਵਾਦਾਰ ਨੇ ਦੱਸਿਆ ਕਿ ਇਸ ਪੰਜੇ ਦੇ ਨਿਸ਼ਾਨ ਉਪਰ ਹਰ ਛੋਟਾ ਵੱਡਾ ਪੰਜਾ ਪੂਰਾ ਆ ਜਾਂਦਾ ਹੈ।

ਅਸੀਂ ਸੇਵਾਦਾਰਾਂ ਅਤੇ ਸਰਕਾਰੀ ਅਮਲੇ ਦਾ ਸ਼ੁਕਰੀਆ ਅਦਾ ਕੀਤਾ ਅਤੇ ਵਿਦਾਇਗੀ ਲਈ। ਜਾਣਾ ਤਾਂ ਅਸੀਂ ਪੰਜਾ ਸਾਹਿਬ (ਹਸਨ ਅਬਦਾਲ) ਦੇ ਰੇਲਵੇ ਸਟੇਸ਼ਨ ਚਾਹੁੰਦੇ ਸੀ, ਜਿੱਥੇ ਗੱਡੀ ਰੋਕ ਕੇ ਸਿੰਘਾਂ ਨੂੰ ਪ੍ਰਸ਼ਾਦੇ ਛਕਾਏ ਜਾਣ ਦੀ ਮੰਗ ਨਾ ਮੰਨਣ 'ਤੇ ਸਿੰਘਾਂ ਨੇ ਗੱਡੀ ਅੱਗੇ ਲੇਟ ਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਦੇਖਣਾ ਤਾਂ ਅਸੀਂ ਵਲੀ ਕੰਧਾਰੀ ਦਾ ਡੇਰਾ ਵੀ ਸੀ, ਜੋ ਇੱਕ ਉੱਚੀ ਜਗ੍ਹਾ ਬਣਿਆ ਹੋਇਆ ਸੀ ਪਰ ਸਵੇਰੇ ਮੋਟਰਵੇ ਬੰਦ ਹੋਣ ਕਾਰਨ ਜੀ.ਟੀ. ਰੋਡ ਰਾਹੀਂ ਆਉਣ 'ਤੇ ਸਾਡੇ ਤਿੰਨ ਘੰਟੇ ਖ਼ਰਾਬ ਹੋ ਗਏ ਸਨ। ਅਸੀਂ ਇਹ ਥਾਵਾਂ ਕਿਤੇ ਅਗਲੀ ਵੇਰ ਲਈ ਛੱਡ ਕੇ ਲਾਹੌਰ ਵਾਪਸੀ ਲਈ ਚੱਲ ਪਏ। ਰਾਤੀਂ ਸਾਡੇ ਦਸ ਕੁ ਵਜੇ ਅਸੀਂ ਵਾਇਆ ਮੋਟਰਵੇ (ਜੋ ਹੁਣ ਖੁੱਲ੍ਹ ਚੁੱਕਾ ਸੀ) ਆਪਣੇ ਹੋਟਲ ਪਹੁੰਚ ਗਏ। ਸ਼ਾਹਜੇਬ ਨੂੰ ਡਰਾਈਵਰ ਉਹਦੇ ਘਰ ਛੱਡ ਆਇਆ।

## ਬਚਪਨ ਵਾਲੇ ਦਿਨ...

ਬਚਪਨ ਵਾਲੇ ਦਿਨ ਉਹ ਜਦ
ਅੱਜ ਵੀ ਚੇਤੇ ਆ ਜਾਂਦੇ ਨੇ,
ਉਦਾਸੇ ਚਿਹਰੇ ਉੱਤੇ ਇੱਕ
ਹੋਰ ਹੀ ਰੰਗ ਚੜ੍ਹਾਅ ਜਾਂਦੇ ਨੇ।
ਜਦੋਂ ਗ਼ੈਰ ਵੀ ਆਪਣੇ ਲੱਗਦੇ ਸੀ,
ਸਬਰ ਸੀ ਰੱਬ ਦੇ ਭਾਣੇ ਦਾ...।
ਜਿੱਥੇ ਬਹਿ ਸੀ ਦਾਦੀ ਬਾਤ ਸੁਣਾਂਦੀ,
ਚਾਅ ਹੁੰਦਾ ਸੀ ਨਾਨਕੇ ਜਾਣੇ ਦਾ।

ਮੋਢੇ ਚੜ੍ਹ ਕੇ ਬਾਪੂ ਦੇ
ਮੈਂ ਕਿੰਨੇ ਮੇਲੇ ਵੇਖੇ ਨੇ,
ਲੱਤਾਂ ਫੜ ਸੁਹਾਗੇ 'ਤੇ
ਮਾਣੇ ਵੀ ਝੂਟੇ ਚੇਤੇ ਨੇ।
ਵੱਖਰਾ ਨਜ਼ਾਰਾ ਹੁੰਦਾ ਸੀ
ਸੋਟੀ ਨਾਲ ਟਾਇਰ ਭਜਾਉਣੇ ਦਾ...।
ਜਿੱਥੇ ਬਹਿ ਸੀ ਦਾਦੀ ਬਾਤ ਸੁਣਾਂਦੀ,
ਚਾਅ ਹੁੰਦਾ ਸੀ ਨਾਨਕੇ ਜਾਣੇ ਦਾ।

ਗੁੱਲੀ-ਡੰਡਾ, ਲੁਕਣ-ਮੀਚੀ ਵੀ
ਸੰਗ ਹਾਣੀਆਂ ਖੇਡਾਂ ਸੀ,
ਭਾਵੇਂ ਜੇਬੇ ਧੇਲਾ ਨਾ ਹੁੰਦਾ
ਫਿਰ ਵੀ ਕਰਦੇ ਰਹਿੰਦੇ ਝੇਡਾਂ ਸੀ।

ਹੁਣ ਮੁੱਲ ਵੀ ਕਿਤੋਂ ਖਰੀਦ ਨ੍ਹੀਂ ਹੋਣੇ
ਲੰਘੇ ਦਿਨ ਪੁਰਾਣੇ ਤਾਂ...।
ਜਿੱਥੇ ਬਹਿ ਸੀ ਦਾਦੀ ਬਾਤ ਸੁਣਾਂਦੀ,
ਚਾਅ ਹੁੰਦਾ ਸੀ ਨਾਨਕੇ ਜਾਣੇ ਦਾ।

ਬਚਪਨ ਦੇ ਦਿਨ ਕਦੇ ਨਾ ਭੁੱਲਣੇ
ਨਾ ਦਿਲ ਜਵਾਨੀ ਦੇ,
ਫ਼ਿਕਰਾਂ ਦੇ ਵਿੱਚ ਵਸ ਗਏ
ਪਾਤਰ ਬਣ'ਗੇ ਇੱਕ ਕਹਾਣੀ ਦੇ।
ਹੁਣ ਖ਼ੁਆਬਾਂ ਦੇ ਵਿੱਚ ਗੇੜਾ ਸਿਕੰਦਰਾ
ਲੱਗਦਾ ਰਹਿੰਦਾ ਪਿੰਡ ਇਕੋਲਾਹੇ ਦਾ
ਜਿੱਥੇ ਬਹਿ ਸੀ ਦਾਦੀ ਬਾਤ ਸੁਣਾਂਦੀ,
ਚਾਅ ਹੁੰਦਾ ਸੀ ਨਾਨਕੇ ਜਾਣੇ ਦਾ।



*-ਸਿਕੰਦਰ ਸਿੰਘ ਔਜਲਾ*
*ਇਕੋਲਾਹਾ*

**Prepare for Tomorrow Now With Comprehensive Retirement Planning**

- Annuities
- Life Insurance
- Long-Term Care
- Medicare Planning
- Disability Income



**Call Gurpreet Singh**
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

**Futurity First Insurance Group**

---

**Hiring Local & Midwest Drivers and Dedicated Lanes & Owner Operators**



NT corp
4800 Vernon Ave,
Ste. C,
McCook, IL 60525
**Ph: 847-562-5860 ext. 1003**
Fax: 847-897-2660

**Premium Truck & Trailer Tires**
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

**Hampshire Tires**
235 Industrial Dr., Hampshire, IL 60140
**Ph: 847-556-9996**
Email: info@hampshiretires.com www.hampshiretires.com

---

**SAKHI ATTIRE**





*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ



**Rupi Sidhu**
Ph: 630-415-7389
sakhi.attire
rupisidhu30@gmail.com